ਕੈਨੇਡਾ ਦਰਪਣ

ਮਾਰਚ 15, 1985

March 15, 1985

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

ਸਪਤਾਹਿਕ

ਕੈਨੇਡਾ ਦਰਪਣ

Second Class Mail
Reg. No. 5991

(ਆਨ.) ਚੀਫ ਐਡੀਟਰ: ਦਰਸ਼ਨ ਗਿੱਲ

ਕੀਮਤ 30 ਸੈਂਟ Out of Greater Vancouver Price 40¢

THE CANADA DARPAN
Punjabi Weekly Newspaper
Weekending March 15, 1985
Vol. 4 No. 10
Editor-in-chief: (Hon.) Darshan Gill
Mailing Address:
P.O. Box 67344 Stn. 'O', Vancouver, B.C. V5W 3T1
Phone: 321-6360

ਕਰਨਾਟਕ, ਆਂਧਰਾ, ਸਿਕਮ ਵਿਰੋਧੀ ਪਾਰਟੀਆਂ ਹੱਥ

ਅੱਠ ਸੂਬਿਆਂ ਤੇ ਮੁੜ ਕਾਂਗਰਸੀ ਕਬਜ਼ਾ —

ਨਵੀਂ ਦਿੱਲੀ — (ਵਿਸ਼ੇਸ਼ ਪ੍ਰਤੀਨਿਧ) ਭਾਰਤ ਵਿਚ ਗਿਆਰਾਂ ਸੂਬਿਆਂ ਦੀਆਂ ਅਸੈਂਬਲੀ ਚੋਣਾਂ ਦੇ ਨਤੀਜੇ ਮਿਲਣੇ ਆਰੰਭ ਹੋ ਗਏ ਹਨ। ਇਨ੍ਹਾਂ ਨਤੀਜਿਆਂ ਤੋਂ ਮੁੱਖ ਤੌਰ ਤੇ ਇਹ ਪਤਾ ਚਲਦਾ ਹੈ ਕਿ ਕਾਂਗਰਸ (ਆਈ) ਲਗਪਗ ਦੂਜੀਆਂ ਸਾਰੀਆਂ ਪਾਰਟੀਆਂ ਨਾਲੋਂ ਅੱਗੇ ਹੈ। ਮੱਧ ਪ੍ਰਦੇਸ਼ ਵਿਚ ਕਾਂਗਰਸ (ਆਈ) ਨੇ 319 ਸੀਟਾਂ ਵਿਚੋਂ 209 ਸੀਟਾਂ ਉਤੇ ਕਬਜ਼ਾ ਕਰ ਲਿਆ ਹੈ। ਯੂ. ਪੀ. ਅਤੇ ਬਿਹਾਰ ਵਿਚ ਵੀ ਕਾਂਗਰਸ (ਆਈ) ਦੇ ਕਬਜ਼ੇ ਹੇਠਲੀਆਂ ਸਰਕਾਰਾਂ ਮੁੜ ਚੁਣੀਆਂ ਗਈਆਂ ਹਨ।

ਮੱਧ ਪ੍ਰਦੇਸ਼ ਦਾ ਮੁੱਖ ਮੰਤਰੀ ਮੁੜ ਜਿੱਤਿਆ

ਹੁਣ ਤੱਕ ਪੁਜੇ ਨਤੀਜਿਆਂ ਅਨੁਸਾਰ ਮੱਧ ਪ੍ਰਦੇਸ਼ ਦਾ ਕਾਂਗਰਸੀ ਮੁੱਖ ਮੰਤਰੀ ਅਰਜਨ ਸਿੰਘ ਮੁੜ ਚੁਣ ਲਿਆ ਗਿਆ ਹੈ। ਬਾਕੀ ਵੇਰਵਾ ਇਸ ਪ੍ਰਕਾਰ ਹੈ :

ਕੁਲ ਸੀਟਾਂ	320
ਪ੍ਰਾਪਤ ਨਤੀਜੇ	319
ਕਾਂਗਰਸ (ਆਈ)	209
ਭਾਰਤੀ ਜਨਤਾ ਪਾਰਟੀ	58
ਜਨਤਾ ਪਾਰਟੀ	5
ਕਾਂਗਰਸ (ਐਸ)	1
ਅਜ਼ਾਦ	6

ਉਤਰ ਪ੍ਰਦੇਸ਼ ਵਿਚ ਝੁਕਾਅ ਕਾਂਗਰਸੀਆਂ ਵੱਲ

ਉਤਰ ਪ੍ਰਦੇਸ਼ ਦਾ ਮੁੱਖ ਮੰਤਰੀ ਐਨ. ਡੀ. ਤਿਵਾੜੀ ਜੇਤੂ ਕਰਾਰ ਦਿਤਆ ਗਿਆ ਹੈ

ਕੁਲ ਸੀਟਾਂ	425
ਪ੍ਰਾਪਤ ਨਤੀਜੇ	48
ਕਾਂਗਰਸ (ਆਈ)	34
ਭਾਰਤੀ ਜਨਤਾ ਪਾਰਟੀ 3	
ਡੀ. ਐਮ. ਕੇ. ਪੀ.	4
ਜਨਤਾ ਪਾਰਟੀ	1
ਅਜ਼ਾਦ	6

ਬਿਹਾਰ ਵੀ ਕਾਂਗਰਸੀ ਜੱਫੇ ਵਿਚ

ਬਿਹਾਰ ਵਿਚ ਕੁੱਲ 324 ਸੀਟਾਂ ਹਨ ਜਿਥੇ 319 ਉਤੇ ਵੋਟਾਂ ਪਈਆਂ। ਹੁਣ ਤੱਕ ਪ੍ਰਾਪਤ ਨਤੀਜਿਆਂ ਅਨੁਸਾਰ 67 ਹਲਕਿਆਂ ਦੇ ਨਤੀਜੇ ਪ੍ਰਾਪਤ ਹੋਏ ਹਨ ਜਿਨ੍ਹਾਂ ਵਿਚੋਂ ਕਾਂਗਰਸ (ਆਈ) 40, ਝਾਰਖੰਡ ਮੁਕਤੀ ਮੋਰਚਾ 6, ਡੀ. ਐਮ. ਕੇ. ਪੀ. 3, ਜਨਤਾ ਪਾਰਟੀ 9, ਭਾਰਤੀ ਜਨਤਾ ਪਾਰਟੀ 3 ਤੇ ਅਜ਼ਾਦ 2 ਹਨ। ਸੀ. ਪੀ. ਆਈ. ਨੂੰ ਇਕ ਸੀਟ ਮਿਲੀ ਹੈ।

ਆਂਧਰਾ ਪ੍ਰਦੇਸ਼ ਵਿਚ ਰਾਮਾਰਾਓ ਜਿਤੇਗਾ

ਆਂਧਰਾ ਪ੍ਰਦੇਸ਼ ਦੀਆਂ ਕੁੱਲ 294 ਸੀਟਾਂ ਹਨ ਪਰ ਅਜੇ ਤੱਕ 11 ਨਤੀਜੇ ਪ੍ਰਾਪਤ ਹੋਏ ਜਿਨ੍ਹਾਂ ਵਿਚ ਤੈਲਗੂ ਦੇਸ਼ਮ 8 ਅਤੇ ਕਾਂਗਰਸ (ਆਈ) ਨੂੰ ਇਕ ਸੀਟ ਪ੍ਰਾਪਤ ਹੋਈ ਹੈ।

ਹਿਮਾਚਲ ਪ੍ਰਦੇਸ਼ ਵਿਚ ਕਾਂਗਰਸ ਜੇਤੂ ਹੋਵੇਗੀ

ਹਿਮਾਚਲ ਪ੍ਰਦੇਸ਼ ਵਿਚ ਕੁਲ 68 ਸੀਟਾਂ ਹਨ ਪਰ ਅਜੇ ਤੱਕ ਕੇਵਲ 6 ਨਤੀਜੇ ਮਿਲੇ ਹਨ ਅਤੇ ਇਹ ਸਾਰੀਆਂ ਸੀਟਾਂ ਕਾਂਗਰਸ (ਆਈ) ਨੂੰ ਮਿਲੀਆਂ ਹਨ।

ਕਰਨਾਟਕ ਵਿਚ ਜਨਤਾ ਪਾਰਟੀ ਕਾਬਜ਼

ਕਰਨਾਟਕ ਵਿਚ ਜਨਤਾ ਪਾਰਟੀ ਨੂੰ 49 ਸੀਟਾਂ ਪ੍ਰਾਪਤ ਹੋ ਗਈਆਂ ਹਨ ਤੇ ਕਾਂਗਰਸ (ਆਈ) ਨੂੰ 18, ਸੀ. ਪੀ. ਐਮ. ਤੇ ਸੀ. ਪੀ. ਆਈ ਨੂੰ ਇਕ ਇਕ, ਭਾਰਤੀ ਜਨਤਾ ਪਾਰਟੀ ਇਕ, ਅਜ਼ਾਦ ਦੋ ਹਨ। ਹੁਣ ਤੱਕ 224 ਸੀਟਾਂ ਵਿਚੋਂ 71 ਨਤੀਜੇ ਪਹੁੰਚੇ ਹਨ।

ਗੁਜਰਾਤ ਵਿਚ ਕਾਂਗਰਸ ਦਾ ਹੂੰਝਾ

ਗੁਜਰਾਤ ਵਿਚ ਵੀ ਕਾਂਗਰਸੀ ਹੂੰਝਾ ਫਿਰਨ ਦੀਆਂ ਸੰਭਾਵਨਾਵਾਂ ਹਨ ਕਿਉਂਕਿ 15 ਨਤੀਜਿਆਂ ਵਿਚੋਂ 15 ਹੀ ਕਾਂਗਰਸ ਦੇ ਹੱਕ ਵਿਚ ਗਏ ਹਨ।

ਮਹਾਂਰਾਸ਼ਟਰ

ਮਹਾਂਰਾਸ਼ਟਰ ਵਿਚ 34 ਨਤੀਜੇ ਪ੍ਰਾਪਤ ਹੋਏ ਹਨ ਜਿਨ੍ਹਾਂ ਵਿਚ ਕਾਂਗਰਸ (ਆਈ) ਨੂੰ 17, ਕਾਂਗਰਸ (ਐਸ) ਨੂੰ 7, ਜਨਤਾ 2, ਸੀ. ਪੀ. ਐਮ 2, ਬੀ. ਜੇ. ਪੀ. 3, ਬਾਕੀ 3।

ਉੜੀਸਾ

ਉੜੀਸਾ ਵਿਚ ਕੁਲ 147 ਸੀਟਾਂ ਹਨ। ਕੇਵਲ ਪੰਜ ਨਤੀਜੇ ਮਿਲੇ ਹਨ ਜਿਨ੍ਹਾਂ ਵਿਚ ਕਾਂਗਰਸ ਇਕ, ਜਨਤਾ ਦੋ, ਅਜ਼ਾਦ ਇਕ, ਬਾਕੀ ਹੋਰ ਦੋ।

ਪਾਂਡੀਚਰੀ

ਪਾਂਡੀਚਰੀ ਵਿਚ ਗਿਆਰਾਂ ਨਤੀਜੇ ਮਿਲੇ ਹਨ ਜਿਨ੍ਹਾਂ ਵਿਚ ਕਾਂਗਰਸ ਸੱਤ, ਐਨ. ਡੀ. ਐਮ. ਕੇ. ਇਕ, ਡੀ. ਐਮ. ਕੇ. ਤਿੰਨ ਹਨ।

ਰਾਜਿਸਥਾਨ

ਰਾਜਿਸਥਾਨ ਦੀਆਂ ਕੁੱਲ 200 ਸੀਟਾਂ ਹਨ ਜਿਨ੍ਹਾਂ ਵਿਚੋਂ 53 ਹਲਕਿਆਂ ਦੇ ਨਤੀਜੇ ਮਿਲੇ ਹਨ - ਕਾਂਗਰਸ (ਆਈ) 34, ਭਾਰਤੀ ਜਨਤਾ ਪਾਰਟੀ 12, ਜਨਤਾ ਪਾਰਟੀ ਇਕ, ਲੋਕ ਦਲ 5।

(ਬਾਕੀ ਪੰਨਾ 15 ਤੇ)

ਅਕਾਲੀਆਂ ਦਾ ਐਕਸ਼ਨ ਪ੍ਰੋਗਰਾਮ 'ਹੋਲੇ ਮਹੱਲੇ' ਤੇ

ਅੰਮ੍ਰਿਤਸਰ: ਅਕਾਲੀ ਦਲ ਨੇ ਆਪਣੀਆਂ ਮੰਗਾਂ ਮਨਵਾਉਣ ਲਈ ਵੱਡੀ ਪੱਧਰ ਤੇ "ਐਕਸ਼ਨ ਪ੍ਰੋਗਰਾਮ" ਉਲੀਕਣ ਦੀ ਦਿਸ਼ਾ ਵਲ ਯਤਨ ਆਰੰਭ ਕਰ ਦਿਤੇ ਹਨ। ਇਸ ਸਬੰਧ ਵਿਚ ਵੱਖ ਵੱਖ ਲੋਕਾਂ ਵਲੋਂ ਆਪਣੀਆਂ ਤਜਵੀਜ਼ਾਂ ਬਾਰੇ ਪਾਰਟੀ ਦੀ ਅਡਹਾਕ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਸਾਂਝੀ ਮੀਟਿੰਗ ਵਿਚ ਵਿਚਾਰ ਕੀਤਾ ਜਾਏਗਾ।

ਇਹ ਮੀਟਿੰਗ 6 ਤੇ 7 ਨੂੰ ਹੋਲੇ ਮਹੱਲੇ ਦੇ ਮੌਕੇ 'ਤੇ ਆਨੰਦਪੁਰ ਸਾਹਿਬ ਵਿਖੇ ਹੋ ਰਹੀ ਹੈ।

ਪਾਰਟੀ ਸੂਤਰਾਂ ਅਨੁਸਾਰ "ਐਕਸ਼ਨ ਪ੍ਰੋਗਰਾਮ" ਨੂੰ ਅੰਤਮ ਰੂਪ ਦੇਣ ਲਈ ਇਕ ਵੱਡੀ ਮੀਟਿੰਗ ਸੱਦੀ ਜਾਏਗੀ। ਆਸ ਹੈ ਕਿ ਨਵਾਂ ਪ੍ਰੋਗਰਾਮ ਅਪਰੈਲ ਵਿਚ ਵਿਸਾਖੀ 'ਤੇ ਲਾਗੂ ਕੀਤਾ ਜਾਏਗਾ।

ਇਸੇ ਦੌਰਾਨ ਦਲ ਦੀ ਅਡਹਾਕ ਕਮੇਟੀ ਦੇ ਕਨਵੀਨਰ ਸ. ਸੁਰਜਨ ਸਿੰਘ ਠੇਕੇਦਾਰ ਨੇ ਕਿਹਾ ਕਿ ਉਨ੍ਹਾਂ ਨੇ ਬੁਧੀ ਜੀਵੀਆ ਨਾਲ ਵਿਚਾਰ ਵਟਾਂਦਰਾ ਸ਼ੁਰੂ ਕਰ ਦਿਤਾ ਹੈ ਤਾਂ ਜੋ ਸਿੱਖ ਪੰਥ ਨੂੰ ਮੌਜੂਦਾ ਸੰਕਟ ਵਿਚੋਂ ਕੱਢਿਆ ਜਾਏ।

ਪੰਥਕ ਨੇਤਾਵਾਂ, ਸਾਬਕਾ ਤੇ ਮੌਜੂਦਾ ਵਿਧਾਇਕਾਂ ਤੇ ਸੰਸਦ ਮੈਂਬਰਾਂ ਦੀ ਮੀਟਿੰਗ ਦੀ ਪ੍ਰਧਾਨਗੀ ਕਰਨ ਪਿਛੋਂ ਸ. ਸੁਰਜਨ ਸਿੰਘ ਠੇਕੇਦਾਰ ਨੇ ਐਲਾਨ ਕੀਤਾ ਕਿ ਵਿਧਾਇਕਾ ਦਾ ਇਕ ਵਫਦ ਛੇਤੀ ਹੀ ਪੰਜਾਬ ਦੇਰਾਜਪਾਲ ਨੂੰ ਮਿਲੇਗਾ ਅਤੇ ਉਨ੍ਹਾਂ ਨੂੰ ਸਿੱਖਾਂ ਉਤੇ ਖਾਸ ਕਰਕੇ ਨੌਜਵਾਨਾਂ ਅਤੇ ਔਰਤਾਂ ਉਤੇ ਕੀਤੇ ਜਾ ਰਹੇ "ਅਤਿਆਚਾਰਾਂ" ਬਾਰੇ ਯਾਦ ਪੱਤਰ ਦਏਗਾ। ਵਫਦ ਦੀ ਅਗਵਾਈ ਸ਼ਰੋਮਣੀ ਕਮੇਟੀ ਦੇ ਐਕਟਿੰਗ ਪ੍ਰਧਾਨ ਸ. ਪ੍ਰੇਮ ਸਿੰਘ ਲਾਲਪੁਰਾ ਕਰਨਗੇ।

ਦੰਗਿਆਂ ਦੀ ਜਾਂਚ:

ਮੀਟਿੰਗ ਦੌਰਾਨ ਪਾਸ ਕੀਤੇ ਇਕ ਮਤੇ ਵਿਚ ਨਵੰਬਰ ਵਿਚ ਹੋਏ ਦੰਗਿਆਂ ਦੀ ਜਾਂਚ ਨਾ ਕਰਾਉਣ ਦੀ ਨਿਖੇਧੀ ਕੀਤੀ ਗਈ ਅਤੇ ਮਤੇ ਵਿਚ ਕਿਹਾ ਗਿਆ ਹੈ ਕਿ ਦੰਗਿਆਂ ਦੀ ਜਾਂਚ ਕਰਾਉਣ ਦੀ ਮੰਗ ਨਾਮਨਜ਼ੂਰ ਕਰਕੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ "ਦੋਸ਼ੀਆਂ ਨੂੰ ਪਨਾਹੇ" ਦੇ ਰਹੇ ਹਨ ਜੋ "ਜਾਂ ਤਾਂ ਉਨ੍ਹਾਂ ਦੇ ਮੰਤਰੀ ਮੰਡਲ ਵਿਚ ਹਨ ਅਤੇ ਜਾਂ ਕਾਂਗਰਸ (ਆਈ) ਪਾਰਟੀ ਵਿਚ ਹਨ।"

(ਬਾਕੀ ਪੰਨਾ 15 ਤੇ)

ਕੈਨੇਡਾ ਦਰਪਣ

ਖਾਮੋਸ਼ ਸਿਖ ਬਹੁਗਿਣਤੀ ਦਾ ਮੂੰਹ ਬੰਦ ਕਰਨ ਦਾ ਯਤਨ ?

(ਵੈਨਕੂਵਰ ਦੇ ਅਖਬਾਰਾਂ ਨੇ ਜਿਸ ਢੰਗ ਨਾਲ ਲਿਖਣ ਅਤੇ ਬੋਲਣ ਦੀ ਆਜ਼ਾਦੀ ਉਤੇ ਹਮਲੇ ਨੂੰ ਸਮਝਿਆ ਹੈ — 'ਪ੍ਰੋਵਿੰਨਸ' ਅਖਬਾਰ ਨੇ ਆਪਣੀ ਖਾਸ ਸੰਪਾਦਕੀ ਇਸ ਵਿਸ਼ੇ ਉਤੇ ਲਿਖੀ ਹੈ। ਅਸੀਂ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ — ਸੰਪਾਦਕ)

ਭਾਰਤ ਵਿਚ ਸਿੱਖ ਆਜ਼ਾਦੀ ਦੇ ਕਾਜ਼ ਨੂੰ ਵਧਾਉਣ ਲਈ ਕੈਨੇਡਾ, ਬੀ. ਸੀ. ਜਾਂ ਵੈਨਕੂਵਰ ਕੁਝ ਨਹੀਂ ਕਰ ਸਕਦਾ। ਇਸ ਲਈ ਸ਼ਹਿਰ ਅਜਿਹੇ ਵਤੀਰੇ ਨੂੰ ਵੀ ਸਹਿਨ ਕਰ ਸਕਦਾ ਜਿਸ ਤਰ੍ਹਾਂ ਇਕ ਖੁਲ੍ਹੀ ਮੀਟਿੰਗ ਨੂੰ ਇਸ ਸਪਤਾਹ-ਅੰਤ ਤੇ ਰੋਕਿਆ ਗਿਆ ਹੈ।

ਕੈਨੇਡਾ ਵਿਚ ਇਹ ਖੁਲ੍ਹ ਹੈ ਕਿ ਲੋਕ ਕਿਸੇ ਵੀ ਰਾਜਸੀ ਤਬਦੀਲੀ ਲਈ ਚੋਣ ਕਰ ਸਕਣ, ਇਥੋਂ ਤੱਕ ਬੇਸ਼ੱਕ ਵਿਦੇਸ਼ਾਂ ਵਿਚਲੀ ਤਬਦੀਲੀ ਵੀ ਕਿਉਂ ਨਾ ਹੋਵੇ, ਇਸ ਸਮਾਜ ਦੀ ਇਹ ਸਭ ਤੋਂ ਵੱਡੀ ਦੇਣ ਹੈ।

ਸ਼ਾਂਤੀ ਨਾਲ ਮੁਜ਼ਾਹਰਾ ਕਰਨ ਦਾ ਵੀ ਉਨ੍ਹਾਂ ਦਾ ਹੱਕ ਹੈ ਪਰ ਇਹ ਆਜ਼ਾਦੀ ਦੂਜਿਆਂ ਦੇ ਹੱਕਾਂ ਉਤੇ ਛਾਪਾ ਮਾਰਨ ਦੀ ਆਜ਼ਾਦੀ ਦੀ ਇਜ਼ਾਜ਼ਤ ਨਹੀਂ ਦਿੰਦੀ।

ਜੇ ਇਹ ਮੀਟਿੰਗ ਜੋ ਵੀਕਇੰਡ ਤੇ ਵੈਨਕੂਵਰ ਹੋ ਰਹੀ ਸੀ ਇਹ ਸਾਬਤ ਕਰਨ ਲਈ ਸੀ ਕਿ ਸਿੱਖਾਂ ਦੀ ਚੁਪਚਾਪ ਬਹੁਗਿਣਤੀ ਸਿੱਖਾਂ ਦੀ ਆਜ਼ਾਦੀ ਦੇ ਉਲਟ ਨਹੀਂ ਤਾਂ ਧੱਕੇ ਨਾਲ ਇਹ ਖੁਲ੍ਹੀ ਮੀਟਿੰਗ ਬੰਦ ਕਰਾਉਣ ਦਾ ਸਬੂਤ ਦੇਣ ਦੀ ਕੀ ਲੋੜ ਸੀ।

ਜੇ ਮੀਟਿੰਗ ਵਿਚ ਸ਼ਾਮਲ ਹੋਣ ਵਾਲਿਆ ਨੂੰ ਖਤਰਾ ਹੋਣ ਕਾਰਨ ਮੀਟਿੰਗ ਬੰਦ ਕਰਨੀ ਪਵੇ, ਜਿਵੇਂ ਪੁਰਾਣੇ ਰੈਡੀਕਲ ਐਲਡਰਮੈਨ ਹੈਰੀ ਰਿੰਕਨ ਨੇ ਕਿਹਾ ਹੈ, ਤਾਂ ਸਿੱਖ ਆਜ਼ਾਦੀ ਦਾ ਕਾਜ਼ ਇਕ ਇੰਚ ਵੀ ਅੱਗੇ ਨਹੀਂ ਵਧੇਗਾ। ਨਾ ਕੈਨੇਡਾ ਵਿਚ ਤੇ ਨਾ ਵੈਨਕੂਵਰ ਵਿਚ।

ਬਿਨਾਂ ਸ਼ੱਕ, ਵੱਖਵਾਦੀ ਸਿੱਖਾਂ ਨੂੰ ਹਰ ਹੱਕ ਹਾਸਿਲ ਸੀ ਕਿ ਉਹ ਮੀਟਿੰਗ ਵਿਚ ਸ਼ਾਮਲ ਹੁੰਦੇ। ਜੇ ਉਨ੍ਹਾਂ ਉਤੇ ਹਿੰਸਾ ਦਾ ਕੋਈ ਦੋਸ਼ ਲਗਾਉਂਦਾ ਹੈ ਤਾਂ ਉਨ੍ਹਾਂ ਨੂੰ ਹਰ ਹੱਕ ਹਾਸਲ ਹੈ ਕਿ ਉਹ ਜਵਾਬ ਦੇਣ। ਉਨ੍ਹਾਂ ਨੂੰ ਬੋਲਣ ਦਾ ਵੀ ਉਨ੍ਹਾਂ ਹੀ ਹੱਕ ਹੈ, ਜਿਨ੍ਹਾਂ ਉਨ੍ਹਾਂ ਸਿੱਖਾਂ ਨੂੰ ਹੈ ਜੋ ਸਮਝਦੇ ਹਨ ਕਿ ਖਲਲ ਪਾਉਣ ਵਾਲਿਆਂ ਕਾਰਨ ਕਮਿਊਨਿਟੀ ਦਾ ਨਾਂ ਬਦਨਾਮ ਹੁੰਦਾ ਹੈ।

ਪਰ ਸਿੱਖਾਂ ਨੂੰ ਇਹ ਹੱਕ ਹਾਸਲ ਨਹੀਂ ਕਿ ਉਹ ਆਪਣੇ ਵਿਰੋਧਾਂ ਨੂੰ ਸਮੁੱਚੀ ਕਮਿਊਨਿਟੀ ਉਤੇ ਠੋਸਣ ਦਾ ਯਤਨ ਕਰਨ। ਇਹ ਹੋਰ ਵੀ ਝੁੰਝਲਾਹਟ ਪੈਦਾ ਕਰਨ ਵਾਲੀ ਗੱਲ ਹੈ ਕਿ ਉਹ ਸਿੱਖ, ਜਿਨ੍ਹਾਂ ਨੇ ਵੈਨਕੂਵਰ ਨੂੰ ਆਪਣਾ ਘਰ ਬਣਾ ਲਿਆ ਹੈ, ਉਹ ਏਸ ਗੱਲ ਦੀ ਆਸ ਕਰਦੇ ਹੋਣ ਕਿ ਏਥੇ ਕੀਤੇ ਮੁਜ਼ਾਹਰੇ ਭਾਰਤ ਵਿਚ ਆਜ਼ਾਦੀ ਲਿਆਉਣ ਵਿਚ ਮੱਦਦ ਕਰਨਗੇ।

ਵੈਨਕੂਵਰ ਵਿਚ ਸਿੱਖਾਂ ਨੂੰ ਆਪਣੇ ਵਿਰੋਧ ਆਪ ਨਜਿੱਠਣੇ ਚਾਹੀਦੇ ਹਨ ਜੇ ਉਹ ਜਮਹੂਰੀ ਢੰਗ ਨਾਲ, ਸਾਡੀ ਸੁਸਾਇਟੀ ਦੀਆਂ ਦਿਤੀਆ ਆਜ਼ਾਦੀਆਂ ਅਨੁਸਾਰ, ਨਜਿੱਠ ਲੈਣ ਤਾਂ ਉਨ੍ਹਾਂ ਨੂੰ ਨਜਿੱਠ ਲੈਣੇ ਚਾਹੀਦੇ ਹਨ।

ਪਰ ਜੇ ਇਹ ਸੰਭਵ ਨਾ ਹੋਇਆ, ਹੁਣ ਤੱਕ ਅਧਿਕਾਰੀਆਂ ਨੇ ਬਹੁਤ ਸਬਰ ਦਾ ਸਬੂਤ ਦਿਤਾ ਹੈ — ਇਹ ਸਬਰ ਪਤਲਾ ਪੈਣ ਨਾਲ ਖਰੂਦੀਆਂ ਵਿਰੁਧ ਐਕਸ਼ਨ ਲਿਆ ਜਾਵੇ।

('ਪ੍ਰੋਵਿੰਨਸ' ਅਖਬਾਰ ਵਿਚੋਂ ਧੰਨਵਾਦ ਸਹਿਤ)

ਨਸਲਵਾਦ ਹੈ ਕੀ ਬਲਾ?

ਚਰਨਪਾਲ ਗਿੱਲ
ਪਰਧਾਨ ਬੀ. ਸੀ. ਸੰਘਰਸ਼ ਸੰਮਤੀ

ਆਮ ਲੋਕ ਜੋ ਕਿ ਸਮਾਜਕ ਤੇ ਆਰਥਕ ਤੌਰ ਤੇ ਤਕੜੇ ਹਨ ਉਹ ਇਹ ਕਹਿੰਦੇ ਸੁਣੇ ਗਏ ਹਨ ਕਿ ਨਸਲਵਾਦ ਬਿਲਕੁਲ ਨਹੀਂ ਹੈ ਪਰ ਕਈ ਲੋਕ ਐਵੇਂ ਹੀ ਹਾਲ ਦੁਹਾਈ ਮਚਾਈ ਜਾ ਰਹੇ ਹਨ। ਇਨ੍ਹਾਂ ਲੋਕਾਂ ਦੀ ਨਜ਼ਰ ਅੰਦਾਜ਼ ਆਪਦੀ ਖੁਦਗਰਜ਼ੀ ਤੱਕ ਹੀ ਸੀਮਤ ਹੈ ਅਤੇ ਸਮੁੱਚੀ ਕਮਿਊਨਿਟੀ ਦਾ ਉਨ੍ਹਾਂ ਨੂੰ ਖਿਆਲ ਹੀ ਨਹੀਂ। ਨਸਲੀ ਗੋਰੇ ਸਾਡੇ ਥੁੱਕਣ, ਗਾਲ ਕੱਢਣ, ਸ਼ੀਸ਼ੇ ਤੋੜਨ ਜਾਂ ਕੁਟਣ ਤਾਂ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਸਿਰਫ ਇਹੀ ਹੀ ਨਸਲਵਾਦ ਦੀਆਂ ਨਿਸ਼ਾਨੀਆਂ ਹਨ। ਸਭ ਤੋਂ ਘਾਤਕ ਤੇ ਮਾਰੂ ਕਿਸੇ ਭੀ ਸਰਕਾਰ ਦੀਆਂ ਪਾਲਿਸੀਆਂ ਹੁੰਦੀਆਂ ਹਨ - ਇਥੇ ਵੇਖੋ ਇਨਾਂ ਪਾਲਿਸੀਆਂ ਨੇ ਆਦਿਵਾਸੀਆਂ ਨੂੰ ਕਿਵੇਂ ਥੱਲੇ ਲਾਹਿਆ — ਸ਼ਰਾਬੀ ਤੇ ਕਬਾਬੀ ਬਣਾ ਦਿਤਾ ਹੈ। ਇੰਗਲੈਂਡ ਵਿਚ ਆਇਰਸ਼ ਲੋਕਾਂ ਨੂੰ ਪਾਡੀ(ਗੰਦੇ) ਕਹਿੰਦੇ ਹਨ। ਇਸੇ ਤਰ੍ਹਾਂ ਹੀ ਗੁਲਾਮ ਤੇ ਦੱਬੇ ਕੁਚਲੇ ਲੋਕਾਂ ਦਾ ਹਾਲ ਹੁੰਦਾ ਹੈ। ਜਿਥੇ ਭੀ ਸਰਕਾਰ ਦਾ ਦਬਾਓ ਜ਼ਿਆਦਾ ਹੋਵੇ ਉਥੇ ਲੋਕ ਅੱਕ ਕੇ ਫੀਮ ਸ਼ਰਾਬ ਤੇ ਹੋਰ ਨਸ਼ਿਆਂ ਦਾ ਆਧਾਰ ਲੈਂਦੇ ਹਨ। ਪੰਜਾਬ ਦੀ ਸਥਿਤੀ ਭੀ ਇਸੇ ਨਸਲਵਾਦ ਦਾ ਸੰਕਲਪ ਹੈ। ਗਲਤ ਪਾਲਿਸੀਆਂ ਵੇਖ ਕੇ ਲੋਕ ਗੁੱਸੇ ਵਿਚ ਆਉਂਦੇ ਹਨ। ਪਹਿਲਾਂ ਪ੍ਰਤੀਕਰਮ ਲੜਾਈ। ਜੇ ਲੜਾਈ ਵਿਚ ਹਾਰ ਹੋ ਜਾਵੇ ਤਾਂ ਉਦਾਸੀਨਤਾ ਤੇ ਨਿਰਾਸ਼ਾਵਾਦ। ਫੀਮ, ਸ਼ਰਾਬ ਤੇ ਹੋਰ ਨਸ਼ਿਆਂ ਦਾ ਆਸਰਾ ਲੈਣਾਂ।

ਨਸਲਵਾਦ ਉਹ ਹੀ ਕਰ ਸਕਦਾ ਹੈ ਜਿਸਦੇ ਹੱਥ ਵਿਚ ਤਾਕਤ ਹੋਵੇ। ਤਾਕਤ ਇਨਸਾਨਾ ਨੂੰ ਭਰਿਸ਼ਟਾਚਾਰੀ ਬਣਾ ਦਿੰਦੀ ਹੈ। ਇਸ ਦਾ ਨਸ਼ਾ ਅੰਨਾ ਕਰ ਦੇਂਦਾ ਹੈ। ਗਰੀਬ ਆਦਮੀ ਭਾਵੇਂ ਅਮੀਰ ਨੂੰ ਚੰਗਾ ਨਾ ਸਮਝੇ ਪਰ ਉਸ ਕੋਲੇ ਤਾਕਤ ਨਹੀਂ ਕਿ ਉਹ ਅਮੀਰ ਨਾਲ ਵਿਤਕਰਾ ਕਰ ਸਕੇ। ਜਿਸ ਗਰੁਪ ਜਾਂ ਇਨਸਾਨ ਪਾਸ ਸਿਆਸੀ, ਸਮਾਜਕ ਤੇ ਆਰਥਕ ਤਾਕਤ ਹੋਵੇ ਉਹ ਧੱਕਾਬਾਜ਼ੀ ਤੇ ਵਿਤਕਰਾ ਦੂਸਰਿਆਂ ਨਾਲ ਕਰ ਸਕਦਾ ਹੈ। ਇਨਸਾਨੀਅਤ ਹਮੇਸ਼ਾਂ ਇਸਦਾ ਵਿਰੋਧ ਕਰਦੀ ਰਹੀ ਹੈ। ਇਤਿਹਾਸ ਵਿਚ ਈਸਾ, ਮੁਹੰਮਦ, ਬੁਧ ਤੇ ਗੁਰੂ ਨਾਨਕ ਵਰਗੀਆਂ ਸਖਸ਼ੀਅਤਾਂ ਨੇ ਹਮੇਸ਼ਾਂ ਹੀ ਗਰੀਬ ਮਸੂਮ, ਬੇਆਸਰੇ ਤੇ ਕਮਜ਼ੋਰ ਲੋਕਾਂ ਦੀ ਹਮਦਰਦੀ ਤੇ ਰਹੁਨਮਾਈ ਕੀਤੀ। ਝੂਠ ਤੇ ਸੱਚ ਦੀ ਲੜਾਈ ਸਦੀਆਂ ਤੋਂ ਹੋ ਰਹੀ ਹੈ। ਕਿਸੇ ਸਮੇਂ ਦਾ ਸੱਚ ਦੂਜੇ ਸਮੇਂ ਵਿਚ ਝੂਠ ਭੀ ਹੋ ਸਕਦਾ ਹੈ। ਯਹੂਦੀਆਂ ਨੇ ਸਮੇਂ ਦੀ ਸਚਾਈ ਦੇ ਰਾਹ ਤੇ ਜਾਂਦਿਆਂ ਈਸਾ ਨੂੰ ਤਸੀਹੇ ਦੇ ਕੇ ਮਾਰਿਆ। ਜਿਸਦਾ ਫਲ ਅੱਜ 2500 ਸਾਲਾਂ ਬਾਅਦ ਭੀ ਯਹੂਦੀ ਕੌਮ ਭੁਗਤ ਰਹੀ ਹੈ। ਅਸਲ ਵਿਚ ਇਹੋ ਕੀਟਾਂ ਅੰਦਰ ਕੀਟ ਕਰ ਵਾਲੀ ਹੀ ਗੱਲ ਹੈ। ਇਸ ਗੱਲ ਨੂੰ ਚੇਤਰੇ ਕਰਦਿਆਂ ਪੰਜਾਬ ਵਿਚ ਭਈਆਂ ਤੇ ਉਹੀ ਕੈਨੇਡਾ ਵਿਚ ਭਈਆਂ ਦੇ ਸਰਦਾਰਾਂ ਦੀ ਤਰਸਯੋਗ ਹਾਲਤ ਮੇਰੇ ਅੱਖਾਂ ਸਾਹਮਣੇ ਆ ਜਾਂਦੀ ਹੈ। ਇਹ ਨਸਲਵਾਦ ਤੇ ਘੱਣ ਚੱਕਰ ਦੀ ਪਰਤੱਖ ਮਿਸਾਲ ਹੈ। ਇਸ ਵਿਚ ਲੁਟ ਘਸੁੱਟ ਤੇ ਲਾਲਚ ਦਾ ਮੋਟਾ ਅੰਸ਼ ਹੈ।

ਇਸ ਗੱਲ ਵਿਚ ਸਚਾਈ ਹੈ ਕਿ ਬਹੁਤ ਹੀ ਲੋਕਾਂ ਵਿਚ ਨਸਲਵਾਦੀ ਅੰਸ਼ ਹੈ। ਇਹ ਜਮਾਂਦਰੂ ਨਹੀਂ ਪਰ ਸਾਡੇ ਸਮਾਜ ਨੇ ਸਾਨੂੰ ਸਿਖਾਇਆ ਹੈ। ਇਸਨੂੰ ਅਸੀਂ ਭੁਲ ਭੀ ਸਕਦੇ ਹਾਂ। ਪਰ ਕਈ ਨਸਲਵਾਦੀ ਜਾਣ ਬੁਝ ਕੇ ਬਣਦੇ ਹਨ ਕਿਉਂਕਿ ਉਨ੍ਹਾਂ ਨੂੰ ਇਸ ਗੱਲ ਵਿਚ ਫਾਇਦਾ ਹੁੰਦਾ ਹੈ। ਉਹ ਬਹੁਤ ਤਾਕਤ ਫੜ ਜਾਂਦੇ ਹਨ ਉਨ੍ਹਾਂ ਨੂੰ ਕੌਣ ਕਹੇ ਮਾਸੀ ਅੱਗਾ ਢਕ। ਹਿਟਲਰ ਦੀ ਮਿਸਾਲ ਸਾਡੇ ਸਾਹਮਣੇ ਹੈ।

ਇਨ੍ਹਾਂ ਨਸਲਵਾਦੀਆਂ ਦੀ ਦੋਸਤ ਸੋਕਰਡ ਸਰਕਾਰ ਹੈ। ਜਿੰਨ੍ਹਾਂ ਨੇ ਜਮਹੂਰੀ, ਮਨੁਖੀ ਤੇ ਕਾਮਿਆਂ ਦੇ ਹੱਕਾਂ ਤੇ ਧਾਵਾ ਬੋਲ ਕੇ ਤਾਕਤਵਰਾਂ ਦਾ ਪੰਜਾ ਮਜ਼ਬੂਤ ਬਣਾਇਆ। ਅਲਬਰਟਾ ਵਿਚ ਇਨ੍ਹਾਂ ਦਾ ਦੋਸਤ ਕੀਗਸਟਰਾ ਹੈ ਜੋ ਕਿ ਸੋਕਰਡ ਪਾਰਟੀ ਦਾ ਮੈਂਬਰ ਹੈ, ਇਸਨੇ ਸੋਕਰਡ ਟਿਕਟ ਤੇ ਅਲਬਰਟਾ ਵਿਚ ਸੀਟ ਭੀ ਲੜੀ। ਕੈਨੇਡਾ ਵਿਚ ਇਸਦਾ ਦੋਸਤ ਡੱਗ ਕਾਲਿਨ ਤੇ ਵਕੀਲ ਡੱਗ ਕਰਿਸਟੀ ਹੈ। ਬੈਨਿਟ ਭੀ ਇਸ ਦਾ ਦੋਸਤ ਹੀ ਹੈ। ਕਿਉਂ ਕਿ ਨਸਲਵਾਦੀ ਸਟੇਟਮੈਂਟਾਂ ਦੇਣ ਦੇ ਬਾਵਜੂਦ ਭੀ ਇਸਨੇ ਕੀਗਸਟਰਾ ਨੂੰ ਪਾਰਟੀ ਵਿਚੋਂ ਮੁਅੱਤਲ ਕਰਾਉਣ ਦੀ ਮੰਗ ਨਹੀਂ ਕੀਤੀ। ਇਨ੍ਹਾਂ ਦਾ ਇਕ ਦੋਸਤ ਜ਼ੁੰਡਲ ਭੀ ਹੈ। ਜਿਸਨੇ ਕਿਤਾਬ ਛਾਪੀ ਕਿ ਜਰਮਨੀ ਵਿਚ ਕਹਿੰਦੇ ਹਨ ਕਿ ਛੇ ਕਰੋੜ ਯਹੂਦੀਆਂ ਦਾ ਆਤਮਘਾਤ ਕੀਤਾ ਗਿਆ ਹੈ ਉਹ ਸਰਾਸਰ ਝੂਠ ਹੈ - ਹਿਟਲਰ ਬਹੁਤ ਹੀ ਨੇਕ ਆਦਮੀ ਸੀ ਉਸਨੇ ਕਿਸੇ ਨੂੰ ਨਜਾਇਜ਼ ਤੰਕ ਨਹੀਂ ਕੀਤਾ ਤੇ ਨਾ ਮਾਰਿਆ ਹੈ। ਹੋਲੋਕਾਸਟ ਨੂੰ ਇਕ ਵੱਡਾ ਗੱਪ ਆਖਿਆ।

ਇਹੋ ਜਿਹੇ ਗਲਤ ਪਰਾਪੇਗੰਡੇ ਦਾ ਸਾਹਮਣਾ ਸਾਨੂੰ ਕਰਨਾ ਪੈਣਾ ਹੈ। ਕੋਈ ਭੀ ਗੱਲ ਗਲਤ ਹੋਵੇ ਉਸਨੂੰ ਨਿੰਦਣਾ ਚਾਹੀਦਾ ਹੈ। ਬਹੁਤ ਸਾਰੇ ਪੰਜਾਬੀ ਮੁੰਡੇ ਸਕੂਲਾਂ ਵਿਚ ਜਾ ਖੜਦੇ ਹਨ। ਸਾਡੀਆਂ ਧੀਆਂ ਭੈਣਾਂ ਨੂੰ ਤੰਗ ਕਰਦੇ ਹਨ। ਇਸ ਗੱਲ ਦੀ ਵਿਰੋਧਤਾ ਕਰਨ ਲਈ ਮੈਂ ਕੋਈ ਗੱਲ ਨਹੀਂ ਸੁਣੀ। ਤੇ ਦੂਸਰੇ ਸਾਡੇ ਗਰੰਥੀਆਂ ਦੀ ਬਾਹਰ ਭੀ ਤੇ ਦੇਸ਼ ਭੀ ਬੇਇਜ਼ਤੀ ਹੋ ਰਹੀ ਹੈ। ਇਥੇ ਅਸੀਂ ਪਹਿਲੋਂ ਬੜਾ ਰੌਲਾ ਪਾਇਆ ਕਿ ਸਾਡੇ ਪੋਪ ਮਾਰੇ ਗਏ। ਅੱਜ ਪੋਪਾਂ ਦੀ ਬੇਇਜ਼ਤੀ ਤੇ ਉਨ੍ਹਾਂ ਤੇ ਠਾਹ ਠਾਹ ਗੋਲੀਆਂ ਬੱਜ ਰਹੀਆਂ ਹਨ ਪਰ ਬੋਲਦਾ ਕੋਈ ਨਹੀਂ ਸੁਣਿਆ। ਸਾਫ ਹੈ ਦੋਸਤ ਤੇ ਦੁਸ਼ਮਣ ਨੂੰ ਪਛਾਨਣ ਵਾਲੀਆਂ ਐਨਕਾਂ ਵਿਚ ਗਲਤ ਸ਼ੀਸ਼ੇ ਹਨ। ਫੁਟ ਨੇ ਕੌਮ ਨੂੰ ਢਾਹ ਲਾਈ ਹੈ ਨਜ਼ਰ ਨਹੀਂ ਆ ਰਹੀ ਜੋ ਇਸਨੂੰ ਸੁਲਝਾਉਣ ਦੇ ਤਰੀਕੇ ਅਪਨਾਏ ਹਨ ਉਹ ਭੀ ਬਹੁਤ ਹੀ ਖਤਰਨਾਕ ਸਾਬਤ ਹੋ ਰਹੇ ਹਨ।

ਨਸਲਵਾਦ ਕੰਮ ਕਿਵੇਂ ਕਰਦਾ ਹੈ ਤੇ ਇਸਦੇ ਨਿਸ਼ਾਨੇ ਕੀ ਹਨ ? ਲੋਕਾਂ ਵਿਚ ਫੁਟ ਪਾਉਣੀ, ਲੁਟ ਖਸੁੱਟ ਤੇ ਖਾਣ ਪੀਣ ਦਾ ਮਸਲਾ ਨੰਬਰ ਇਕ ਰਖਣਾ ਜਿਸਨੂੰ ਥੱਲੇ ਦਬਾ ਕੇ ਰਖਣਾ ਹੋਵੇ ਉਨਾਂ ਲੋਕਾਂ ਨੂੰ ਬਦਨਾਮ ਤੇ ਬੇਇਜ਼ਤ ਕਰਨਾ — ਸਭ ਤੋਂ ਜ਼ਿਆਦਾ ਗੈਰ ਕਾਨੂੰਨੀ ਇੰਮੀਗਰੈਂਟ ਅਮਰੀਕਾ ਤੇ ਬਰਤਾਨੀਆ ਤੋਂ ਹਨ ਪਰ ਨਾਉਂ ਬਦਨਾਮ ਕੀਤਾ ਹੋਇਆ ਹੈ ਚੀਨਿਆਂ ਦਾ ਜਾਂ ਹਿੰਦੋਤਸਨੀਆਂ ਦਾ। ਸਭ ਤੋਂ ਜ਼ਿਆਦਾ ਇਮੀਗਰੈਂਟਾਂ ਨੂੰ ਮਨੁੱਖੀ ਹੱਕਾਂ ਦੇ ਆਧਾਰ ਤੇ ਇਥੇ ਰਹਿਣ ਦੀ ਇਜ਼ਾਜਤ ਮਿਲੀ ਹੈ ਤਾਂ ਉਹ ਬਹੁ ਗਿਣਤੀ ਹਨ ਗੋਰੇ ਮੁਲਕਾਂ ਦੇ ਬਸਿੰਦੇ। ਬਾਕੀ ਆਰਥਕ ਤੌਰ ਤੇ ਕਮਿਊਨਿਟੀ ਨੂੰ ਕਮਜ਼ੋਰ ਕਰਨਾ। ਜਿਵੇਂ ਪੁਲਸ ਡਰਾਈਵਰਾਂ ਨੂੰ ਵਾਧੂ ਹੀ ਟਿਕਟ ਦੇਈ ਜਾਣੇ। ਹਸਪਤਾਲ ਵਿਚ ਤੇ ਸਰਕਾਰੀ ਦਫਤਰਾਂ ਵਿਚ ਤੁਹਾਡੀ ਪੁਛ ਗਿਣ ਨਾ ਹੋਵੇ। ਤਰੱਕੀ ਨਾ ਮਿਲੇ। ਤੁਹਾਨੂੰ ਹਰ ਥਾਂ ਨੌਕਰੀ ਤੋਂ ਜਵਾਬ ਮਿਲਦਾ ਰਹੇ ਭਾਵੇਂ ਤੁਹਾਡੇ ਵਿਚ ਗੁਣ ਜ਼ਿਆਦਾ ਹੋਣ। ਤੁਹਾਡੇ ਪਾਸ ਅਰਥਕ, ਸਮਾਜਕ ਤੇ ਸਿਆਸੀ ਤਾਕਤ ਬਿਲਕੁਲ ਨਾ ਹੋਵੇ। ਘਟੀਆ ਨੌਕਰੀਆਂ ਮਿਲਣ। ਸਤਿਕਾਰ ਕਿੱਤੇ ਭੀ ਨਾ ਹੋਵੇ। ਹਰ ਥਾਂ ਤੁਹਾਡੇ ਫਖਰ ਤੇ ਸੱਟ ਵੱਜਦੀ ਹੋਵੇ। ਨਸਲਵਾਦੀਆਂ ਦੀ ਸਭ ਤੋਂ ਵੱਡੀ ਚਾਲ ਹੁੰਦੀ ਹੈ ਕਿ ਲੋਕਾਂ ਨੂੰ ਇਕੱਠੇ ਨਾ ਹੋਣ ਦਿਤਾ ਜਾਵੇ। ਲੋਕਾਂ ਦੀ ਤਾਕਤ ਕਮਜ਼ੋਰ ਰੱਖਣੀ। ਲੋਕਾਂ ਨੂੰ ਅੱਡੋ ਪਾੜ ਰੱਖਣ ਵਿਚ ਸਰਕਾਰਾਂ ਦੇ ਢੰਗ ਬੜੇ ਸੁਚੱਜੇ ਹੁੰਦੇ ਹਨ ਜਿਸਦਾ ਆਮ ਲੋਕਾਂ ਨੂੰ ਸਮਝਣਾ ਬੜਾ ਔਖਾ ਹੈ ਕਿਉਂਕਿ ਇਨ੍ਹਾਂ ਦੇ ਏਜੰਟ ਬੜੇ ਭੁਲੇਖਾ ਪਾਊ ਤੇ ਸ਼ੈਤਾਨ ਹੁੰਦੇ ਹਨ। ਜੇ ਥੋੜੀਆਂ ਜਿਹੀਆਂ ਉਤਲੀਆਂ ਮਿਸਾਲਾਂ ਤੁਹਾਨੂੰ ਪਰਤੱਖ ਹਨ ਤਾਂ ਇਹ ਸਮਝੋ ਕਿ ਤੁਹਾਨੂੰ ਨਸ਼ਲਵਾਦ ਦੇ ਚਿੰਨ ਵਿਖਾਈ ਦੇ ਰਹੇ ਹਨ। ਪਰ ਇਸਨੂੰ ਗਹਿਰਾਈ ਨਾਲ ਸਮਝਣ ਦੀ ਕੀ ਡਾਢੀ ਲੋੜ ਹੈ।

ਵਿਲੀਅਮਜ਼ ਲੇਕ ਵਿਚ ਤਣਾਓ ਦੀ ਅਵਸਥਾ

ਵਿਲੀਅਮਜ਼ ਲੇਕ: ਵਿਲੀਅਮਜ਼ ਲੇਕ ਵਿਚ ਗੁਰੂ ਘਰ ਦੀਆਂ ਚੋਣਾਂ ਹੋਣ ਤੋਂ ਬਾਅਦ ਵੀ ਬਰਾਬਰ ਦਾ ਤਣਾਅ ਬਣਾਈ ਰੱਖਣ ਦੇ ਯਤਨ ਅਜੇ ਵੀ ਜਾਰੀ ਹਨ। ਆਮ ਲੋਕਾਂ ਦਾ ਵਿਚਾਰ ਹੈ ਕਿ ਪਹਿਲੀ ਗੱਲ ਤਾ ਗੁਰੂ ਘਰਾਂ ਵਿਚ ਫੈਸਲੇ ਸਰਬਸੰਮਤੀ ਨਾਲ ਹੋਣੇ ਜ਼ਰੂਰੀ ਹਨ ਕਿਉਂਕਿ ਗੁਰੂ ਘਰ ਸਿਆਸੀ ਮੰਚ ਨਹੀਂ ਹਨ ਜਿਥੇ ਚੋਣਾਂ ਕਰਾਉਣੀਆਂ ਜ਼ਰੂਰੀ ਹਨ ਪਰ ਜਦੋਂ ਸਮੁੱਚੀ ਸੰਗਤ ਚੋਣਾਂ ਕਰਵਾਉਣ ਲਈ ਰਜ਼ਾਮੰਦ ਹੋਵੇ ਤਾਂ ਬਹੁਗਿਣਤੀ ਦੇ ਕੀਤੇ ਫੈਸਲੇ ਨੂੰ ਮੰਨਣਾ ਲਾਜ਼ਮੀ ਹੈ। ਪਰ ਕਈ ਘੜੰਮ ਚੌਧਰੀ ਆਪਣੀ ਚੌਧਰ ਨੂੰ ਕਾਇਮ ਰੱਖਣ ਲਈ ਕਈ ਤਰ੍ਹਾਂ ਦੇ ਪਾਪੜ ਵੇਲਦੇ ਹਨ ਕਿਉਂਕਿ ਉਨ੍ਹਾਂ ਨੂੰ ਮਹਿਸੂਸ ਹੋਣ ਲੱਗ ਪੈਂਦਾ ਹੈ ਕਿ ਉਨ੍ਹਾਂ ਦੀ ਚੌਧਰ ਨੂੰ ਖਤਰਾ ਹੈ। ਇਹੀ ਹਾਲ ਵਿਲੀਅਮਜ਼ ਲੇਕ ਵਿਚ ਹੈ।

ਟੈਲੀਵੀਜ਼ਨ ਉਤੇ 'ਸਿੰਘਾਂ' ਤੇ 'ਰੋਡੇ ਵੀਰਾਂ' ਵਿਚ ਫਰਕ ਦੱਸਣ ਦੇ ਯਤਨ ਜਾਰੀ ਹਨ ਜਦ ਕਿ ਕੈਨੇਡਾ ਵਿਚ ਵਸਦੇ ਸਿੱਖਾਂ ਦੀ ਭਾਰੀ ਬਹੁ ਗਿਣਤੀ ਸਹਿਜਧਾਰੀ ਹੈ। ਟੀ. ਵੀ. ਤੇ ਮੁੜ ਮੁੜ ਇਹ ਪਰਚਾਰ 'ਸਾਡੇ ਰੋਡੇ ਵੀਰ' ਆਖ ਕੇ ਕੀਤਾ ਜਾ ਰਿਹਾ ਹੈ ਤਾਕਿ ਕੇਸਾਧਾਰੀ ਅਤੇ ਸਹਿਜਧਾਰੀ ਸਿੱਖਾਂ ਵਿਚਕਾਰ ਪਾੜਾ ਵਧਾਇਆ ਜਾ ਰਿਹਾ ਹੈ ਕਿ ਸਹਿਜਧਾਰੀ ਸਿੱਖਾਂ ਦੀ ਭਾਰੀ ਬਹੁਗਿਣਤੀ ਗੁਰੂ ਘਰਾਂ ਨੂੰ ਉਸਾਰਨ ਤੇ ਚਲਾਉਣ ਵਿਚ ਮਾਇਅਦਾਨ ਦਿੰਦੀ ਹੈ। ਇਹ ਵਿਤਕਰਾ ਕਰਨਾ ਸਿੱਖੀ ਦੇ ਬੁਨਿਆਦੀ ਅਸੂਲ ਦੇ ਉਲਟ ਹੈ।

ਦੂਜੇ ਆਪਣੇ ਪ੍ਰੋਗਰਾਮ ਉਤੇ ਟੀ. ਵੀ. ਉਤੇ ਸਿਆਸੀ ਸਰਕਰਮੀਆ ਦਾ ਪਰਚਾਰ ਕੀਤਾ ਜਾ ਰਿਹਾ ਹੈ ਜਦ ਕਿ ਪਰੋਗਰਾਮ ਧਾਰਮਿਕ ਆਧਾਰ ਉਤੇ ਮਿਲੇ ਹੋਏ ਹਨ। ਆਪਣੇ ਧੜੇ ਨੂੰ ਸਹੀ ਸਾਬਤ ਕਰਨ ਦੇ ਯਤਨ ਹੋ ਰਹੇ ਹਨ ਪਰ ਜੇਕਰ ਦੂਜਾ ਬਹੁਗਿਣਤੀ ਧੜਾ ਉਂਝਾਂ ਦੇ ਜੁਆਬ ਦਿੰਦਾ ਹੈ ਤਾਂ ਉਸਦੇ ਟੀ. ਵੀ. ਪਰੋਗਰਾਮ ਉਤੇ ਹਮਲੇ ਕਰਨ ਦੇ ਯਤਨ ਕੀਤੇ ਜਾਂਦੇ ਹਨ। ਇਹ 'ਡਰਾਉਣ' ਅਤੇ 'ਧਮਕਾਉਣ' ਦੀ ਪ੍ਰਥਾ ਇਕ ਸ਼ਹਿਰ ਤੋਂ ਦੂਜੇ ਸ਼ਹਿਰ ਤੱਕ ਸਫਰ ਕਰਦੀ ਨਜ਼ਰ ਆਉਂਦੀ ਹੈ।

ਆਪਣੇ ਵਿਚਾਰ ਜਦ ਇਹ ਲੋਕ ਪਰਚਾਰਦੇ ਹਨ ਤਾ ਦੂਜਿਆਂ ਨੂੰ ਵੀ ਉਨ੍ਹਾਂ ਹੀ ਹੱਕ ਹੈ ਕਿ ਉਹ ਆਪਣੇ ਵਿਚਾਰ ਲੋਕਾਂ ਤੱਕ ਪਹੁੰਚਾਉਣ। ਪਰ ਇਹ ਹੱਕ ਧੱਕੇਸ਼ਾਹੀ ਨਾਲ ਇਹ ਦੂਜਿਆਂ ਤੋਂ ਖੋਹਣ ਦਾ ਯਤਨ ਕਰ ਰਹੇ ਹਨ।

ਪਿਛਲੇ ਸ਼ਨਿਚਰਵਾਰ ਇਹ ਹੱਕ ਖੋਹਣ ਦਾ ਯਤਨ ਫਿਰ ਕੀਤਾ ਗਿਆ ਪਰ ਪੁਲਸ ਦੀ ਦਖਲ ਅੰਦਾਜ਼ੀ ਕਾਰਨ ਬਚਾਅ ਹੋ ਗਿਆ। ਇਸ ਤਰ੍ਹਾਂ ਦੀਆਂ ਹਰਕਤਾਂ ਕਮਿਊਨਿਟੀ ਦਾ ਨਾਂਅ ਉਚਾ ਨਹੀਂ ਕਰਦੀਆਂ ਸਗੋਂ ਅਜਿਹੇ ਵਿਅਕਤੀ, ਜੋ ਆਪਣੇ ਹੱਕ ਦੀ ਤਾਂ ਦੁਹਾਈ ਦਿੰਦੇ ਹਨ, ਫਾਸ਼ੀ ਕਦਰਾ ਕੀਮਤਾਂ ਦੇ ਸੂਚਕ ਹਨ।

ਜ਼ਿਮੇਂਵਾਰ ਸੱਜਣਾਂ ਦਾ ਫਰਜ਼ ਹੈ ਕਿ ਉਹ ਇਸ ਤਰ੍ਹਾਂ ਦੀਆ ਘਟਨਾਵਾਂ ਰੋਕਣ ਦਾ ਯਤਨ ਕਰਨ ਤੇ ਕਮਿਊਨਿਟੀ ਵਿਚ ਫੁੱਟ ਪਾਉਣ ਦੀ ਥਾਂ ਕਮਿਊਨਿਟੀ ਨੂੰ ਇਕੱਠੇ ਰੱਖਣ।

ਗੱਲ ਦਬਵੀਂ ਜ਼ਬਾਨ ਵਿਚ ਆਖੋ,
ਸ਼ਖਸ ਕੁਝ ਖਾਸ ਖਾਸ ਬੈਠੇ ਨੇ।

ਪੰਜਾਬ ਦਰਪਣ

ਨਜ਼ਰਬੰਦਾਂ ਨੂੰ ਲੱਡਾ ਕੋਠੀ ਜੇਲ੍ਹ ਵਿਚ ਤਸੀਹੇ: ਰਿਪੋਰਟ ਪੇਸ਼

ਪਟਿਆਲਾ: ਪਤਾ ਲਗਾ ਹੈ ਕਿ ਜ਼ਿਲਾ ਸੈਸ਼ਨ ਜੱਜ ਸ੍ਰੀ ਟੀ. ਐਸ. ਚੀਮਾ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਲਿਖਿਆ ਹੈ ਕਿ ਕੌਮੀ ਸੁਰੱਖਿਆ ਐਕਟ ਅਧੀਨ ਗ੍ਰਿਫਤਾਰ ਕੁਝ ਵਿਅਕਤੀਆਂ ਨੂੰ ਸੰਗਰੂਰ ਜ਼ਿਲੇ ਵਿਚ ਲੱਡਾ ਕੋਠੀ (ਜੇਲ੍ਹ) ਵਿਖੇ "ਤਸੀਹੇ" ਦਿਤੇ ਗਏ ਹਨ।

ਪਤਾ ਲੱਗਾ ਹੈ ਕਿ ਹਾਈ ਕੋਰਟ ਦੇ ਜੱਜ ਸ੍ਰੀ ਐਸ. ਐਸ. ਸੋਢੀ ਨੇ ਸ੍ਰੀ ਚੀਮਾਂ ਨੂੰ ਕਿਹਾ ਸੀ ਕਿ ਉਹ ਪਟਿਆਲਾ ਤੇ ਨਾਭਾ ਦੀਆਂ ਸੈਂਟਰਲ ਜੇਲ੍ਹਾਂ ਵਿਚ ਜਾ ਕੇ ਇਨ੍ਹਾਂ ਦੋਸ਼ਾਂ ਬਾਰੇ ਸਚਾਈ ਦਾ ਪਤਾ ਲਾਉਣ। ਸੈਸ਼ਨ ਜੱਜ ਨੇ ਦੌਰਾ ਕਰਨ ਪਿਛੋਂ ਆਪਣੀ ਰਿਪੋਰਟ ਹਾਈਕੋਰਟ ਨੂੰ ਭੇਜ ਦਿਤੀ ਹੈ।

ਕੁਝ ਨਜ਼ਰਬੰਦਾਂ ਨੇ ਇਹ ਮਾਮਲਾ ਸ੍ਰੀ ਸੋਢੀ ਦੇ ਧਿਆਨ ਵਿਚ ਉਸ ਸਮੇਂ ਲਿਆਂਦਾ ਜਦੋਂ ਉਹ ਪਟਿਆਲਾ ਤੇ ਨਾਭਾ ਜੇਲ੍ਹਾਂ ਵਿਚ ਗਏ। ਨਜ਼ਰਬੰਦਾਂ ਨੇ ਦੋਸ਼ ਲਾਇਆ ਕਿ ਨਾਭਾ ਜੇਲ੍ਹ ਵਿਚ ਬੰਦ ਨਜ਼ਰਬੰਦਾਂ ਨੂੰ ਗਰੁਪਾਂ ਦੀ ਸ਼ਕਲ ਵਿਚ ਲੱਡਾ ਕੋਠੀ ਵਿਖੇ ਲਿਜਾਇਆ ਜਾਂਦਾ ਹੈ ਅਤੇ ਉਥੇ "ਸਭ ਕਿਸਮ ਦੇ ਤਸੀਹੇ" ਦਿਤੇ ਜਾਂਦੇ ਹਨ।

ਪਤਾ ਲਗਾ ਹੈ ਕਿ ਸੈਸ਼ਨ ਜੱਜ ਨੇ 23 ਜਨਵਰੀ ਨੂੰ ਨਾਭਾ ਜੇਲ੍ਹ ਦਾ ਦੌਰਾ ਕੀਤਾ ਅਤੇ ਉਥੇ ਬੰਦ ਨਜ਼ਰਬੰਦਾਂ ਵਿਚੋਂ ਛੇ ਨਾਲ ਗਲਬਾਤ ਕੀਤੀ। ਉਨ੍ਹਾਂ ਸਾਰਿਆਂ ਨੇ ਲੱਡਾ ਕੋਠੀ ਵਿਚ ਦਿਤੇ ਜਾ ਰਹੇ ਤਸੀਹਿਆਂ ਬਾਰੇ ਆਪਣੀ ਆਪਣੀ ਕਹਾਣੀ ਸੁਣਾਈ ਜੋ ਮਿਲਦੀ ਜੁਲਦੀ ਸੀ। ਉਥੇ ਅਣਮਨੁਖੀ ਤਸੀਹੇ ਦਿਤੇ ਗਏ। ਇਕ ਨਜ਼ਰਬੰਦ ਨੇ ਢਿੱਡ ਪੀੜ ਦੀ ਸ਼ਿਕਾਇਤ ਕੀਤੀ ਤਾਂ ਉਹ ਬਖਸ਼ ਦਿਤਾ ਗਿਆ ਪਰ ਇਸ ਤੋਂ ਪਹਿਲਾਂ ਸਬੰਧਿਤ ਅਧਿਕਾਰੀਆਂ ਨੇ ਇਹ ਤਸੱਲੀ ਕਰ ਲਈ ਕਿ ਉਹ "ਮਕਰਾ" ਨਹੀਂ।

ਪਤਾ ਲਗਾ ਹੈ ਕਿ ਨਾਭਾ ਜੇਲ੍ਹ ਦੇ ਨਜ਼ਰਬੰਦਾਂ ਨੇ ਸ੍ਰੀ ਚੀਮਾ ਨੂੰ ਦੱਸਿਆ ਕਿ ਉਨ੍ਹਾਂ ਦੇ ਦੋ ਸਾਥੀਆਂ ਨੂੰ ਤਾਂ ਬਹੁਤ ਬੁਰੀ ਤਰ੍ਹਾਂ ਤਸੀਹੇ ਦਿਤੇ ਗਏ। ਇਸ ਲਈ ਉਨ੍ਹਾਂ ਨੂੰ ਲੱਡਾ ਕੋਠੀ ਵਿਚ ਹੀ ਰਖਿਆ ਗਿਆ ਤਾਂ ਜੋ ਉਹ ਰਾਜ਼ੀ ਹੋ ਜਾਣ। ਏਨੇ ਨੂੰ ਜਦੋਂ ਜ਼ਿਲਾ ਜੱਜ ਨੇ ਲੱਡਾ ਕੋਠੀ ਦਾ ਦੌਰਾ ਕੀਤਾ, ਨਜ਼ਰਬੰਦਾਂ ਨੂੰ ਵਾਪਸ ਨਾਭਾ ਜੇਲ੍ਹ ਵਿਚ ਭੇਜ ਦਿਤਾ ਗਿਆ।

ਪੰਜ ਪੰਨਿਆਂ ਦੀ ਆਪਣੀ ਰਿਪੋਰਟ ਵਿਚ, ਪਤਾ ਲਗਾ ਹੈ ਕਿ ਜ਼ਿਲਾ ਜੱਜ ਨੇ ਕਿਹਾ ਹੈ ਕਿ ਲੱਡਾ ਕੋਠੀ ਵਿਖੇ ਨਜ਼ਰਬੰਦਾਂ ਨਾਲ ਮਨੁਖਾਂ ਵਾਲਾ ਸਲੂਕ ਨਹੀਂ ਕੀਤਾ ਜਾਂਦਾ। ਉਨ੍ਹਾਂ ਨੂੰ ਦਿਨ ਰਾਤ ਇਕੱਲੇ 2 ਇਕ ਇਕ ਸੈੱਲ ਵਿਚ ਰੱਖਿਆ ਜਾਂਦਾ ਹੈ। ਸਿਰਫ ਉਦੋਂ ਹੀ ਇਕੱਠਿਆਂ ਕੀਤਾ ਜਾਂਦਾ ਹੈ ਜਦੋਂ ਪੁਛਗਿਛ ਕਰਨੀ ਹੋਵੇ ਅਤੇ ਤਸੀਹੇ ਦੇਣੇ ਹੋਣ। ਉਨ੍ਹਾਂ ਨੂੰ ਕੋਠੜੀਆਂ ਵਿਚ ਹੀ ਰੋਟੀ ਪਾਣੀ ਦਿਤਾ ਜਾਂਦਾ ਹੈ ਅਤੇ ਉਸ ਦੀ ਚਾਰ ਦੀਵਾਰੀ ਵਿਚ ਹੀ ਉਹ ਆਰਾਮ ਕਰਦੇ ਹਨ।

ਐਸ. ਪੀ. ਸ੍ਰੀ ਕਰਨ ਸਿੰਘ ਨੇ, ਜਿਨ੍ਹਾਂ ਨੂੰ ਲੱਡਾ ਕੋਠੀ ਜੇਲ੍ਹ ਦਾ ਸੁਪਰਡੈਂਟ ਨਿਯੁਕਤ ਕੀਤਾ ਗਿਆ ਹੈ, ਸ੍ਰੀ ਚੀਮਾ ਨੂੰ ਦੱਸਿਆ ਕਿ ਲੱਡਾ ਕੋਠੀ ਵਿਚ ਨਜ਼ਰਬੰਦਾਂ ਨੂੰ ਡਾਕਟਰੀ ਸਹਾਇਤਾ ਦੇਣ ਲਈ ਕੋਈ ਡਾਕਟਰ ਨਹੀਂ ਹੈ। ਇਕ ਵਾਰੀ ਉਨ੍ਹਾਂ ਦੇ ਕਹਿਣ ਉਤੇ ਇਕ ਡਾਕਟਰ ਸਿਰਫ ਇਕ ਦਿਨ ਲਈ ਆਇਆ ਪਰ ਉਸ ਕੋਲ ਲੋੜੀਂਦੀਆ ਦਵਾਈਆਂ ਨਹੀਂ ਸਨ।

ਪਤਾ ਲੱਗਾ ਹੈ ਕਿ ਸ੍ਰੀ ਚੀਮਾ ਨੇ ਹਾਈ ਕੋਰਟ ਨੂੰ ਇਹ ਵੀ ਕਿਹਾ ਹੈ ਕਿ ਲੱਡਾ ਕੋਠੀ ਦਾ ਦੌਰਾ ਕਰਨ ਪਿਛੋਂ ਉਨ੍ਹਾਂ ਨੇ ਇਹ ਪ੍ਰਭਾਵ ਗ੍ਰਹਿਣ ਕੀਤਾ ਹੈ ਕਿ ਲੱਡਾ ਕੋਠੀ ਜੇਲ੍ਹ ਵਿਚ ਗਰੁਪਾਂ ਦੀ ਸ਼ਕਲ ਵਿਚ ਲਿਆਉਣ ਪਿਛੇ ਕੋਈ ਤੁਕ ਨਜ਼ਰ ਨਹੀਂ ਆਉਂਦੀ।

ਪਤਾ ਲੱਗਾ ਹੈ ਕਿ ਸ੍ਰੀ ਸੋਢੀ ਨੇ ਸ੍ਰੀ ਚੀਮਾ ਦੀ ਰਿਪੋਰਟ 'ਤੇ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ।

ਨਜ਼ਰਬੰਦਾਂ ਦੁਆਰਾ ਸ੍ਰੀ ਜੀ. ਐਸ. ਗਰੇਵਾਲ ਅਤੇ ਸ੍ਰੀ ਐਚ. ਐਸ. ਨਾਗਰਾ ਰਾਹੀਂ ਜੋ ਰਿਟ ਪਟੀਸ਼ਨ ਦਾਇਰ ਕੀਤੀ ਗਈ ਹੈ ਉਸ ਦੀ ਸੁਣਵਾਈ ਤੇ ਸ੍ਰੀ ਚੀਮਾ ਦੀ ਰਿਪੋਰਟ ਸੁਣਵਾਈ ਲਈ ਪਹਿਲੀ ਮਾਰਚ ਨੂੰ ਸ੍ਰੀ ਸੋਢੀ ਦੀ ਅਦਾਲਤ ਵਿਚ ਪੇਸ਼ ਹੋਣਗੀਆਂ।

ਤਮਗੇ ਮੋੜਨ ਵਾਲੇ ਸਿੱਖਾਂ ਦਾ ਸਨਮਾਨ

ਅੰਮ੍ਰਿਤਸਰ — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟਿੰਗ ਪ੍ਰਧਾਨ ਸ੍ਰੀ ਪ੍ਰੇਮ ਸਿੰਘ ਲਾਲਪੁਰਾ ਨੇ ਐਲਾਨ ਕੀਤਾ ਹੈ ਕਿ ਪੰਜਾਬ ਵਿਚ "ਫੌਜੀ ਕਾਰਵਾਈ" ਪਿਛੋਂ ਜਿੰਨ੍ਹਾਂ ਸਿੱਖਾਂ ਨੇ ਰੋਸ ਵਜੋਂ ਆਪਣੇ ਤਮਗੇ ਵਾਪਸ ਕੀਤੇ ਸਨ, ਉਨ੍ਹਾਂ ਦਾ ਵਿਸਾਖੀ ਦੇ ਮੌਕੇ ਉਤੇ 13 ਅਪਰੈਲ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਨਮਾਨਤ ਕੀਤਾ ਜਾਏਗਾ। ਸ੍ਰੀ ਲਾਲਪੁਰਾ ਨੇ ਕਿਹਾ ਕਿ ਇਨ੍ਹਾਂ ਸਿੱਖਾਂ ਨੇ ਸਿੱਖੀ ਰਵਾਇਤਾਂ ਦੀ ਸ਼ਾਨ ਨੂੰ ਕਾਇਮ ਰੱਖਿਆ।

ਰਾਜੀਵ ਭੰਡੀ — ਪ੍ਰਚਾਰ ਬੰਦ ਕਰੇ — ਠੇਕੇਦਾਰ

ਲੁਧਿਆਣਾ: ਅਕਾਲੀ ਦਲ ਦੀ ਐਡਹਾਕ ਕਮੇਟੀ ਦੇ ਕਨਵੀਨਰ ਸੁਰਜਨ ਸਿੰਘ ਠੇਕੇਦਾਰ ਨੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਆਖਿਆ ਹੈ ਕਿ ਉਹ ਸਿੱਖ-ਵਿਰੋਧੀ ਭੰਡੀ—ਪ੍ਰਚਾਰ ਨੂੰ ਬੰਦ ਕਰਨ ਕਿਉਂਕਿ ਦੇਸ਼ 'ਚ ਇਸ ਦੇ ਗੰਭੀਰ ਸਿੱਟੇ ਨਿਕਲ ਸਕਦੇ ਹਨ।

ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ 'ਤੇ ਦੋਸ਼ ਲਾਇਆ ਕਿ ਉਹ ਲੋਕਾਂ ਨੂੰ ਸਿੱਖਾਂ ਵਿਰੁਧ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦਾ ਅਤਿਵਾਦੀਆਂ ਨਾਲ ਕੋਈ ਸੰਬੰਧ ਨਹੀਂ ਤੇ ਨਾ ਹੀ ਦਲ ਦਹਿਸ਼ਤਪਸੰਦੀ ਦੀ ਹਦਾਇਤ ਕਰ ਰਿਹਾ ਹੈ। ਉਨ੍ਹਾਂ ਆਖਿਆ ਕਿ ਸਿੱਖਾਂ ਵਿਰੁਧ ਦਹਿਸ਼ਤਪਸੰਦੀ ਤਾ ਸਰਕਾਰ ਕਰ ਰਹੀ ਹੈ। ਸਵਰਗਵਾਸੀ ਸ੍ਰੀਮਤੀ ਇੰਦਰਾ ਗਾਂਧੀ ਨੇ ਹਰਿਮੰਦਰ ਸਾਹਿਬ 'ਤੇ ਹਮਲਾ ਕਰਕੇ ਅਤੇ ਅਕਾਲ ਤਖਤ ਨੂੰ ਢਾਹ ਕੇ ਪਹਿਲੀ ਅਜਿਹੀ ਕਾਰਵਾਈ ਕੀਤੀ।

ਸ੍ਰੀ ਸੁਰਜਨ ਸਿੰਘ ਨੇ ਆਖਿਆ ਕਿ 31 ਅਕਤੂਬਰ ਤੋਂ 6 ਨਵੰਬਰ ਤਕ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਦੇਸ਼ ਦੇ ਵਖ ਵਖ ਭਾਗਾਂ 'ਚ ਸਿੱਖਾਂ ਵਿਰੁਧ ਹੋਏ ਹਮਲੇ ਦੀ ਅਗਵਾਈ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਯੋਜਨਾਬੱਧ ਸਾਜ਼ਸ਼ ਅਧੀਨ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਹੈ।

ਉਨ੍ਹਾਂ ਮੰਗ ਕੀਤੀ ਕਿ ਦਿੱਲੀ ਤੇ ਦੇਸ਼ ਦੇ ਦੂਜੇ ਭਾਗਾਂ 'ਚ ਹੋਏ ਦੰਗਿਆਂ ਦੀ ਅਦਾਲਤੀ ਜਾਂਚ ਕਰਵਾਈ ਜਾਏ। ਉਨ੍ਹਾਂ ਕਿਹਾ ਕਿ ਦੰਗਿਆ ਤੋਂ ਪਹਿਲਾਂ ਪੰਜਾਬ ਦੀਆਂ ਘਟਨਾਵਾ ਬਾਰੇ ਵੀ ਅਦਾਲਤੀ ਜਾਂਚ ਕਰਵਾ ਲਈ ਜਾਵੇ ਤਾਂ ਕਿ ਸੱਚ ਸਾਹਮਣੇ ਆ ਸਕੇ।

ਉਨ੍ਹਾਂ ਸਿੱਖਾਂ ਨੂੰ ਵੱਖਵਾਦੀ ਕਹੇ ਜਾਣ ਨੂੰ ਝੁਠਲਾਇਆ ਤੇ ਕਿਹਾ ਕਿ ਦਲ ਮੰਗ ਕਰ ਰਿਹਾ ਹੈ ਕਿ ਦੇਸ਼ ਵਿਚ ਫੈਡਰਲ ਪ੍ਰਣਾਲੀ ਦੀ ਸਰਕਾਰ ਦੀ ਸਥਾਪਨਾ ਹੋਵੇ ਤੇ ਇਹੋ ਕੁਝ ਅਨੰਦਪੁਰ ਸਾਹਿਬ ਦੇ ਮਤੇ ਰਾਹੀਂ ਮੰਗ ਕੀਤੀ ਗਈ ਹੈ।

ਸ੍ਰੀ ਠੇਕੇਦਾਰ ਨੇ ਆਖਿਆ ਕਿ ਅਕਾਲੀ ਦਲ ਦੀਆਂ ਸਾਰੀਆਂ ਮੰਗਾਂ ਸੰਵਿਧਾਨਕ ਹੱਦਾਂ ਅੰਦਰ ਹਨ।

ਉਨ੍ਹਾਂ ਕਿਹਾ ਕਿ ਸਿੱਖ ਵੱਡੇ ਦੇਸ਼ ਭਗਤ ਹਨ ਅਤੇ ਇਨ੍ਹਾਂ ਦੇਸ਼ ਦੀ ਰੱਖਿਆ ਖਾਤਰ ਬਹੁਤ ਕੁਰਬਾਨੀਆਂ ਕੀਤੀਆਂ ਹਨ।

ਸ੍ਰੀ ਠੇਕੇਦਾਰ ਨੇ ਸਾਰੀਆਂ ਸਿਆਸੀ ਪਾਰਟੀਆਂ ਅਤੇ ਧਾਰਮਿਕ ਆਗੂਆਂ ਨੂੰ ਕਿਹਾ ਹੈ ਕਿ ਉਹ ਪ੍ਰਧਾਨ ਮੰਤਰੀ ਨੂੰ ਸਿੱਖ-ਵਿਰੋਧੀ ਪ੍ਰਚਾਰ ਕਰਨ ਤੋਂ ਰੋਕਣ ਲਈ ਦਬਾਅ ਪਾਉਣ ਕਿਉਂਕਿ ਇਸ ਪ੍ਰਚਾਰ ਨਾਲ ਦੇਸ਼ ਦਾ ਬਹੁਤ ਨੁਕਸਾਨ ਹੋ ਸਕਦਾ ਹੈ।

ਬੀ. ਐਸ. ਐਫ. ਨੂੰ ਮੌਕੇ 'ਤੇ ਗੋਲੀ ਮਾਰਨ ਦਾ ਅਧਿਕਾਰ

ਚੰਡੀਗੜ੍ਹ: ਸਰਹੱਦੀ ਸੁਰੱਖਿਆ ਪੁਲੀਸ ਨੂੰ ਅਧਿਕਾਰ ਦਿੱਤਾ ਗਿਆ ਹੈ ਕਿ ਪਾਕਿਸਤਾਨ ਨਾਲ ਲਗਦੀ ਸਰਹੱਦ ਦੇ ਨਾਲ ਡੇਢ ਸੌ ਮੀਟਰ ਤਕ ਜੇਕਰ ਕੋਈ ਸ਼ੱਕੀ ਵਿਅਕਤੀ ਵੰਗਾਰੇ ਜਾਣ 'ਤੇ ਆਪਣੇ ਆਪ ਨੂੰ ਪੁਲੀਸ ਦੇ ਸਮਰਪਨ ਨਾ ਕਰੇ ਤਾਂ ਉਸ ਨੂੰ 'ਮੌਕੇ' ਤੇ 'ਗੋਲੀ' ਮਾਰ ਦਿਤੀ ਜਾਵੇ। ਇਹ ਹੁਕਮ ਦਹਿਸ਼ਤਪਸੰਦਾਂ ਅਤੇ ਸਮਗਲਰਾਂ ਦੀ ਪਾਕਿਸਤਾਨ ਵਲ ਆਵਾਜਾਈ ਨੂੰ ਕਰੜਾਈ ਨਾਲ ਰੋਕਣ ਲਈ ਦਿਤਾ ਗਿਆ ਹੈ।

ਸਰਕਾਰੀ ਬੁਲਾਰੇ ਅਨੁਸਾਰ ਜਲੰਧਰ ਤੇ ਫਗਵਾੜਾ ਨੇੜੇ ਸਕੂਲਾਂ ਅੱਗ ਲਾਉਣ ਸਬੰਧੀ ਦੋ ਵਿਅਕਤੀ ਫੜੇ ਗਏ ਹਨ ਜੋ ਪਾਬੰਦੀਸ਼ੁਦਾ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੈਂਬਰ ਹਨ। ਬੁਲਾਰੇ ਅਨੁਸਾਰ ਪੁੱਛਗਿੱਛ ਦੌਰਾਨ ਉਨ੍ਹਾਂ ਮੰਨਿਆ ਕਿ ਉਨ੍ਹਾਂ ਨੂੰ ਜਥੇਬੰਦੀ ਵਲੋਂ ਹਦਾਇਤ ਹੈ ਕਿ ਸਰਗਰਮੀ ਜਾਰੀ ਰਖੀ ਜਾਵੇ।

ਬੁਲਾਰੇ ਅਨੁਸਾਰ ਇਨ੍ਹਾਂ ਅੱਗ ਲੱਗਣ ਦੀਆਂ ਵਾਰਦਾਤਾਂ ਨਾਲ ਕੋਈ ਬਹੁਤਾ ਨੁਕਸਾਨ ਨਹੀਂ ਹੋਇਆ। ਇਸ ਸਬੰਧ ਵਿਚ ਸਕੂਲਾਂ ਦੇ ਪ੍ਰਬੰਧਕਾ ਅਤੇ ਸਬੰਧਤ ਪੰਚਾਇਤਾਂ ਨੂੰ ਕਿਹਾ ਗਿਆ ਹੈ ਕਿ ਉਹ ਇਧਰ ਧਿਆਨ ਦੇਣ ਕਿਉਂਕਿ ਹਰ ਥਾਂ ਪੁਲੀਸ ਹਾਜ਼ਰ ਨਹੀਂ ਰਹਿ ਸਕਦੀ।

ਫਿਰਕੂ ਸਦਭਾਵਨਾ ਦਿਵਸ ਦਾ ਫੈਸਲਾ

ਫਗਵਾੜਾ — (ਪੱਤਰ ਪ੍ਰੇਰਕ) — ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਨੇ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਨੂੰ "ਫਿਰਕੂ ਸਦਭਾਵਨਾ ਦਿਵਸ" ਦੇ ਰੂਪ 'ਚ ਮਨਾਉਣ ਦਾ ਫੈਸਲਾ ਕੀਤਾ ਹੈ।

'ਭਗੌੜੇ ਫੌਜੀ' ਕੋਰਟ ਮਾਰਸ਼ਲ ਦੇ ਸਪੁਰਦ

ਜਬਲਪੁਰ: ਸਿੱਖ ਰੈਜਮੈਂਟਲ ਸੈਂਟਰ ਰਾਮਗੜ੍ਹ (ਬਿਹਾਰ) ਦੇ ਉਨ੍ਹਾਂ ਜਵਾਨਾਂ ਤੇ ਅਧਿਕਾਰੀਆਂ, ਜਿਹੜੇ ਪਿਛਲੇ ਸਾਲ ਜੂਨ ਮਹੀਨੇ ਦਰਬਾਰ ਸਾਹਿਬ, ਅੰਮ੍ਰਿਤਸਰ ਵਿਚ ਫੌਜੀ ਕਾਰਵਾਈ ਪਿੱਛੋਂ ਭਗੌੜੇ ਹੋ ਗਏ ਸਨ, ਨੂੰ ਇਥੇ ਕੋਰਟ ਮਾਰਸ਼ਲ ਦੇ ਸਪੁਰਦ ਕਰ ਦਿਤਾ ਗਿਆ ਹੈ।

ਇਨ੍ਹਾਂ ਭਗੌੜਿਆਂ ਵਿਰੁਧ ਕਾਨੂੰਨੀ ਕਾਰਵਾਈ ਦੇ ਪਹਿਲੇ ਪੜਾਅ ਵਿਚ ਹਵਾਲਦਾਰ ਹਰੀ ਸਿੰਘ ਤੇ ਨਾਇਕ ਸਾਧੂ ਸਿੰਘ ਨੂੰ ਮੁਕੱਦਮੇ ਲਈ ਪੰਜ ਮੈਂਬਰੀ ਨਿਆਇਕ ਬੋਰਡ ਦੇ ਹਵਾਲੇ ਕੀਤਾ ਗਿਆ। ਬੋਰਡ ਦੀ ਅਗਵਾਈ ਡੋਗਰਾ ਰੈਜਮੈਂਟਲ ਦੇ ਸਿੱਖ ਸੈਨਾਪਤੀ ਬ੍ਰਿਗੇਡੀਅਰ ਐਚ. ਐਸ. ਲਾਂਬਾ ਕਰ ਰਹੇ ਹਨ।

ਦੋਹਾਂ ਸਿੱਖ ਫੌਜੀਆਂ ਨੂੰ ਆਰਮੀ ਐਕਟ ਦੀਆਂ ਕਈ ਧਾਰਾਵਾਂ ਦੇ ਤਹਿਤ ਫਰਦ — ਜੁਰਮ ਕੀਤਾ ਗਿਆ ਹੈ। ਦੋਹਾਂ 'ਤੇ ਲਗਾਏ ਗਏ ਦੋਸ਼ਾਂ ਵਿਚ ਰੈਜਮੈਂਟ ਦੇ ਮਾਲਖਾਨੇ ਨੂੰ ਲੁੱਟਣਾ ਸ਼ਾਮਲ ਹੈ, ਪਰ ਮੁਖ ਦੋਸ਼ ਸਰਕਾਰ ਵਿਰੁਧ ਬਗਾਵਤ ਕਰਨ ਦਾ ਹੀ ਹੈ। ਇਸ ਦੋਸ਼ ਦੀ ਇਕੋ ਇਕ ਸਜ਼ਾ ਫਾਸੀ ਹੈ।

ਇਥੇ ਇਹ ਵਰਨਣਯੋਗ ਹੈ ਕਿ ਅੰਮ੍ਰਿਤਸਰ ਵਿਚ ਫੌਜੀ ਕਾਰਵਾਈ ਪਿਛੋਂ 10 ਜੂਨ 1984 ਨੂੰ ਸਿੱਖ ਰੈਜਮੈਂਟਲ ਸੈਂਟਰ ਦੇ ਲਗਭਗ 2000 ਫੌਜੀਆਂ ਨੇ ਹਥਿਆਰਬੰਦ ਬਗਾਵਤ ਕਰਕੇ ਛਾਉਣੀ ਵਿਚੋਂ ਹਥਿਆਰ ਤੇ ਗੋਲੀ ਸਿੱਕਾ ਲੁੱਟ ਲਿਆ ਸੀ ਅਤੇ ਰੈਜਮੈਂਟ ਦੇ ਸੈਨਾਪਤੀ ਬ੍ਰਿਗੇਡੀਅਰ ਐਸ. ਸੀ. ਪੁਰੀ ਨੂੰ ਗੋਲੀ ਨਾਲ ਹਲਾਕ ਕਰ ਦਿਤਾ ਸੀ।

ਫੌਜੀ ਭਗੌੜਿਆਂ 'ਤੇ ਮੁਕੱਦਮਾ ਇਕ ਤਰ੍ਹਾਂ ਨਾਲ ਖੁੱਲ੍ਹੀ ਅਦਾਲਤ ਵਿਚ ਹੀ ਚਲਾਇਆ ਜਾ ਰਿਹਾ ਹੈ। ਸਰਕਾਰ ਨੇ ਭਗੌੜਿਆਂ ਦੀ ਪੈਰਵੀ ਲਈ ਆਪਣੇ ਵਲੋਂ ਦੋ ਵਕੀਲ — ਲੈਫਟੀ. ਕਰਨਲ ਡੀ. ਐਸ. ਬੈਦਵਾਂ (ਜੋ ਕਿ ਸਿੱਖ ਹਨ) ਤੇ ਸ੍ਰੀ ਹੀਰਾ ਸਿੰਘ ਚੌਹਾਨ ਮੁਹੱਈਆ ਕੀਤੇ ਹਨ। ਸ੍ਰੀ ਚੌਹਾਨ ਜਬਲਪੁਰ ਦੇ ਇਕ ਪ੍ਰਮੁਖ ਵਕੀਲ ਹਨ।

ਬ੍ਰਿਗੇਡੀਅਰ ਲਾਂਬਾ ਤੋਂ ਇਲਾਵਾ ਨਿਆਇਕ ਬੋਰਡ ਵਿਚ ਇਕ ਹੋਰ ਸਿੱਖ ਅਫਸਰ ਲੈਫਟੀ. ਕਰਨਲ ਐਚ. ਐਸ. ਗਰੇਵਾਲ ਸ਼ਾਮਲ ਹੈ। ਬੋਰਡ ਦੇ ਹੋਰ ਮੈਂਬਰ ਹਨ: ਕਰਨਲ ਓ. ਪੀ. ਖੰਨਾ, ਲੈਫਟੀ, ਕਰਨਲ ਬੀ. ਕੇ. ਨਰੂਲਾ ਤੇ ਮੇਜਰ ਵੀ. ਸੀ. ਮਨੋਹਰ।

ਲਗਭਗ 20 ਭਗੌੜੇ, ਜਿਨ੍ਹਾਂ ਨੇ ਮਾਲਖਾਨਾ ਤੋੜ ਕੇ ਅਸਲਾ ਲੁੱਟਿਆ ਅਤੇ ਹੋਰਨਾਂ ਫੌਜੀਆਂ ਨੂੰ ਬਗਾਵਤ ਲਈ ਭੜਕਾਇਆ 'ਤੇ ਜਬਲਪੁਰ ਵਿਚ ਮੁਕੱਦਮਾ ਚਲਾਇਆ ਜਾਵੇਗਾ। ਮੁਕੱਦਮਿਆਂ ਨੂੰ ਤੇਜ਼ੀ ਨਾਲ ਨਿਪਟਾਉਣ ਲਈ ਕੁਝ ਹੋਰ ਬੋਰਡ ਵੀ ਕਾਇਮ ਕੀਤੇ ਜਾਣ ਦੀ ਸੰਭਾਵਨਾ ਹੈ। ਕੁਝ ਹੋਰਨਾਂ ਭਗੌੜਿਆਂ 'ਤੇ ਮੁਕੱਦਮਾ ਅਲਾਹਾਬਾਦ ਵਿਚ ਚਲਾਇਆ ਜਾਵੇਗਾ।

ਆਮ ਰਾਏ ਤੋਂ ਉਲਟ ਭਗੌੜਿਆਂ ਨੇ ਬ੍ਰਿਗੇਡੀਅਰ ਪੁਰੀ ਨੂੰ ਜਾਣ ਬੁਝ ਕੇ ਗੋਲੀਆਂ ਦਾ ਨਿਸ਼ਾਨਾ ਨਹੀਂ ਬਣਾਇਆ। ਰੈਜਮੈਂਟ ਦੇ ਸੀਨੀਅਰ ਅਫਸਰਾਂ ਵਲੋਂ ਅਦਾਲਤ ਵਿਚ ਦਿਤੀਆਂ ਗਵਾਹੀਆਂ ਤੋਂ ਇਹ ਝਲਕਦਾ ਹੈ ਕਿ ਬਿਗ੍ਰੇਡੀਅਰ ਪੁਰੀ ਦੀ ਮੌਤ ਆਪਣੇ ਆਪ ਵਿਚ ਹਾਦਸਾ ਸੀ।

ਭਗੌੜਿਆਂ ਨੇ ਇਕ ਕਾਰ ਵਲ ਗੋਲੀਆਂ ਚਲਾਈਆ ਜਿਸ 'ਚ ਬ੍ਰਿਗੇਡੀਅਰ ਪੁਰੀ ਤੇ ਉਨ੍ਹਾਂ ਦੇ ਦੋ ਸਹਿਯੋਗੀ ਬੈਠੇ ਸਨ। ਕਿਉਂਕਿ ਬ੍ਰਿਗੇਡੀਅਰ ਪੁਰੀ ਕਾਰ ਦੀ ਤਾਕੀ ਦੇ ਨੇੜੇ ਬੈਠੇ ਸਨ, ਇਸ ਕਰਕੇ ਉਨ੍ਹਾਂ ਨੂੰ ਜ਼ਿਆਦਾ ਗੋਲੀਆਂ ਲੱਗੀਆਂ ਅਤੇ ਉਹ ਜ਼ਖਮਾਂ ਦੀ ਤਾਬ ਨਾ ਝਲਦੇ ਹੋਏ ਦਮ ਤੋੜ ਗਏ। ਕਾਰ ਵਿਚ ਬੈਠੇ ਕਰਨਲ ਜਗਦੇਵ ਸਿੰਘ ਚੀਮਾ ਨੂੰ ਵੀ ਗੋਲੀਆਂ ਲੱਗੀਆਂ ਅਤੇ ਦੋਵੇਂ ਭਾਵੇਂ ਗੰਭੀਰ ਰੂਪ ਵਿਚ ਫੱਟੜ ਹੋ ਗਏ, ਪਰ ਸਮੇਂ ਸਿਰ ਹਸਪਤਾਲ ਵਿਚ ਪਹੁੰਚਾ ਦਿਤੇ ਜਾਣ ਕਾਰਨ ਦੋਹਾਂ ਦੀ ਜਾਨ ਬਚਾ ਲਈ ਗਈ।

ਗਵਾਹੀਆਂ ਅਨੁਸਾਰ ਜੇਕਰ ਭਗੌੜਿਆਂ ਦਾ ਇਰਾਦਾ ਗੈਰ-ਸਿੱਖ ਅਫਸਰਾਂ ਨੂੰ ਮਾਰਨ ਦਾ ਹੁੰਦਾ ਤਾਂ ਇਹ ਆਪਣੀ ਹੀ ਰੈਜਮੈਂਟ ਦੇ ਲੈਫਟੀ. ਕਰਨਲ ਕੇ. ਕੇ. ਵਰਮਾ ਨੂੰ ਆਸਾਨੀ ਨਾਲ ਮਾਰ ਸਕਦੇ ਸਨ ਜਿਨ੍ਹਾਂ ਨੇ ਸੈਂਟਰ ਦੇ ਗਾਰਡ ਰੂਮ ਨੇੜੇ ਭਗੌੜਿਆਂ ਦਾ ਸਾਹਮਣਾ ਕੀਤਾ।

ਕਰਨਲ ਚੀਮਾ ਤੇ ਕਰਨਲ ਵਰਮਾ ਇਸਤਗਾਸਾ ਪੱਖ ਦੇ ਉਨ੍ਹਾਂ ਪੰਜ ਗਵਾਹਾਂ ਵਿਚ ਸ਼ਾਮਲ ਸਨ, ਜਿਹੜੇ ਅਦਾਲਤ ਅੱਗੇ ਪੇਸ਼ ਹੋਏ।

ਅਦਾਲਤ ਨੂੰ ਦਸਿਆ ਗਿਆ ਕਿ ਰੈਜਮੈਂਟ ਦਾ ਮਾਲਖਾਨਾ ਲੁੱਟਣ ਪਿੱਛੋਂ ਭਗੌੜਿਆਂ ਨੇ ਹਵਾ ਵਿਚ ਫਾਇਰਿੰਗ ਕੀਤੀ ਅਤੇ ਗੈਰ ਫੌਜੀ ਵਾਹਨ, ਖਾਸ ਕਰਕੇ ਟਰੱਕ ਅਗਵਾ ਕਰ ਲਏ।

ਬਹੁਤੇ ਭਗੌੜਿਆਂ ਨੂੰ ਅਲਾਹਾਬਾਦ ਪਹੁੰਚਣ ਤੋਂ ਪਹਿਲਾਂ ਹੀ ਪਕੜ ਲਿਆ ਗਿਆ। ਰੈਜਮੈਂਟ ਵਿਚਲੇ 2100 ਫੌਜੀਆਂ ਵਿਚੋਂ 1058 ਜਵਾਨ ਤੇ 48 ਨਾਨਕਮੀਸ਼ੰਡ ਅਫਸਰ ਦਸ ਜੂਨ ਨੂੰ ਭਗੌੜੇ ਹੋਏ।

THE CANADA DARPAN
(Punjabi Weekly Newspaper)
P.O. Box 67344 Stn. 'O', Vancouver, B.C. V5W 3T1
Chief Editor: (Hon.) DARSHAN GILL
Advertising: BHAV KHANDAN SINGH
Circulation: SATINDER SIDHU
Art: N. DHALIWAL
All office holders of CANADA DARPAN are honorary associates.

ਸੰਪਾਦਕੀ:

ਪੰਜਾਬ ਦਾ ਮਸਲਾ ਅਤੇ ਇੰਡੋ-ਕਨੇਡੀਅਨ ਕਮਿਊਨਿਟੀ

ਕੈਨੇਡਾ ਵਿਚ ਇੰਡੋ-ਕਨੇਡੀਅਨ ਕਮਿਊਨਿਟੀ ਵਿਚ ਫੁੱਟ ਦਾ ਮੁੱਖ ਕਾਰਨ ਪੰਜਾਬ ਦਾ ਮਸਲਾ ਹੈ। ਦੋ ਧੜਿਆਂ ਵਿਚ ਵੰਡੀ ਕਮਿਊਨਿਟੀ ਇਸ ਸਮੇਂ ਬੜੇ ਨਾਜ਼ਕ ਦੌਰ ਵਿਚੋਂ ਗੁਜ਼ਰ ਰਹੀ ਹੈ। ਧਾਰਮਿਕ ਤੌਰ ਤੇ ਇਹ ਵਖੇਵਾਂ ਏਨਾ ਨਹੀਂ ਜਿਨਾਂ ਰਾਜਨੀਤਕ ਪੱਧਰ ਉਤੇ ਹੈ। ਹਰਿਮੰਦਰ ਸਾਹਿਬ ਉਤੇ ਹੋਏ ਫੌਜੀ ਐਕਸ਼ਨ ਸਮੇਂ ਇਸ ਨੂੰ ਧਾਰਮਿਕ ਲੀਹਾਂ ਤੇ ਤੋਰਨ ਦੀ ਕੋਸ਼ਿਸ਼ ਕੈਨੇਡਾ ਵਿਚ ਵੀ ਹੋਈ। ਹਿੰਦੂ ਅਤੇ ਸਿੱਖਾਂ ਵਿਚਕਾਰ ਪਾੜਾ ਪਾਉਣ ਦੀ ਕੋਸ਼ਿਸ਼ ਬਹੁਤੀ ਨੇਪਰੇ ਨਾ ਚੜ੍ਹੀ। ਸਿੱਖ ਭਾਵਨਾਵਾਂ ਸਰਕਾਰ ਵਿਰੁੱਧ ਸਨ ਕਿਉਂਕਿ ਹਰਿਮੰਦਰ ਸਾਹਿਬ ਉਤੇ ਹਮਲੇ ਨੂੰ ਕਿਸੇ ਪੱਧਰ ਤੇ ਵੀ ਜ਼ਾਇਜ਼ ਠਹਿਰਾਉਣਾ ਮੁਜਰਮਾਨਾ ਗੱਲ ਸੀ। ਇਸ ਹਮਲੇ ਦੀ ਮੂਲੋਂ ਹੀ ਲੋੜ ਨਹੀਂ ਸੀ। ਗ਼ੈਰ-ਸਮਾਜੀ ਅਨਸਰ ਨੂੰ ਠੱਲ੍ਹ ਪਾਉਣ ਲਈ ਹੋਰ ਢੰਗ ਵਰਤੇ ਜਾ ਸਕਦੇ ਸਨ ਪਰ ਫੌਜੀ ਹਮਲੇ ਨਾਲ ਸਮੁੱਚੇ ਸਿੱਖ ਜਗਤ ਨੂੰ ਇਕ ਕਿਸਮ ਦਾ ਚੈਲਿੰਜ ਸੀ ਜਿਸਦੇ ਸਿੱਟੇ ਭਿਆਨਕ ਹੀ ਹੋ ਸਕਦੇ ਸਨ। ਤੇ ਇਹ ਸਿੱਟੇ ਭਿਆਨਕ ਰੂਪ ਵਿਚ ਹੀ ਪ੍ਰਗਟ ਹੋਏ।

ਪਰ ਇੰਡੋ-ਕਨੇਡੀਅਨ ਕਮਿਊਨਿਟੀ ਵਿਚ ਇਸ ਫੁੱਟ ਦੇ ਬੀਜ ਹਿੰਦੂ ਤੇ ਸਿੱਖਾਂ ਵਿਚਕਾਰ ਪਾੜੇ ਪਾਉਣ ਤੱਕ ਹੀ ਸੀਮਤ ਨਾ ਰਹੇ - ਸਗੋਂ ਰਾਜਨੀਤਕ ਪੱਧਰ ਉਤੇ ਫੁੱਟ ਵਧੀ। ਸਿੱਖਾਂ ਵਿਚ ਅਕਾਲੀ, ਕਾਂਗਰਸੀ, ਕਮਿਊਨਿਸਟ ਵਿਚਾਰਾਂ ਦੇ ਲੋਕ ਸਦਾ ਰਹੇ ਹਨ ਤੇ ਸਦਾ ਰਹਿਣਗੇ। ਰਾਜਨੀਤਕ ਵਿਚਾਰਧਾਰਾ ਹਰ ਮਨੁੱਖ ਦੀ ਆਪਣੀ ਹੈ। ਤੇ ਇਸ ਵਿਚਾਰਾਂ ਦੇ ਵਿਰੋਧ ਨੂੰ ਰਾਜਨੀਤਕ ਪੱਧਰ ਉਤੇ ਹੀ ਨਜਿਠਿਆ ਜਾਣਾ ਜ਼ਰੂਰੀ ਹੈ। ਪਰ ਬਦੇਸ਼ਾਂ ਵਿਚ ਪੈਦਾ ਹੋਏ 'ਖਾਲਿਸਤਾਨੀ' ਨਾਅਰੇ ਨੇ ਸਿੱਖਾਂ ਵਿਚਕਾਰ ਤਿੰਨ ਰਾਜਨੀਤਕ ਵਿਚਾਰਾਂ ਦੀ ਥਾਂ ਇਕ ਹੋਰ ਦਾ ਵਾਧਾ ਕਰ ਦਿਤਾ ਹੈ। 'ਖਾਲਿਸਤਾਨ' ਦੇ ਨਾਅਰੇ ਨਾਲ ਜੁੜੇ ਲੋਕਾਂ ਦੀ ਰਾਜਨੀਤਕ ਲੜਾਈ ਹੁਣ ਇਕ ਤਰ੍ਹਾਂ ਨਾਲ ਬਾਕੀ ਸਭ ਵਿਚਾਰਧਾਰਾਵਾਂ ਦੇ ਲੋਕਾਂ ਨਾਲ ਆ ਜੁੜੀ ਹੈ। ਸਿੱਖ ਜਗਤ ਦੀ ਲੀਡਰਸ਼ਿਪ ਧਾਰਮਿਕ ਤੌਰ ਉਤੇ ਅਕਾਲੀਆਂ ਦੇ ਹੱਥ ਹੈ। ਇਸ ਲੀਡਰਸ਼ਿਪ ਨੂੰ ਖੋਹਣ ਦੇ ਯਤਨ ਬਹੁਤ ਵਾਰੀ ਹੋਏ - ਪਰ ਅਕਾਲੀ ਲੀਡਰਸ਼ਿਪ ਧਾਰਮਿਕ ਤੌਰ ਉਤੇ ਹਮੇਸ਼ਾਂ ਭਾਰੂ ਰਹੀ ਹੈ ਕਿਉਂਕਿ ਅਕਾਲੀ ਲਹਿਰਾਂ ਹਮੇਸ਼ਾਂ ਆਮ ਲੋਕਾਂ ਨਾਲ ਜੁੜੀਆਂ ਰਹੀਆਂ ਹਨ। ਇਸ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਜਿੰਨੀ ਵਾਰ ਵੀ ਕਿਸੇ ਪਾਰਟੀ ਨੇ, ਜਾਂ ਅਕਾਲੀਆਂ ਵਿਚੋਂ ਹੀ ਪੈਦਾ ਹੋਏ ਧੜਿਆਂ ਨੇ ਚੈਲਿੰਜ ਕੀਤਾ ਹੈ, ਉਦੋਂ ਹੀ ਮੂੰਹ ਦੀ ਖਾਧੀ ਹੈ। ਇਸ ਲਈ ਅਕਾਲੀ ਲੀਡਰਸ਼ਿਪ ਨੂੰ ਚੈਲਿੰਜ ਕਰਨ ਵਾਲੇ 'ਖਾਲਿਸਤਾਨੀ' ਨਾਅਰੇ ਦਾ ਹਸ਼ਰ ਵੀ ਉਹੀ ਹੋਵੇਗਾ ਜੋ ਪਹਿਲਾਂ ਪੈਦਾ ਹੋਏ ਧੜਿਆਂ ਦਾ ਹੋਇਆ ਹੈ। ਪੰਜਾਬ ਦੀ ਪੇਂਡੂ ਕਿਸਾਨੀ ਸ਼੍ਰੋਮਣੀ ਅਕਾਲੀ ਦਲ ਦੀ ਰੀੜ੍ਹ ਦੀ ਹੱਡੀ ਹੈ - ਇਸ ਲਈ ਬਦੇਸ਼ਾਂ ਵਿਚ ਪੈਦਾ ਹੋਏ ਖਾਲਿਸਤਾਨੀ ਨਾਅਰੇ ਨੂੰ ਜੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸਿਪ ਨਹੀਂ ਕਬੂਲਦੀ ਤਾਂ ਬਾਕੀ ਦੀਆਂ ਵਿਚਾਰਧਾਰਾਵਾਂ ਵਾਲੇ ਸਿੱਖਾਂ ਉਤੇ ਇਸ ਨੂੰ ਠੋਸਣ ਦੇ ਯਤਨ ਕਿੰਨੇ ਕੁ ਕਾਮਯਾਬ ਹੋ ਸਕਦੇ ਹਨ?

ਬਦੇਸ਼ਾਂ ਵਿਚਲਾ ਖਾਲਿਸਤਾਨੀ ਧੜਾ ਅਕਾਲੀ ਲੀਡਰਸ਼ਿਪ ਨੂੰ ਇਸ ਨਾਅਰੇ ਨਾਲ ਨਹੀਂ ਜੋੜ ਸਕਿਆ। ਅੱਜ ਤੱਕ ਇਕ ਵੀ ਅਕਾਲੀ ਲੀਡਰ ਨੇ ਇਸ ਨਾਅਰੇ ਦਾ ਸਮਰਥਨ ਨਹੀਂ ਕੀਤਾ ਤਾਂ ਇਸ ਦੇ ਵਿਸ਼ੇਸ਼ ਕਾਰਨ ਹਨ। ਅਕਾਲੀ ਲੀਡਰਸ਼ਿਪ ਦੀਆਂ ਧਾਰਮਿਕ, ਸਭਿਆਚਾਰਕ ਜੜ੍ਹਾਂ ਪੇਂਡੂ ਕਿਸਾਨੀ ਵਿਚ ਹਨ ਤੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਅਹਿਸਾਸ ਹੈ ਕਿ ਪੰਜਾਬ ਦੇ ਲੋਕਾਂ ਦਾ ਭਲਾ ਕਿਸ ਵਿਚ ਹੈ। ਬਦੇਸ਼ਾਂ ਵਿਚ ਬੈਠੇ ਲੋਕ ਆਪਣੀਆਂ ਜੜ੍ਹਾਂ ਨਾਲੋਂ ਟੁੱਟੇ ਹੋਣ ਕਾਰਨ, ਇਹ ਨਿਰਣਾ ਨਹੀਂ ਕਰ ਸਕਦੇ ਕਿ ਉਥੋਂ ਦੇ ਲੋਕਾਂ ਦੇ ਹਿਤ ਵਿਚ ਕੀ ਹੈ। ਇਹ ਫੈਸਲਾ ਉਥੋਂ ਦੇ ਲੋਕਾਂ ਹੀ ਕਰ ਸਕਦੇ ਹਨ। ਇਸ ਲਈ ਇਥੇ ਕੈਨੇਡਾ, ਅਮਰੀਕਾ ਜਾਂ ਇੰਗਲੈਂਡ ਵਿਚ ਵਸਦੇ ਲੋਕਾਂ ਜਿਨ੍ਹਾਂ ਆਪਣੀ ਮਰਜ਼ੀ ਨਾਲ ਪੰਜਾਬ ਤੋਂ ਬਾਹਰ ਆ ਕੇ ਆਪਣੀ ਜ਼ਾਤੀ ਖੁਸ਼ਹਾਲੀ ਲਈ ਚੋਣ ਕੀਤੀ ਹੈ, ਉਹ ਪੰਜਾਬ ਬਾਰੇ ਫੈਸਲੇ ਨੂੰ ਪੰਜਾਬ ਦੇ ਲੋਕਾਂ ਉਤੇ ਹੀ ਛੱਡ ਦੇਣ ਤਾਂ ਚੰਗਾ ਹੈ। ਇਸੇ ਤਰ੍ਹਾਂ ਬਾਹਰ ਵਸਦੀ ਕਮਿਊਨਿਟੀ ਇਸ ਤਣਾਓ ਤੋਂ ਬਚ ਸਕਦੀ ਹੈ।

ਜੇ ਕੇਵਲ ਗੁਰੂ ਘਰਾਂ ਉਤੇ ਆਪਣੇ ਆਪਣੇ ਧੜਿਆਂ ਦੇ ਕਬਜ਼ੇ ਹੀ ਮਜ਼ਬੂਤ ਕਰਨ ਲਈ ਪੰਜਾਬ ਦੇ ਮਸਲੇ ਨੂੰ ਵਰਤਣਾ ਹੈ ਤਾਂ ਗੱਲ ਵੱਖਰੀ ਹੈ।

● ਉਡੀਕ

ਇੱਕ ਕਿਰਾਏਦਾਰ ਦੀ ਆਦਤ ਸੀ ਕਿ ਉਹ ਰਾਤ ਨੂੰ ਸੌਣ ਲਈ ਜੁੱਤੀ ਲਾਹੁੰਦਾ ਉਹਨੂੰ ਜ਼ੋਰ ਦੀ ਪਟਕਦਾ। ਇੱਕ ਦਿਨ ਮਕਾਨ-ਮਾਲਕ ਨੇ ਉਹ ਨੂੰ ਸ਼ਕਾਇਤ ਕੀਤੀ ਤੇ ਕਿਹਾ — "ਤੁਸੀਂ ਜੁੱਤੀ ਹੌਲੀ ਰੱਖਿਆ ਕਰੋ ਤਾਂ ਜੋ ਅਸੀਂ ਬੇਆਰਾਮ ਨਾ ਹੋਈਏ।"

ਦੂਜੀ ਰਾਤ ਨੂੰ ਕਿਰਾਏਦਾਰ ਨੇ ਆਪਣੀ ਪੁਰਾਣੀ ਆਦਤ ਅਨੁਸਾਰ ਜੁੱਤੀ ਲਾਹ ਕੇ ਸੁੱਟੀ ਤਾਂ ਉਹ ਨੂੰ ਮਕਾਨ-ਮਾਲਕ ਦੀ ਸ਼ਕਾਇਤ ਚੇਤੇ ਆ ਗਈ। ਉਹਨੇ ਦੂਜੇ ਪੈਰ ਦੀ ਜੁੱਤੀ ਹੌਲੀ ਜਿਹੀ ਲਾਹ ਕੇ ਇੱਕ ਪਾਸੇ ਰੱਖ ਦਿੱਤੀ।

ਸਵੇਰੇ ਮਕਾਨ-ਮਾਲਕ ਨੇ ਉਹਦਾ ਬੂਹਾ ਖਟਖਟਾਇਆ। ਉਹ ਅੱਖਾਂ ਮਲਦਾ ਹੋਇਆ ਬਾਹਰ ਨਿਕਲਿਆ ਤੇ ਪੁੱਛਿਆ — "ਫਰਮਾਉ, ਕਿਵੇਂ ਆਉਣਾ ਹੋਇਆ ਹੈ?" ਮਕਾਨ-ਮਾਲਕ ਨੇ ਜੁਆਬ ਦਿੱਤਾ — "ਤੁਸੀਂ ਹੁਣ ਦੂਜੀ ਜੁੱਤੀ ਵੀ ਲਾਹ ਦਿਓ। ਮੈਂ ਸਾਰੀ ਰਾਤ ਉਹਦੀ ਆਵਾਜ਼ ਸੁਨਣ ਲਈ ਜਾਗਦਾ ਰਿਹਾ ਹਾਂ।"

● ਸੁਰਜੀਤ

ਮੁੱਖਤਨਾਮੇ

ਗੁਰਨਾਮ ਸਿੰਘ ਸੰਘੇੜਾ ਬਨਾਮ ਇੰਡੋ ਕਨੇਡੀਅਨ ਟਾਈਮਜ਼

ਐਡੀਟਰ,
ਇੰਡੋ— ਕੈਨੇਡੀਅਨ ਟਾਈਮਜ਼।

ਆਪ ਦੇ ਪਹਿਲੀ ਮਾਰਚ 1985 ਦੇ "ਇੰਡੋ - ਕੈਨੇਡੀਅਨ ਇਕ ਪਬਲਿਕ ਇਕੱਤਰਤਾ ਜੋ 23 ਫਰਵਰੀ 1985 ਨੂੰ ਕਿਸੇ ਅਦੱਸੀ ਥਾਂ ਤੇ ਹੋਈ ਲਿਖੀ ਹੈ, ਜਿਸ ਵਿਚ ਮੇਰੀ ਹਾਜ਼ਰੀ ਦੀ ਗਲ ਕੀਤੀ ਤੇ ਮੇਰਾ ਨਾਮ ਲਿਖਿਆ ਹੈ।

ਮੇਰੇ ਗਿਆਨ ਵਿਚ ਮੈਂ ਕਿਸੇ ਐਸੀ ਮੀਟਿੰਗ ਤੇ ਨਾ ਗਿਆ ਹਾਂ, ਨਾ ਹੀ ਮੈਨੂੰ ਕੋਈ ਸੱਦਾ ਪੱਤਰ ਆਇਆ ਹੈ ਤੇ ਨਾ ਹੀ ਮੈਨੂੰ ਐਸੀ ਮੀਟਿੰਗ ਦਾ ਪਤਾ ਹੈ।

ਜੇ ਮੈਨੂੰ ਕਿਸੇਜੱਥੇਬੰਦੀ ਜਾਂ ਵਿਅਕਤੀ ਵਲੋਂ ਕਿਸੇ ਜਥੇਬੰਦੀ ਨਾਲ ਇਕੱਤਰਤਾ ਦਾ ਸੱਦਾ ਪੱਤਰ ਆਉਂਦਾ ਤਾਂ ਅਵੱਸ਼ ਤੌਰ ਤੇ ਮੈਂ ਆਪਣੀ ਜਥੇਬੰਦੀ ਨਾਲ ਸਲਾਹ ਮਸ਼ਵਰਾ ਕਰਦਾ ਅਤੇ ਉਸਦੇ ਫੈਸਲੇ ਅਨੁਸਾਰ ਅਮਲ ਕਰਦਾ। ਸੋ ਇਸ ਤਰ੍ਹਾ ਮੇਰੇ ਨਾਮ ਨੂੰ ਐਵੇਂ ਕਿਸੇ ਮੀਟਿੰਗ ਜਾਂ ਬੈਠਿਕ ਨਾਲ ਜੋੜ ਲੈਣਾ ਅਤੀ ਗਲਤ ਅਤੇ ਘਟੀਆ ਢੰਗ ਹੈ। ਮੇਰੇ ਨਾਮ ਨੂੰ ਐਵੇਂ ਕੋਲੋਂ ਹੀ ਵਿਚ ਘੜੀਸਣਾ ਇਕ ਕੋਝੀ ਵਿਉਂਤ ਬੱਧ ਚਾਲ ਹੈ। ਇਸ ਤਰ੍ਹਾਂ ਦੀ ਸ਼ਰਾਰਤ ਨਾਲ ਮੈਨੂੰ ਨੁਕਸਾਨ ਪਹੁੰਚਾਉਣ ਜਾਂ ਹੋਰ ਕੋਈ ਮੰਤਵ ਹਲ ਕਰਨ ਦਾ ਦਾਅ ਪੇਚ ਹੈ। ਮੈਂ ਤੁਹਾਨੂੰ ਇਹ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਮੇਰਾ ਤੁਹਾਡੀ ਕਿਸੇ ਮੀਟਿੰਗ, ਸੰਸਥਾ, ਅਦਾਰੇ ਜਾਂ ਸ਼ਖਸੀ ਗਲ ਨਾਲ ਕੋਈ ਸਬੰਧ ਨਹੀਂ ਅਤੇ ਨਾ ਹੀ ਹੋਵੇਗਾ ਕਿਉਂਕਿ ਤੁਸੀਂ ਮੈਨੂੰ ਅਤੇ ਸਾਡੇ ਜਥੇਬੰਦੀ ਨੂੰ ਭਾਰੀ ਨੁਕਸਾਨ ਪਹੁੰਚਾਉਣ ਦਾ ਇਰਾਦਾ ਰੱਖਦੇ ਹੋ।

ਇਕ ਦਿਨ ਮੈਂ ਇੰਮੀਗਰੈਂਟ ਸਰਵਸਿਜ਼ ਸੈਂਟਰ (OASIS) ਦੇ ਡਾਇਰੈਕਟਰ ਵਲੋਂ ਤੁਹਾਡੇ ਤੋਂ ਇਕ ਛੋਟੀ ਕਿਤਾਬ ਦੀ ਟਾਈਪ ਸੈਟਿੰਗ ਅਤੇ ਕੈਮਰਾ ਰੈਡੀ ਕਰਨ ਦੀ ਕੋਟੇਸ਼ਨ ਲੈਣ ਆਇਆ ਸੀ ਕਿਉਂਕਿ ਮੈਂ ਉਸ ਸੰਸਥਾ ਦੀ ਪੰਜਾਬੀ ਵਿਚ ਕਿਤਾਬ ਨੂੰ ਐਡਿਟ ਕਰ ਰਿਹਾ ਹਾਂ। ਸੋ ਡਾਇਰੈਕਟਰ ਨੇ ਮੈਨੂੰ ਆਖਿਆ ਸੀ ਕਿ ਮੈਂ ਪੰਜਾਬੀ ਟਾਈਪ ਸੈਟਿੰਗ ਵਾਲੇ ਬੰਦਿਆਂ ਤੋਂ ਕੈਮਰਾ ਰੈਡੀ ਕਿਤਾਬ ਦੀਆਂ ਕੋਟੇਸ਼ਨਜ਼ ਲੈ ਕੇ ਆਵਾਂ। ਮੈਂ ਹੋਰ ਤਿੰਨਾਂ ਪਾਸ ਵੀ ਗਿਆ ਸੀ। ਸੋ ਬਾਕੀ ਟਾਈਪ ਸੈਟਿੰਗ ਵਾਲਿਆਂ ਦੀ ਤਰ੍ਹਾਂ ਮੈਂ ਤੁਹਾਡੇ ਪਾਸ ਤੁਹਾਡੇ ਘਰ ਕੋਟੇਸ਼ਨ ਲੈਣ ਆਇਆ ਕਿਉਂਕਿ ਤੁਹਾਡਾ ਦਫਤਰ ਤੇ ਟਾਈਪ ਸੈਟਿੰਗ ਆਦਿ ਦਾ ਸਾਰਾ ਕੰਮ ਤੁਹਾਡੇ ਘਰ ਵਿਚ ਹੈ। ਸੋ ਮੈਂ ਤੁਹਾਡੇ ਤੋਂ ਕੋਟੇਸ਼ਨ ਲੈ ਕੇ ਵਾਪਸ ਮੁੜ ਆਇਆ।

ਸੋ ਮੈਨੂੰ ਕਿਸੇ ਵੀ ਤੁਹਾਡੀ ਕਲਪਤ ਮੀਟਿੰਗ ਜਾਂ ਸੰਸਥਾ ਨਾਲ ਜੋੜਨਾ ਜਾਂ ਜੋੜ ਲੈਣਾ ਹੋਰ ਵੀ ਘਟੀਆ ਕਾਰਵਾਈ ਹੈ।

ਸ਼ੁਭਚਿੰਤਕ,
ਗੁਰਨਾਮ ਸਿੰਘ ਸੰਘੇੜਾ,
2267 ਈਸਟ 39 ਐਵਿਨਿਊ,
ਵੈਨਕੂਵਰ, ਬੀ. ਸੀ.

ਬਖਸ਼ ਲੈ ਸੱਚੇ ਪਾਤਿਸ਼ਾਹ! ਇਨ੍ਹਾਂ ਕਲਜੁਗੀ ਲੀਡਰਾਂ ਤੋਂ!

ਮੇਰੇ ਪਿਆਰੇ ਸਤਿਗੁਰੂ ਜੀਓ!
ਬਖਸ਼ ਲੈ! ਬਖਸ਼!! ਸੱਚੇ ਪਾਤਿਸ਼ਾਹ ਬਖਸ਼ ਲੈ!!!

ਗੁਰੂ ਪਿਆਰੀ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਿਹ।

ਸੱਚੇ ਪਾਤਿਸ਼ਾਹ ਆਪ ਘਟ ਘਟ ਦੀ ਜਾਣਨ ਹਾਰ ਹੋ। ਆਪ ਨੂੰ ਕੀ ਬੇਨਤੀ ਕਰਾਂ ਅਤੇ ਕੀ ਅਰਜ਼ੋਈ ਕਰਾਂ। ਆਪ ਦੇ ਪੰਥ ਇਹ ਕੀ ਭਾਣਾ ਵਰਤ ਰਿਹਾ ਹੈ। ਸਤਿਗੁਰੂ ਤੁਹਾਡਾ ਡਰ ਕਿਉਂ ਗੁਰਸਿਖ ਹਿਰਦੇ ਵਿਚ ਨਹੀਂ ਵਸਾ ਰਹੇ। ਮੇਰਾ ਖਿਆਲ ਹੈ ਕਿ ਇਸ ਲਈ ਕਿਉਂ ਕਿ ਤੇਰਾ ਭਾਓ (ਪ੍ਰੇਮ) ਸਾਡੇ ਦਿਲਾਂ ਵਿਚ ਸੱਚਾ ਨਹੀਂ ਹੈ। ਸਭ ਪਾਖੰਡੀ ਅਤੇ ਦਿਖਾਵੇ ਦਾ ਹੈ। ਅਸੀਂ ਸਿਰਫ ਨਾਮ ਧਰੀਕ ਹੀ ਤੇਰੇ ਸਿੱਖ ਹਾਂ। ਸਾਡੇ ਅਮਲ ਇਨੇ ਕਿਉਂ ਮਲੀਨ ਹੋ ਗਏ ਹਨ। ਅਸੀਂ ਪੁਠੇ ਰਾਹੇ ਕਿਉ ਪੈ ਗਏ ਹਾਂ। ਤੁਹਾਡੀ ਕਿਰਪਾ ਤੋਂ ਬਿਨਾਂ ਸਾਡਾ ਉਧਾਰ ਕਠਣ ਹੈ।

ਪ੍ਰੰਤੂ ਸੱਚੇ ਪਾਤਿਸ਼ਾਹ! ਇਹ ਠੀਕ ਹੈ ਕਿ "ਜੈਸਾ ਬੀਜੇ ਸੋ ਲੁਣੇ ਕਰਮਾ ਸੰਧੜਾ ਖੇਤ" ਆਪ ਜੀ ਦਾ ਪਵਿੱਤਰ ਮਹਾਂ ਵਾਕ ਹੈ। ਜੇਕਰ ਅਸੀਂ ਆਪ ਦੀ ਮਹਾਨ ਬਾਣੀ ਤੋਂ ਰਹਿਨੁਮਾਈ ਨਹੀਂ ਲੈ ਰਹੇ ਤਾਂ ਫਿਰ ਸਾਨੂੰ ਸਜ਼ਾ ਮਿਲਣੀ ਹੀ ਹੋਈ।

ਦਾਸ, ਭਾਰਤ ਅਤੇ ਪੰਜਾਬ ਵਿਚ ਜੋ ਕੁਝ ਪਿਛਲੇ ਸਾਲ ਵਿਚ ਅਕਹਿ ਵਾਪਰਿਆ ਹੈ ਉਸ ਬਾਰੇ ਕਹਿਣ ਤੋਂ ਅਸਮਰਥ ਹੈ। ਅਸੀਂ ਗੁਰੂ ਸਿਧਾਂਤ ਦੇ ਬੁਨਿਆਈ ਅਸੂਲ, ਹਉਮੈਂ ਦਾ ਪ੍ਰੀਤਿਆਗ, ਪ੍ਰੇਮ-ਭਾਵ, ਭਾਣਾ ਮੰਨਣ, ਸਹਿਨਸ਼ੀਲਤਾ ਤੋਂ ਕਿਉਂ ਬੇਮੁਖ ਹੋ ਚੱਲੇ ਹਾਂ।

ਦਾਸ ਇਥੇ 24 ਫਰਵਰੀ 1985 ਦੀ ਇਕ ਘਟਨਾ ਦਾ ਜ਼ਿਕਰ ਕਰਨਾ ਚਾਹੁੰਦਾ ਹੈ। ਦਾਸ ਉਸ ਦਿਨ ਗੁਰਦੁਆਰਾ ਰੌਸ ਸਟਰੀਟ ਸਤਿਗੁਰਾਂ ਨੂੰ ਨਮਸਕਾਰ ਕਰਨ ਗਿਆ ਤਾਂ ਪ੍ਰਬੰਧਕਾ ਅਤੇ ਹੋਰ ਬੁਲਾਰਿਆਂ ਨੂੰ ਗੁਰੂ ਘਰ ਹਾਜ਼ਰ ਸੰਗਤ ਨੂੰ ਕਿਸੇ ਸਕੂਲ ਵਿਚ ਹੋਈ ਮੀਟਿੰਗ ਵਿਚ ਜਾਣ ਲਈ, ਪਰੇਰਦਿਆ, ਜ਼ੋਰ ਨਾਲ ਕਹਿੰਦੇ ਸੁਣਿਆ। ਇਕ ਸੇਵਾਦਾਰ ਨੇ ਦਾਸ ਨੂੰ ਵੀ ਕਿਹਾ ਬਾਬਾ ਛੇਤੀ ਪ੍ਰਛਾਦਾ ਛੱਕ ਲੈ, ਫਿਰ ਲੇਟ ਹੋ ਜਾਵਾਂਗੇ। ਮੀਟਿੰਗ ਵਾਲਿਆਂ ਇਕ-ਡੇਢ ਵਜੇ ਪਹੁੰਚ ਜਾਣਾ ਹੈ, ਆਪਾਂ ਪਹਿਲਾਂ ਹੀ ਜਾਕੇ ਹਾਲ ਰੋਕ ਲੈਣਾ ਹੈ। ਮੇਰੇ ਪੁਛਣ ਤੇ ਉਸ ਦੱਸਿਆ ਕਿ ਮੀਟਿੰਗ ਹੋਰਨਾਂ ਦੀ ਹੈ ਉਹ ਉੱਜਲ ਨੂੰ ਚਾਹਟਾ ਛਕਾਉਣ ਬਾਰੇ ਸਾਡੇ ਵਿਰੁਧ ਬੋਲਣਾ ਚਾਹੁੰਦੇ ਹਨ ਆਪਾਂ ਉਨ੍ਹਾਂ ਨੂੰ ਬੋਲਣ ਨਹੀਂ ਦੇਣਾ। ਮੈਂ ਕਿਹਾ ਕਿਉਂ? ਉਹ ਸੇਵਾਦਾਰ ਮੇਰੇ ਵੱਲ ਗਹੁ ਨਾਲ ਦੇਖਣ ਲੱਗਿਆ ਤੇ ਚਲਿਆ ਗਿਆ।

ਦਾਸ ਨੂੰ ਇਕ ਨੌਜਵਾਨ ਨੇ ਕਾਰ ਉਤੇ ਹੋਰ ਤਿੰਨ ਚਾਰ ਮੇਰੇ ਵਰਗੇ ਬੁੜ੍ਹਿਆਂ ਨਾਲ ਉਥੇ ਸਕੂਲ ਵਿਚ ਪੁਚਾ ਦਿੱਤਾ। ਉਥੇ ਹੋਰ ਹੀ ਨਜ਼ਾਰਾ ਸੀ। ਸੋਟੀਆਂ ਨਾਲ ਲਿਖ ਕੇ ਗੱਤੇ ਟੰਗੇ ਹੋਏ ਸਨ। ਸਟੂਡੈਂਟ ਫੈਡਰੇਸ਼ਨ ਦੇ ਬੰਦੇ ਨਾਅਰੇ ਲਾ ਰਹੇ ਸਨ। ਗੁਰਦੁਆਰੇ ਦੇ ਪੁਰਾਣੇ ਪ੍ਰਧਾਨ, ਮੋਤਾ ਸਿੰਘ ਝੀਤਾ, ਦਲਜੀਤ ਸਿੰਘ ਸਿੱਧੂ, ਪ੍ਰੇਮ ਸਿੰਘ, ਵਜ਼ੀਰ ਸਿੰਘ ਸਭ ਉਥੇ ਸਨ। ਕਹਿ ਰਹੇ ਸਨ ਅਸੀਂ ਸੁਣਨ ਆਏ ਹਾਂ, ਅਸੀਂ ਕਹਿੰਦੇ ਹਾਂ ਹੈਰੀ ਰਿਕਨ ਬੋਲੇ। ਅਸੀਂ ਕਿਸੇ ਨੂੰ ਨਹੀਂ ਬੋਲਣੋ ਰੋਕਦੇ। ਅਸੀਂ ਸੁਣਨ ਆਏ ਹਾਂ। ਇਸ ਤਰ੍ਹਾਂ ਦੀਆਂ ਹੀ ਕਹੀਆਂ ਗੱਲਾ ਇਸ ਹਫਤੇ ਦੇ ਇੰਡੋ ਕੈਨੇਡੀਅਨ ਵਿਚ ਵੀ ਪੜ੍ਹੀਆਂ।

ਦਾਸ ਤਾਂ ਇਹ ਸਭ ਸੁਣਕੇ, ਦੇਖ ਕੇ, ਪੜ੍ਹਕੇ ਹੈਰਾਨ ਹੋ ਗਿਆ। ਇੰਨਾ ਝੂਠ, ਇੰਨਾ ਕਫਰ, ਬਖਸ਼ ਲੈ ਸੱਚੇ ਪਾਤਿਸ਼ਾਹ! ਮੇਰੀ ਅਰਦਾਸ ਹੈ, ਮਿਹਰ ਕਰੀਂ, ਰਾਹੀਂ ਬਨਵਾਜ਼ ਦਾਸ ਦੀ ਖਾਲਿਸਤਾਨ ਨਾਲ ਨਾ ਹਮਦਰਦੀ ਹੈ ਨਾ ਵਿਰੋਧਤਾ ਹੈ। ਜੇ ਮਨ ਵਿਚ ਹੈ ਤਾਂ ਸੱਚ ਮਾਰਗ ਚੱਲਣ ਵਾਲਿਆ ਦਾ ਸਤਿਕਾਰ ਹੈ। ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ, ਹੁਣ ਦੇ ਮੈਂਬਰ, ਪ੍ਰੇਮ ਸਿੰਘ ਵਰਗੇ, ਤੇ ਵਜ਼ੀਰ ਸਿੰਘ ਕਾਹਲੋਂ ਜਿਹੇ, ਮਨਮੋਹਣ ਸਿੰਘ ਤੇ ਹੋਰ ਕਈ ਬੰਦੇ ਸੁਣ ਕੇ ਮਨ ਡਰਿਆ, ਕੋਈ ਵਾਹਿਗੁਰੂ ਦਾ ਭੈ ਨਹੀਂ। ਕੋਰਾ ਝੂਠ, ਕੋਰਾ ਤੂਫਾਨ। ਗੁਰਦੁਆਰੇ ਕੁਝ ਕਹਿਣ, ਮੀਟਿੰਗ ਵਿਚ ਕੁਝ। ਸੱਚ ਦੇ ਨੇੜ ਦੀ ਵੀ ਨਹੀਂ ਲੰਘੇ। ਇਹ ਸਾਡੇ ਪੰਥ ਦੇ ਆਗੂ ਸਾਨੂੰ ਜ਼ਰੂਰ ਹੀ ਨਰਕਾਂ ਵੱਲ ਧੂਹੀ ਲਈ ਜਾਂਦੇ ਹਨ। ਇਨੀ ਹਿੰਮਤ ਨਹੀਂ ਇਨ੍ਹਾਂ ਵਿਚ ਜੋ ਕਹਿਣ ਹਾਂ ਅਸੀਂ ਮੀਟਿੰਗ ਤੇ ਵਿਉਂਤਬੰਦੀ ਨਾਲ ਕਬਜ਼ਾ ਕੀਤਾ। ਅਸੀਂ ਨਹੀਂ ਬੋਲਣ ਦੇਣਾ ਇਹ ਸਾਡੇ ਵਿਰੋਧੀ ਹਨ। ਭਾਵੇਂ ਦਾਸ ਇਸ ਗੱਲ ਨਾਲ ਸਹਿਮਤ ਨਹੀਂ ਕਿ ਇਉਂ ਕੀਤਾ ਜਾਣਾ ਚਾਹੀਦਾ ਹੈ। ਇਹ ਸਾਡਾ ਆਚਰਨ ਹੈ, ਕਿਰਦਾਰ ਹੈ, ਸਾਡਾ ਆਚਾਰ ਹੈ। ਪਰ ਘੱਟੋ ਘੱਟ ਸੱਚ ਤਾਂ ਬੋਲਿਆ ਜਾਵੇ।

ਗੁਰੂ ਸਾਹਿਬ ਤਾਂ ਕਹਿੰਦੇ ਹਨ:
ਸੱਚੋ ਓਰੇ ਸਭ ਕੋ, ਵੁਪਰ ਸੱਚ ਅਚਾਰ।

ਜੇ ਅਸੀਂ ਆਚਾਰ ਹੀ ਦਾਗੀ ਕਰ ਲਿਆ। ਐਵੇਂ ਫੋਕੀ ਵਾਹ ਵਾਹ ਦੇ ਲਈ। ਸਾਲ, ਛੇ ਮਹੀਨਿਆਂ ਦੀ ਚੌਧਰ ਦੇ ਲਈ, ਪਿਛੇ ਕੀ ਰਹਿ ਗਿਆ। ਕੱਲੀ ਰਹਿਤ ਮਰਜ਼ਾਦਾ, ਸਾਨੂੰ ਸਿੱਖੀ ਜੀਵਨ ਨਹੀਂ ਦੇ ਸਕਦੀ। ਕੋਈ ਹੋਰ ਮਨਮੁੱਖਾ ਦਾ ਜੀਵਨ ਹੀ ਅਸੀਂ ਬਤੀਤ ਕਰ ਰਹੇ ਹਾਂ ਤਾਂ ਫਿਰ।

ਇਹ ਮੁਹਿੰਮਾ, ਧਾਵੇ ਤੇ ਇਕ ਦੇ ਧੱਕੇ, ਜਿਸ ਨੂੰ ਮੁਆਫ ਕਰਨਾ, ਬੁਰਸ਼ਾਗਰਦੀ ਹੀ ਕਹਿ ਸਕਦੇ ਹਾਂ।

ਦਾਸ ਦੀ ਬੇਨਤੀ ਹੈ ਨਿਮਰਤ ਨਾਲ, ਸਾਨੂੰ ਸੱਚੇ ਪਾਤਿਸ਼ਾਹ ਦਾ ਬਖਸ਼ਿਆ ਸੱਚਾ, ਸੁੱਚਾ ਸਿੱਖ ਜੀਵਨ ਜੀਊਣ ਦਾ ਯਤਨ ਕਰਨਾ ਚਾਹੀਦਾ ਹੈ।

ਇਹ ਮਾਨਸ ਜੀਵਨ ਨੂੰ ਕਿਉਂ ਕਲਜੁਗੀ ਰਾਹਾਂ ਤੇ ਤੋਰ ਕੇ ਤਬਾਹ ਕਰਨਾ ਹੈ।

ਸੇਵਾ, ਸਿੱਖੀ, ਦਾ ਮੂਲ ਹੱਥੋਂ ਨਾ ਜਾਣ ਦੇਈਏ। ਸੱਚੇ ਪਾਤਿਸ਼ਾਹ ਮਿਹਰ ਕਰਨ। ਬਖਸ਼ ਲੈਣਾ ਇਹੋ ਅਰਦਾਸ ਹੈ।

ਆਪ ਦਾ ਇਕ
ਪਾਠਕ

(ਦਾਸ ਆਪ ਦਾ ਨਾਂ ਜਾਣਕੇ ਨਹੀਂ ਲਿਖ ਰਿਹਾ, ਕਿਉਂ ਜੋ ਲਗਭਗ ਰੋਜ਼ ਰੌਸ ਵਾਲੇ ਗੁਰਦੁਆਰੇ ਜਾਂਦਾ ਹਾਂ, ਐਵੇਂ ਗੁਰਦੁਆਰੇ ਦੇ ਪ੍ਰਬੰਧਕ ਫਸਾਦ ਕਰਨ। ਇਨ੍ਹਾਂ ਕੋਲੋਂ ਡਰਨਾ ਮਾੜੀ ਗੱਲ ਨਹੀਂ, ਭਾਵੇਂ ਇਹ ਮੇਰੀ ਕਮਜ਼ੋਰੀ ਸਮਝੋ।)

ਬਘਿਆੜ ਹੀ ਬਘਿਆੜ

ਐਡੀਟਰ ਸਾਹਿਬ ਜੀ,

ਸਤਿ ਸ੍ਰੀ ਅਕਾਲ।

ਬੈਂਸ ਸਾਹਿਬ ਦੇ ਚੇਲੇ ਅਤੇ ਭਿੰਡਰਾਂ ਵਾਲੇ ਦੇ ਚੇਲੇ, ਇਕੱਠੇ ਮਿਲ ਕੇ, ਮੀਟਿੰਗ ਜੋ ਬੋਲਣ ਦੇ ਹੱਕਾਂ ਬਾਰੇ ਸੀ, ਭੰਗ ਕਰਦੇ ਦੇਖ ਕੇ ਅਚੰਭਾ ਹੋਇਆ। ਜਿਵੇਂ ਜਸਵਿੰਦਰ ਸਿੰਘ ਨੇ ਲਿਖਿਆ **ਕਾਮਰੇਡ ਜੀ ਬੋਲੇ**, ਵਾਲੇ ਲੇਖ ਵਿਚ, ਇਕ ਰੱਬ ਨੂੰ ਮਨਣ ਵਾਲੇ, ਇਕ ਨਾਸਤਕ, ਦੋਵੇਂ ਇਕੱਠੇ, ਇਹ ਕਿਵੇਂ। ਇਕ ਦਾਹੜੀਆਂ, ਪੱਗਾਂ ਵਾਲੇ, ਇਕ ਘੋਨਮੋਨ ਅਤੇ ਸਿਗਰਟਾਂ ਦਾ ਧੂੰਆ ਛੱਡਣ ਵਾਲੇ ਦੋਵੇਂ ਕਿਵੇਂ ਇਕ ਥਾਂ ਹੋਏ।

ਜਿਵੇਂ ਲੋਕ ਆਮ ਕਹਿੰਦੇ ਹਨ ਕਿ ਸਭ ਅਮਰੀਕਾ ਦੇ ਏਜੰਟ ਹਨ, ਹੋ ਸਕਦਾ, ਅਮਰੀਕਾ ਦੇ ਹਾਕਮ ਇਨ੍ਹਾਂ ਨੂੰ ਕਹਿੰਦੇ ਹੋਣ ਕਿ ਇਕੱਠੇ ਮਿਲ ਕੇ ਰੌਲਾ ਪਾਉ ਤਾ ਦੱਛਣਾ ਮਿਲੂਗੀ। ਕੀ ਖਾਲਿਸਤਾਨ ਵਿਚ ਇਹੋ ਧੱਕਾਸ਼ਾਹੀ ਚੱਲੂਗੀ। ਮੇਰਾ ਖਿਆਲ ਹੈ, ਇਹ ਪਾਕਿਸਤਾਨ ਦੇ ਡਿਕਟੇਟਰ ਵਾਲਾ ਰਾਜ ਹੀ ਚਾਹੁੰਦੇ ਹਨ ਔਰੰਗਜੇਬੀ ਰਾਜ! ਬਘਿਆੜਾਂ ਦਾ ਰਾਜ! ਇਹ ਦੋਵੇਂ ਟੋਲੇ ਝੂਠਾਂ ਦੇ ਸਹਾਰੇ ਹੀ ਚਮਕਣਾ ਚਾਹੁੰਦੇ ਹਨ। ਇਕ ਗੱਲ ਹੋਰ, ਪਹਿਲਾਂ ਹਰਦਿਆਲ ਬੈਂਸ ਦੇ ਚੇਲੇ ਦੂਜਿਆਂ ਦੇ ਸਿਰ ਪਾੜਦੇ ਰਹੇ, ਹੁਣ ਉਨ੍ਹਾਂ ਦਾ ਕੰਮ ਕਰਨ ਵਾਲੇ ਇਹ ਖਾਲਿਸਤਾਨੀ ਪੈਦਾ ਹੋ ਗਏ। ਇਨ੍ਹਾਂ ਸਮਝਣਾ ਚਾਹੀਦਾ ਹੈ ਕਿ ਦੇਖਣ ਹਰਦਿਆਲ ਬੈਂਸ ਨੇ ਕੀ ਜਿਤ ਜਿਤੀ ਹੈ ਜੋ ਹੁਣ ਇਹ ਭਾਈ ਜਿੱਤਣ ਚੱਲੇ ਹਨ।

ਇਨ੍ਹਾਂ ਦੀਆਂ ਕਾਲੀਆਂ ਕਰਨੀਆਂ ਨੇ ਹੀ ਕਾਂਗਰਸ ਸਰਕਾਰ ਦੇ ਗੁੰਡਿਆਂ ਨੂੰ ਸਾਡੇ ਸਿੱਖ ਭਰਾਵਾਂ ਦਾ ਖੂਨ ਡੋਲਣ ਦਾ ਮੌਕਾ ਪੈਦਾ ਕਰਕੇ ਦਿਤਾ ਹੈ ਇਨ੍ਹਾਂ ਚੋਂ ਕਿਸੇ ਨੂੰ ਸੇਕ ਨਹੀਂ ਲਗਾ। ਇਨ੍ਹਾਂ ਨੂੰ ਦੂਜੇ ਦੇ ਘਰ ਲੱਗੀ ਅੱਗ ਬਸੰਤਰ ਦੀ ਦਿਸਦੀ ਹੈ। ਇਨ੍ਹਾਂ ਸ਼ਰਮ ਨਹੀਂ ਆਉਂਦੀ ਕਿ ਹਜ਼ਾਰਾਂ ਲੋਕਾਂ ਨੂੰ ਮਰਵਾਉਣ ਦਾ ਕਾਰਨ ਖੁਦ ਬਣ ਕੇ, ਹੁਣ ਉਨ੍ਹਾਂ ਨੂੰ ਸ਼ਹੀਦ ਹੋਏ ਕਹਿ ਰਹੇ ਹਨ। ਸ਼ਹੀਦ ਤਾਂ ਆਪ ਕੁਰਬਾਨੀ ਦੇ ਕੇ ਬਣੀਦਾ ਹੈ। ਬੇਗੁਨਾਹ, ਵੇਸਲੇ ਮਜ਼ਲੂਮ ਦੇ ਜ਼ੁਲਮ ਦਾ ਸ਼ਿਕਾਰ ਹੋ ਜਾਣ, ਉਨ੍ਹਾਂ ਨੂੰ ਸ਼ਹੀਦ ਕਹਿਣਾ, ਉਨ੍ਹਾਂ ਦੇ ਲਹੂ ਦਾ ਫਾਇਦਾ ਉਠਾ ਕੇ ਲੀਡਰੀ ਚਮਕਾਉਣਾ ਹੁੰਦਾ ਹੈ। ਸ਼ਹੀਦੀ ਫਿਰ ਹੈ ਜੇ ਭਾਈ ਬਲਵੰਤ ਸਿੰਘ ਜਾਂ ਕਰਤਾਰ ਸਿੰਘ ਸਰਾਭੇ ਵਾਂਗੂੰ ਜਾ ਕੇ ਉਥੇ ਕੁਰਬਾਨੀਆਂ ਦੇਣ। ਇਹ ਤਾਂ ਉਨ੍ਹਾਂ ਗਰੀਬਾਂ ਦੀਆਂ ਅਜਾਈਂ ਗਈਆਂ ਕੀਮਤੀ ਜਾਨਾਂ ਨੂੰ ਸ਼ਹੀਦੀਆ ਆਖ ਕੇ ਆਪ ਦੀਆਂ ਅਹਿਮਕਾਨਾਂ ਕਰਨੀਆ ਤੇ ਪੜਦਾ ਪਾਉਣਾ ਹੈ।

ਮੈਂ ਤਾਂ ਇਹ ਲਿਖ ਕੇ ਪਾਠਕਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਹੁਸ਼ਿਆਰ ਰਹੋ ਅਤੇ ਇਨ੍ਹਾਂ ਦੀਆਂ ਗੱਲਾਂ ਵਿਚ ਨਾ ਆਉ।

ਆਪ ਦਾ ਸ਼ੁਭਚਿੰਤਕ
ਅਮਰੀਕ ਸਿੰਘ, ਸਰ੍ਹੀ, ਬੀ. ਸੀ.

ਜ਼ੋਰਦਾਰ ਖੰਡਨ

ਟਰੰਟੋ ਦਾ ਇਪਾਨਾ, ਈ. ਆਈ. ਡਬਲਯੂ. ਏ. ਅਤੇ ਪ੍ਰਗਤੀਵਾਦੀ ਪੰਜਾਬੀ ਲੇਖਕਾਂ ਵਲੋਂ ਮੌਕਾਪ੍ਰਸਤਾਂ ਅਤੇ ਫਿਰਕਾਪ੍ਰਸਤਾਂ (ਖਾਲਿਸਤਾਨੀਆ) ਦਾ ਜੋਰਦਾਰ ਖੰਡਨ 24 ਫਰਵਰੀ ਟੋਰੰਟੋ ਲਾਗੇ ਮਾਲਟਨ ਕਮਿਊਨਿਟੀ ਸੈਂਟਰ ਵਿਖੇ ਟੋਰੰਟੋ 'ਚ ਕੰਮ ਕਰਦੀਆਂ ਭਾਰਤੀ ਕਮਿਊਨਿਟੀ 'ਚ ਦੋ ਜਥੇਬੰਦੀਆਂ ਇਪਾਨਾ, ਅਤੇ ਈ. ਆਈ. ਡਬਲਯੂ. ਏ. ਅਤੇ ਅਗਾਂਹਵਧੂ ਪੰਜਾਬੀ ਲੇਖਕਾਂ ਵਲੋਂ ਭਾਰਤੀ ਕਮਿਊਂਨਿਟੀ ਚ ਫੁੱਟ ਪਾਕੇ ਆਪਣਾ ਉੱਲੂ ਸਿੱਧਾ ਕਰਨ ਵਾਲਿਆਂ ਮੁੱਠੀ ਭਰ ਮੌਕਾ ਪ੍ਰਸਤਾਂ ਅਤੇ ਫਿਰਕਾਪ੍ਰਸਤਾ ਵਲੋਂ ਕੀਤੀਆਂ ਜਾਣ ਵਾਲੀਆ ਘਟੀਆ ਕਾਰਵਾਈਆ ਦਾ ਜੋਰਦਾਰ ਖੰਡਨ ਕੀਤਾ ਗਿਆ। ਧਰਮ ਦੇ ਨਾ ਤੇ ਸਾਧਾਰਨ ਲੋਕਾਂ ਨੂੰ ਬੁੱਧੂ ਬਣਾ ਕੇ ਠੱਗਣ ਵਾਲੇ ਵੀਹਵੀਂ ਸਦੀ ਦੇ ਮਸੰਦਾਂ ਦੇ ਅਗਰ ਕੋਈ ਪਰਦੇ ਜਾਹਿਰ ਕਰਦਾ ਹੈ ਤਾਂ ਉਸ ਵਲੋਂ ਉਠਾਏ ਗਏ ਨੁਕਤਿਆਂ ਦੇ ਬਿਨ੍ਹਾਂ ਕਿਸੇ

(ਬਾਕੀ ਪੰਨਾ 16 ਤੇ)

ਭਾਰਤ ਦਰਪਣ

ਮਾਥੁਰ ਵਲੋਂ ਅਸਤੀਫਾ ਹੀਰਾ ਲਾਲ ਮੁੱਖ ਮੰਤਰੀ

ਜੈਪੁਰ: ਰਾਜਸਥਾਨ ਦੇ ਮੁਖ ਮੰਤਰੀ ਸ਼ਿਵ ਚਰਨ ਮਾਥੁਰ ਨੇ ਅਜ ਆਪਣਾ ਅਸਤੀਫਾ ਓ. ਪੀ. ਮਹਿਰਾ ਅੱਗੇ ਪੇਸ਼ ਕਰ ਦਿਤਾ। ਵਿਧਾਇਕ ਮਾਨ ਸਿੰਘ ਅਤੇ ਉਨ੍ਹਾਂ ਦੇ ਦੋ ਸਾਥੀਆਂ ਦੀ ਪੁਲੀਸ ਫਾਇਰਿੰਗ ਨਾਲ ਹੋਈ ਮੌਤ ਉਪਰੰਤ ਪੈਦਾ ਹੋਈ ਸਥਿਤੀ 'ਚ ਸ੍ਰੀ ਮਾਥੁਰ ਨੇ ਨੈਤਿਕ ਆਧਾਰ 'ਤੇ ਆਪਣਾ ਦੋ ਸਤਰਾਂ ਦਾ ਅਸਤੀਫਾ ਅਜ 12.45 ਵਜੇ ਰਾਜਪਾਲ ਅੱਗੇ ਪੇਸ਼ ਕੀਤਾ।

ਰਾਜਪਾਲ ਨੇ ਮੁਖ ਮੰਤਰੀ ਦਾ ਅਸਤੀਫਾ ਪ੍ਰਵਾਨ ਕਰ ਲਿਆ ਅਤੇ ਸਾਬਕਾ ਕਿਰਤ ਮੰਤਰੀ ਸ੍ਰੀ ਹੀਰਾ ਲਾਲ ਨੂੰ ਰਾਜ ਦੇ ਨਵੇਂ ਮੁਖ ਮੰਤਰੀ ਬਣਾਇਆ ਗਿਆ ਹੈ।

ਰਾਜਪਾਲ ਨੇ ਮੁਖ ਮੰਤਰੀ ਦਾ ਅਸਤੀਫਾ ਪ੍ਰਵਾਨ ਕਰ ਲਿਆ ਅਤੇ ਸਾਬਕਾ ਕਿਰਤ ਮੰਤਰੀ ਸ੍ਰੀ ਹੀਰਾ ਲਾਲ ਨੂੰ ਰਾਜ ਦੇ ਨਵੇਂ ਮੁਖ ਮੰਤਰੀ ਬਣਾਇਆ ਗਿਆ ਹੈ।

ਜਦੋਂ ਉਨ੍ਹਾਂ ਨੂੰ ਇਹ ਪੁੱਛਿਆ ਕਿ ਕਾਂਗਰਸ (ਆਈ) ਹਾਈ ਕਮਾਂਡ ਦੇ ਫੈਸਲੇ ਨੂੰ ਉਡੀਕੇ ਬਿਨਾਂ ਹੀ ਅਸਤੀਫਾ ਕਿਉਂ ਦੇ ਦਿਤਾ ਤਾਂ ਸ੍ਰੀ ਮਾਥੁਰ ਨੇ ਕਿਹਾ, "ਮੈਂ ਆਪਣੀ ਜ਼ਮੀਰ ਦੇ ਫੈਸਲੇ ਮੁਤਾਬਿਕ ਇਹ ਕਾਰਵਾਈ ਕੀਤੀ ਹੈ।" ਬਾਅਦ ਵਿਚ ਇਹ ਵੀ ਦੱਸਿਆ ਗਿਆ ਕਿ ਸ੍ਰੀ ਰਾਜੀਵ ਗਾਂਧੀ ਤੋਂ ਉਨ੍ਹਾਂ ਇਸ ਸਬੰਧੀ ਆਗਿਆ ਲੈ ਲਈ ਹੈ।

ਇਸ ਤੋਂ ਪਹਿਲਾਂ ਦਿਨ ਸਮੇਂ ਸ੍ਰੀ ਮਾਥੁਰ ਨੇ ਰਿਹਾਇਸ਼ੀ-ਸਥਾਨ ਵਿਖੇ ਆਪਣੇ ਕੈਬਨਿਟ ਸਾਥੀਆਂ ਨਾਲ ਸਲਾਹ ਮਸ਼ਵਰਾ ਕੀਤਾ। ਪੈਟਰੋਲੀਅਮ ਬਾਰੇ ਕੇਂਦਰੀ ਰਾਜ ਮੰਤਰੀ ਨਵਲ ਕਿਸ਼ੋਰ ਸ਼ਰਮਾ ਅਤੇ ਸੰਚਾਰ ਮੰਤਰੀ ਰਾਮ ਨਿਵਾਸ ਮਿਰਧਾ ਵੀ ਸ੍ਰੀ ਮਾਥੁਰ ਨੂੰ ਮਿਲੇ।

ਸ੍ਰੀ ਮਾਥੁਰ ਨੇ ਕਿਹਾ ਕਿ ਸਦਾਚਾਰਕ ਕਦਰਾਂ-ਕੀਮਤਾਂ ਨੂੰ ਬਰਕਰਾਰ ਰਖਦੇ ਹੋਏ ਇਹ ਅਸਤੀਫਾ ਦਿਤਾ ਗਿਆ ਹੈ ਜੋ ਕਿ ਉਨ੍ਹਾਂ ਦੀ ਪਾਰਟੀ ਦਾ ਆ ਰਹੀਆਂ ਅਸ਼ੈਂਬਲੀ ਚੋਣਾਂ ਲਈ ਚੰਗਾ ਪ੍ਰਭਾਵ ਬਣਾਵੇਗਾ।

ਸ੍ਰੀ ਮਾਨ ਸਿੰਘ ਦੀ ਮੌਤ ਬਾਰੇ ਉਨ੍ਹਾਂ ਕਿਹਾ ਕਿ ਘਟਨਾ ਦੀ ਜਾਂਚ ਲਈ ਸਰਕਾਰ ਕਮਿਸ਼ਨ ਕਾਇਮ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਪੁਰਾਣੇ ਹਲਕੇ ਨੂੰ ਜਾ ਰਹੇ ਹਨ ਜਿਥੋਂ ਕਿ ਉਨ੍ਹਾਂ ਅਸੈਂਬਲੀ ਲਈ ਮੁੜ ਚੋਣ ਲੜਨੀ ਹੈ।

ਮੁਖ ਮੰਤਰੀ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇਹ ਵੀ ਕਿਹਾ ਕਿ ਸ੍ਰੀ ਮਾਨ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੇ ਮਰਨ ਵਾਲੀ ਘਟਨਾ ਨਿਰਾਸ਼ਾਜਨਕ ਹੈ

ਮੀਟਿੰਗ 31 ਨੂੰ

ਜਲੰਧਰ: ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸ. ਕੁਲਦੀਪ ਸਿੰਘ ਵਡਾਲਾ ਨੇ ਕਿਹਾ ਹੈ ਕਿ ਸ਼ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਮੀਟਿੰਗ 31 ਮਾਰਚ ਨੂੰ ਅੰਮ੍ਰਿਤਸਰ ਹੋ ਰਹੀ ਹੈ।

ਪਾਕਿ ਨੂੰ ਵਕੀਲ ਭੇਜੇ ਤਾਂ ਵਾਰਤਾ ਦੀ ਆਸ ਮੱਧਮ

ਰੁਦਰਪੁਰ (ਉਤਰ ਪ੍ਰਦੇਸ਼) — ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਚਿਤਾਵਨੀ ਦਿਤੀ ਹੈ ਕਿ ਅਗਰ ਅਕਾਲੀਆਂ ਨੇ ਪਾਕਿਸਤਾਨ ਵਿਚ ਇੰਡੀਅਨ ਏਅਰ ਲਾਈਨਜ਼ ਦਾ ਹਵਾਈ ਜਹਾਜ਼ ਅਗਵਾ ਕਰਨ ਵਾਲਿਆਂ ਦੀ ਮੁਕੱਦਮੇ ਵਿਚ ਪੈਰਵੀ ਕਰਨ ਲਈ ਕੋਈ ਵਕੀਲ ਭੇਜਿਆ ਤਾਂ ਉਨ੍ਹਾਂ ਨਾਲ ਗਲਬਾਤ ਦੀਆਂ ਸੰਭਾਵਨਾਵਾਂ ਮੱਧਮ ਪੈ ਜਾਣਗੀਆਂ।

ਇਸ ਸਬੰਧੀ ਖਬਰਾਂ ਨੂੰ "ਬੇਚੈਨ ਕਰਨ ਵਾਲੀਆਂ" ਦਸਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਅਕਾਲੀ ਦਲ ਨਾਲ ਗਲਬਾਤ ਲਈ ਸਿਰਫ ਦੋ ਸ਼ਰਤਾਂ ਰਖੀਆਂ ਹਨ — ਇਕ ਤੇ ਉਹ ਅਤਿਵਾਦੀਆਂ ਨਾਲੋਂ ਨਿਖੇੜਾ ਕਰਨ, ਦੂਸਰੇ ਸੰਵਿਧਾਨ ਦੇ ਢਾਂਚੇ ਵਿਚ ਗਲਬਾਤ ਲਈ ਰਾਜ਼ੀ ਹੋਣ।

ਸ੍ਰੀ ਗਾਂਧੀ ਨੇ ਵੱਖ ਵੱਖ ਚੋਣ ਜਲਸਿਆਂ ਵਿਚ ਤਕਰੀਰਾਂ ਕਰਦਿਆਂ ਸ੍ਰੀ ਪੀ. ਐਨ. ਲੇਖੀ ਨੂੰ ਇੰਦਰਾ ਗਾਂਧੀ ਕਤਲ ਕਾਂਡ ਵਿਚ ਸਤਵੰਤ ਸਿੰਘ ਦੇ ਵਕੀਲੇ ਸਫਾਈ ਵਜੋਂ ਪੇਸ਼ ਹੋਣ ਦੀ ਆਗਿਆ ਦੇਣ ਲਈ ਭਾਰਤੀ ਜਨਤਾ ਪਾਰਟੀ ਦੀ ਨਿਖੇਧੀ ਕੀਤੀ।

ਉਨ੍ਹਾਂ ਕਿਹਾ ਕਿ ਸ੍ਰੀ ਲੇਖੀ ਦਾ ਸਤਵੰਤ ਸਿੰਘ ਵਲੋਂ ਪੇਸ਼ ਹੋਣ ਲਈ ਦਿੱਲੀ ਭਾਜਪਾ ਦੀ ਮੀਤ ਪ੍ਰਧਾਨਗੀ ਤੋਂ ਅਸਤੀਫਾ ਮਹਿਜ਼ "ਅੱਖਾਂ ਪੂੰਝਣਾ" ਹੈ।

ਪ੍ਰਧਾਨ ਮੰਤਰੀ ਨੇ ਇਸ ਗੱਲ ਵਲ ਧਿਆਨ ਦਿਵਾਇਆ ਹੈ ਕਿ ਸ੍ਰੀ ਲੇਖੀ ਸ਼ਾਹ ਕਮਿਸ਼ਨ ਅਗੇ ਸ੍ਰੀਮਤੀ ਇੰਦਰਾ ਗਾਂਧੀ ਵਿਰੁਧ ਸਰਕਾਰੀ ਵਕੀਲ ਵਜੋਂ ਪੇਸ਼ ਹੁੰਦੇ ਰਹੇ ਹਨ।

ਪੀ. ਟੀ. ਆਈ. ਅਨੁਸਾਰ ਸ੍ਰੀ ਗਾਂਧੀ ਨੇ ਸਾਰੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਦਹਿਸ਼ਤਪ੍ਰਸਤੀ ਵਿਰੁਧ ਅਵਾਜ਼ ਉਠਾਉਣ ਅਤੇ ਪੰਜਾਬ ਮਸਲਾ ਹੱਲ ਕਰਨ ਵਿਚ ਸਹਿਯੋਗ ਦੇਣ।

ਉਨ੍ਹਾਂ ਸਿੱਖਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੇ ਅਧਿਕਾਰਾਂ ਦੀ ਪੂਰੀ ਤਰ੍ਹਾਂ ਰਾਖੀ ਕੀਤੀ ਜਾਵੇਗੀ ਅਤੇ ਉਨ੍ਹਾਂ ਦੇ ਹਿਤਾਂ ਦੀ ਸੁਰੱਖਿਆ ਕੀਤੀ ਜਾਵੇਗੀ। ਉਨ੍ਹਾਂ ਵਿਰੁਧ ਕਿਸੇ ਵੀ ਤਰ੍ਹਾਂ ਦੇ ਭੇਦ ਭਾਵ ਦਾ ਸਵਾਲ ਨਹੀਂ ਹੈ ਅਤੇ ਉਨ੍ਹਾਂ ਨੂੰ ਜੀਵਨ ਦੇ ਹਰ ਪਹਿਲੂ ਵਿਚ ਪੂਰੇ ਮੌਕੇ ਮਿਲਣਗੇ।

ਰਾਜੀਵ ਦੀ ਨਾਂਹ

ਨਵੀਂ ਦਿਲੀ — (ਯੂ. ਐਨ. ਆਈ.) — ਭਾਵੇਂ ਅਜੇ ਦਲ ਬਦਲੀ ਵਿਰੋਧੀ ਬਿਲ ਨੇ ਅਮਲ ਵਿਚ ਆਉਣਾ ਹੈ ਪ੍ਰੰਤੂ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ 19 ਆਜ਼ਾਦ ਵਿਧਾਇਕਾਂ ਨੂੰ ਕਾਂਗਰਸ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰਕੇ ਇਸ ਬਿੱਲ ਉਤੇ ਪਹਿਲਾਂ ਹੀ ਅਮਲ ਸ਼ੁਰੂ ਕਰ ਦਿਤਾ ਹੈ।

ਭਰੋਸੇਯੋਗ ਸੂਤਰਾਂ ਅਨੁਸਾਰ ਜਿਨ੍ਹਾਂ ਮੈਂਬਰਾਂ ਨੂੰ ਜਵਾਬ ਦਿਤਾ ਗਿਆ ਹੈ, ਉਨ੍ਹਾਂ ਵਿਚ 19 ਮਨੀਪੁਰ ਦੇ ਆਜ਼ਾਦ ਵਿਧਾਇਕ ਅਤੇ ਇਕ ਦਾਦਰਾ ਨਗਰ ਹਵੇਲੀ ਦਾ ਆਜ਼ਾਦ ਪਾਰਲੀਮੈਂਟ ਮੈਂਬਰ ਸ਼ਾਮਲ ਹੈ।

ਸਤਵੰਤ ਸਿੰਘ ਤੇ 2 ਹੋਰਨਾਂ ਦੀ ਜ਼ਮਾਨਤ ਰੱਦ

ਨਵੀਂ ਦਿਲੀ: ਇੰਦਰਾ ਗਾਂਧੀ ਹੱਤਿਆ ਕਾਂਡ ਦੇ ਦੋਸ਼ੀਆਂ ਸਤਵੰਤ ਸਿੰਘ, ਬਲਬੀਰ ਸਿੰਘ ਅਤੇ ਕੇਹਰ ਸਿੰਘ ਦੀਆਂ ਜ਼ਮਾਨਤੀ ਅਰਜ਼ੀਆਂ ਐਡੀਸ਼ਨਲ ਚੀਫ ਮੇਟਰੋਪਾਲਿਟਨ ਮੈਜਿਸਟਰੇਟ ਸ੍ਰੀ ਐਸ. ਐਲ. ਖੰਨਾ ਨੇ ਅਜ ਰੱਦ ਕਰ ਦਿੱਤੀਆਂ।

ਮੈਜਿਸਟਰੇਟ ਨੇ ਆਪਣੇ ਫੈਸਲੇ 'ਚ ਕਿਹਾ ਕਿ ਸਤਵੰਤ ਸਿੰਘ (ਸਿੰਘ, ਕੇਹਰ ਸਿੰਘ ਅਤੇ ਬਲਬੀਰ ਸਿੰਘ ਵਿਰੁਧ ਚਾਰਜਸ਼ੀਟ 90 ਦਿਨਾਂ ਦੇ ਅੰਦਰ (88ਵੇਂ ਦਿਨ) ਪੇਸ਼ ਕੀਤੀ ਗਈ ਸੀ। ਇਸ ਲਈ ਉਹ ਜ਼ਮਾਨਤ ਦੇ ਹੱਕਦਾਰ ਨਹੀਂ ਹਨ।

ਇਸ ਤੋਂ ਪਹਿਲਾਂ ਸਤਵੰਤ ਸਿੰਘ ਦੇ ਵਕੀਲ ਪੀ. ਐਨ. ਲੇਖੀ ਨੇ ਕਿਹਾ ਸੀ ਕਿ 90 ਦਿਨਾਂ ਦੇ ਅੰਦਰ ਚਾਰਜਸ਼ੀਟ ਪੇਸ਼ ਨਹੀਂ ਸੀ ਕੀਤੀ ਗਈ। ਵਕੀਲ ਨੇ ਇਹ ਵੀ ਕਿਹਾ ਕਿ ਲੋਹੀਆ ਹਸਪਤਾਲ ਦੇ ਸਮੇਂ ਦੌਰਾਨ ਸਤਵੰਤ ਸਿੰਘ ਨੂੰ ਪੁਲੀਸ ਹਿਰਾਸਤ 'ਚ ਹੀ ਰਖਿਆ ਗਿਆ। ਜਿਵੇਂ ਕਿ ਅਖਬਾਰਾਂ ਦੀਆਂ ਰਿਪੋਰਟਾਂ ਦਸਦੀਆਂ ਹਨ ਕਿ ਹਸਪਤਾਲ ਨੂੰ ਚਾਰੇ ਪਾਸਿਓਂ ਪੁਲੀਸ ਨੇ ਘੇਰਾ ਪਾਇਆ ਹੋਇਆ ਸੀ ਤੇ ਸਤਵੰਤ ਸਿੰਘ ਨੂੰ ਕੋਈ ਵੀ ਨਹੀਂ ਸੀ ਮਿਲ ਸਕਦਾ।

ਮੈਜਿਸਟਰੇਟ ਨੇ ਮਿਸਾਲ ਦੇ ਕੇ ਕਿਹਾ ਕਿ ਪਿੰਡ 'ਚ ਜਦੋਂ ਕੋਈ ਵਿਅਕਤੀ ਜੁਰਮ ਕਰਦਾ ਹੈ ਤਾਂ ਪਿੰਡ ਵਾਸੀ ਜਾਂ ਪਿੰਡ ਦਾ ਚੌਕੀਦਾਰ ਉਸ ਨੂੰ ਪੁਲੀਸ ਦੇ ਹਵਾਲੇ ਕਰਨ ਲਈ ਕਾਬੂ ਕਰ ਲੈਂਦੇ ਹਨ ਤਾਂ ਉਸ ਨੂੰ ਕਾਬੂ ਕੀਤੇ ਜਾਣ ਦੇ ਸਮੇਂ ਨੂੰ ਪੁਲੀਸ ਦੀ ਗ੍ਰਿਫਤਾਰੀ ਨਹੀਂ ਗਿਣਿਆ ਜਾ ਸਕਦਾ। ਉਨ੍ਹਾਂ ਕਿਹਾ ਕਿ 31 ਅਕਤੂਬਰ ਨੂੰ 11.25 ਵਜੇ ਐਫ. ਆਈ. ਆਰ. ਦਰਜ ਕਰਨ ਪਿਛੋਂ ਪੁਲੀਸ ਮਸ਼ੀਨਰੀ ਹਰਕਤ 'ਚ ਆਈ ਅਤੇ ਜਦ ਤਕ ਸਤਵੰਤ ਸਿੰਘ ਨੂੰ ਲੋਹੀਆ ਹਸਪਤਾਲ ਵਿਚ ਲਿਜਾਇਆ ਜਾ ਚੁੱਕਾ ਸੀ।

ਮੈਜਿਸਟਰੇਟ ਨੇ ਕਿਹਾ ਕਿ ਰਿਕਾਰਡਾਂ ਤੋਂ ਇਹੋ ਤੱਥ ਸਾਹਮਣੇ ਆਉਂਦਾ ਹੈ ਕਿ ਸਤਵੰਤ ਸਿੰਘ ਨੂੰ ਹਸਪਤਾਲ ਤੋਂ ਡਿਸਚਾਰਜ ਕਰਨ ਉਪਰੰਤ 15 ਨਵੰਬਰ ਨੂੰ ਗ੍ਰਿਫਤਾਰ ਕੀਤਾ ਗਿਆ।

'ਖਾਲਸਾ ਵਾਇਸ' ਬਾਰੇ ਰੀਪੋਰਟ ਦੀ ਉਡੀਕ

ਨਵੀਂ ਦਿਲੀ — (ਪੀ. ਟੀ. ਆਈ.) — ਵਿਦੇਸ਼ ਮੰਤਰਾਲੇ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਪੱਛਮੀ ਯੂਰਪ ਵਿਚ ਕਿਸੇ ਥਾਂ ਤੋਂ ਕਥਿਤ 'ਖਾਲਸਾ ਵਾਇਸ' ਦੇ ਪ੍ਰਸਾਰਣ ਦਾ ਮਾਮਲਾ ਭਾਰਤ ਸਰਕਾਰ ਵੇਰਵੇ ਸਹਿਤ ਰਿਪੋਰਟ ਮਿਲਣ ਪਿਛੋਂ ਹੀ ਸਬੰਧਤ ਸਰਕਾਰ ਨਾਲ ਉਠਾਏਗੀ। ਬੁਲਾਰੇ ਨੇ ਦਸਿਆ ਕਿ ਸਰਕਾਰ ਇਸ ਵਿਸ਼ੇ 'ਤੇ ਲੰਡਨ ਸਥਿਤ ਭਾਰਤੀ ਰਾਜਦੂਤ ਦੀ ਰਿਪੋਰਟ ਉਡੀਕ ਰਹੀ ਹੈ।

ਖਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ ਦੇ ਨਾਂ ਖੁਲ੍ਹਾ ਖਤ

ਸਤਿਕਾਰਯੋਗ ਪ੍ਰਧਾਨ ਜੀ ਅਤੇ ਪ੍ਰਬੰਧਕੀ ਸਜਣੋਂ,

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

24 ਫਰਵਰੀ ਦਿਨ ਐਤਵਾਰ ਨੂੰ ਡੇਵਿਡ ਥਾਂਪਸਨ ਸਕੂਲ ਵਿਚ ਜੋ ਕੁਝ ਹੋਇਆ, ਟੀ. ਵੀ. ਰੇਡੀਓ ਅਤੇ ਅਖਬਾਰਾਂ ਚੋਂ ਪੜ੍ਹ ਸੁਣ ਕੇ, ਕਨੇਡੇ ਦੇ ਆਮ ਸ਼ਹਿਰੀਆਂ ਦਾ ਸਾਡੀ ਕਮਿਊਨਿਟੀ ਬਾਰੇ ਜੋ ਖਿਆਲ ਹੈ ਇਸ ਬਾਰੇ ਮੈਂ ਕੁਝ ਗੱਲਾਂ ਤੁਹਾਡੇ ਨਾਲ ਸਾਂਝੀਆਂ ਕਰਨੀਆਂ ਚਾਹੁੰਦਾ ਹਾਂ। ਤੁਹਾਡੇ ਨਾਲ ਇਹ ਗੱਲਾਂ ਸਾਂਝੀਆਂ ਕਰਨ ਦੇ ਕੁਝ ਕਾਰਨ ਹਨ।

1. ਮੈਂ ਗੁਰਦਵਾਰੇ ਵਿਚ ਮੌਜੂਦਾ ਸਥਾਪਤ ਕਮੇਟੀ ਦਾ ਸਮਰਥਕ ਰਿਹਾ ਹਾਂ ਅਤੇ ਅੱਜ ਵੀ ਹਾਂ। ਮੇਰੇ ਇਕ ਨਜ਼ਦੀਕੀ ਰਿਸ਼ਤੇਦਾਰ ਤੁਹਾਡੇ ਧੜੇ ਦੇ ਸਰਗਰਮ ਮੈਂਬਰ ਹਨ ਜਿਨ੍ਹਾਂ ਦੇ ਕਰਕੇ ਮੈਂ ਹੋਰਨਾਂ ਮਿਤਰਾਂ, ਦੋਸਤਾਂ ਤੇ ਰਿਸ਼ਤੇਦਾਰਾਂ ਦੇ ਫਾਰਮ ਭਰਵਾ ਕੇ ਵੋਟਾਂ ਬਣਾਈਆਂ। ਅਜ ਉਹ ਲੋਕ ਮੇਰੇ ਕੋਲੋਂ ਇਨਾਂ ਗੱਲਾਂ ਦਾ ਜਵਾਬ ਮੰਗਦੇ ਹਨ ਤਾਂ ਹੋ ਸਕਦਾ ਹੈ ਕਿ ਹੋਰ ਵੀ ਬਹੁਤ ਸਾਰੇ ਲੋਕ ਹੋਣ ਜੋ ਅੰਦਰੋਂ ਅੰਦਰੀਂ ਗੁੱਸਾ ਲਈ ਬੈਠੇ ਹੋਣ। ਸੋ ਮੈਂ ਕਾਫੀ ਸਮਰਥਕਾਂ ਨਾਲ ਵਿਚਾਰ ਵਟਾਂਦਰਾ ਕਰਨ ਤੋਂ ਬਾਅਦ ਇਹ ਖਤ ਲਿਖ ਰਿਹਾ ਹਾਂ ਤਾਂ ਕਿ ਉਠਾਏ ਗਏ ਸਵਾਲਾਂ ਦਾ ਤੁਹਾਡੇ ਕੋਲੋਂ ਜਵਾਬ ਮੰਗਿਆ ਜਾਵੇ।

2. ਉਥੇ ਮੀਟਿੰਗ ਦੇ ਵਿਰੁੱਧ ਗਈ ਸੰਗਤ ਆਮ ਨਹੀਂ ਸੀ ਜੋ ਆਪ ਗਈ ਹੋਵੇ ਇਹ ਭੁਲੇਖਾ ਆਮ ਲੋਕ ਤਾਂ ਖਾ ਸਕਦੇ ਹਨ। ਪਰ ਪ੍ਰਬੰਧਕੀ ਕਮੇਟੀ ਦੇ ਸਭ ਸਿਰ ਕੱਢ ਲੀਡਰਾਂ ਦਾ ਉਥੇ ਜਾਣਾ, ਫਾਰਮਾਂ 'ਚ ਲੇਬਰ ਢੋਣ ਵਾਲੇ ਠੇਕੇਦਾਰਾਂ ਦੀਆਂ ਟਰੱਕੀਆਂ ਨੂੰ ਗੁਰਦੁਵਾਰੇ ਚੋਂ ਪ੍ਰੇਰ ਕੇ ਲੋਕਾਂ ਨੂੰ ਮੀਟਿੰਗ ਵਾਲੇ ਸਕੂਲੇ ਢੋਣਾ, ਸਾਰੀ ਬੀ. ਸੀ. ਚੋਂ ਆਪਣੇ ਖਿਆਲਾਂ ਦੀ ਸੰਗਤ ਦਾ ਆਉਣਾ, ਸੋਚੀ ਸਮਝੀ ਸਕੀਮ ਅਧੀਨ ਹੋਇਆ ਤੇ ਜੋ ਕੁਝ ਮੀਟਿੰਗ 'ਚ ਹੋਇਆ ਇਸ ਵਿਚ ਕਿਸ ਦਾ ਹੱਥ ਸੀ — ਇਹ ਲੋਕਾਂ ਤੋਂ ਲੁਕਿਆ ਨਹੀਂ ਰਿਹਾ ਸ: ਮੋਤਾ ਸਿੰਘ ਜੀ ਝੀਤਾ ਦਾ "ਸਨ" ਅਖਬਾਰ 'ਚ ਦਿਤਾ ਬਿਆਨ "ਆਪਣੇ ਆਪ ਨੂੰ ਚੁਪ-ਗਿਣਤੀ ਅਖਵਾਉਣ ਵਾਲੇ ਕੁਝ ਕੁ ਲੋਕਾਂ ਨੇ ਕਮਿਉਨਿਟੀ ਨੂੰ ਗਲਤ ਪੇਸ਼ ਕੀਤਾ ਤੇ ਸਾਡੇ ਲੋਕ ਇਹ ਸਹਿ ਨਹੀਂ ਸਕੇ"-। ਅਤੇ ਪਬਲਿਕ ਮੀਟਿੰਗ ਦੇ ਪ੍ਰਬੰਧਕਾਂ ਵਲੋਂ ਮੀਟਿੰਗ ਕੈਂਸਲ ਕਰਨ ਉਪਰੰਤ ਭੰਗ ਕਰਨ ਵਾਲਿਆਂ ਦਾ ਸਟੇਜ ਸਕੱਤਰ ਰੌਸ ਸਟਰੀਟ ਗੁਰਦੁਵਾਰੇ ਦਾ ਉਪ ਪ੍ਰਧਾਨ ਸੀ - ਇਹ ਸਪਸ਼ਟ ਕਰਦਾ ਹੈ ਕਿ ਇਸ ਵਿਚ ਤੁਹਾਡਾ ਹੱਥ ਸੀ ਜਾਂ ਨਹੀਂ ਸੀ।

3. ਇਤਿਹਾਸ ਗਵਾਹ ਹੈ ਕਿ ਕਨੇਡਾ ਵਿਚ ਸਾਡੀ ਕਮਿਉਨਿਟੀ ਖਾਤਰ ਹੱਕ ਸੱਚ ਦੀ ਲੜਾਈ ਲਈ ਜੋ ਏਕਤਾ ਦੀ ਲੋਅ ਖਾਲਸਾ ਦੀਵਾਨ ਸੁਸਾਇਟੀ ਨੇ ਬਾਲੀ ਉਹ ਇਕ ਮਹਾਨ ਮਿਸਾਲ ਸੀ। ਆਹ ਜੋ ਮਿਸਾਲ ਸਾਡੀ ਕਮਿਉਨਿਟੀ 'ਚ ਹੁਣ ਪੇਸ਼ ਹੋ ਰਹੀ ਹੈ, ਜਦੋਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਪੜ੍ਹਿਆ ਕਰਨਗੀਆਂ ਤਾਂ ਸਾਨੂੰ ਲਾਹਨਤ ਦੇ ਸਿਵਾ ਹੋਰ ਕੁਝ ਨਹੀਂ ਭੇਂਟ ਕਰਨਗੀਆਂ। ਮੇਰੇ ਜਿਹੇ ਬਹੁਤੇ ਲੋਕ ਇਹ ਨਹੀਂ ਚਾਹੁੰਦੇ ਕਿ ਇਸ ਇਤਿਹਾਸਕ ਸਚਾਈ ਉਤੇ ਸਾਡੀਆਂ ਗਲਤੀਆਂ ਕਰਕੇ ਕਾਲਖ ਦਾ ਟਿਕਾ ਲੱਗੇ। ਸੋ ਇਨਾਂ ਕੁਝ ਕਾਰਨਾਂ ਕਰਕੇ ਮੈਂ ਖਤ ਲਿਖਣ ਲਈ ਮਜ਼ਬੂਰ ਹੋਇਆ-ਹਾਂ।

ਕੁਝ ਸਜਣਾਂ ਦੇ ਕਹਿਣ ਮੁਤਾਬਕ ਮੈਂ ਪਰਿਵਾਰ ਸਮੇਤ ਤਕਰੀਬਨ ਸਾਢੇ ਬਾਰਾਂ ਵਜੇ ਉਥੇ ਪਹੁੰਚਾ। ਸਾਧ ਸੰਗਤ ਵੀ ਪਹੁੰਚ ਰਹੀ ਸੀ। ਸਟੂਡੈਂਟ ਫੈਡਰੇਸ਼ਨ ਵਾਲੇ ਅੰਦਰ ਖੜੇ ਸਭ ਨੂੰ ਝੰਡੀਆਂ ਫੜਾ ਰਹੇ ਸਨ। ਇਨੇ ਚਿਰ ਨੂੰ ਡੀਫੈਂਸ ਕਮੇਟੀ ਵਾਲੇ ਵੀ ਲਾਲ ਝੰਡਾ ਚੁੱਕੀ ਆ ਗਏ। ਪੀਲੀਆਂ ਪੱਗਾਂ ਵਾਲੇ ਕੁਝ ਨੌਜਵਾਨ ਉਨ੍ਹਾਂ ਨਾਲ ਗੱਲਬਾਤ ਕਰਦੇ ਰਹੇ ਹੱਥ ਮਿਲਾਂਦੇ ਰਹੇ। ਦਸ ਪੰਦਰਾਂ ਮਿੰਟਾਂ ਬਾਅਦ ਕੁਝ ਹੋਰ ਵਿਅਕਤੀ ਅੰਦਰ ਆਏ ਜਿਨ੍ਹਾਂ ਨੂੰ ਦੇਖਕੇ ਡੀਫੈਂਸ ਕਮੇਟੀ ਵਾਲਿਆਂ ਨੇ ਨਾਹਰੇ ਲਾਏ ਤੇ ਹੋਰ ਭੈੜੇ ਲਫਜ਼ ਵੀ ਵਰਤੇ। ਉਨ੍ਹਾਂ ਦੇ ਨਾਹਰੇ ਸੁਣ ਕੇ ਅੰਦਰੋਂ ਫੈਡਰੇਸ਼ਨ ਵਾਲਿਆਂ ਅਤੇ ਹੋਰ ਸੱਜਣਾਂ ਵੀ ਨਾਹਰੇ ਲਾਏ ਜਿਸ ਤੋਂ ਪਤਾ ਲਗਾ ਕਿ ਆਉਣ ਵਾਲੇ ਮੀਟਿੰਗ ਕਰਨ ਵਾਲੇ ਪ੍ਰਬੰਧਕ ਸਨ। ਮੈਂ ਅਤੇ ਮੇਰੇ ਕੁਝ ਸਜਣ ਕਈਆਂ ਨੂੰ ਮਿਲਦੇ ਮਿਲਾਂਦੇ ਗੱਲਾਂ ਸੁਣ ਰਹੇ ਸੀ। ਗੱਲਾਂ ਬਾਤਾਂ ਦਾ ਤਣਾਓ ਏਨਾ ਵਧ ਗਿਆ ਸੀ ਕਿ ਕਿਸੇ ਸਮੇਂ ਵੀ ਧਮਾਕਾ ਹੋ ਸਕਦਾ ਸੀ। ਇਕ ਮਿੱਤਰ ਤੋਂ ਪ੍ਰਬੰਧਕਾਂ ਤੇ ਫੈਡਰੇਸ਼ਨ ਵਾਲਿਆਂ ਵਿਚਕਾਰ ਹੋਈ ਗਲਬਾਤ ਦਾ ਪਤਾ ਲੱਗਾ। ਜਿਸ ਤਰ੍ਹਾਂ ਦੀ ਗਲਬਾਤ ਮੈਂ ਸੁਣੀ ਜੇ ਫੈਡਰੇਸ਼ਨ ਦਾ ਬੁਲਾਰਾ ਮੰਨ ਜਾਂਦਾ ਤਾ ਜਾਗੀ ਕਮਿਊਨਿਟੀ ਦਾ ਭਾਂਡਾ ਜੋ ਚੁਰਾਹੇ ਚ ਭੱਜਾ ਸ਼ਾਇਦ ਬਚ ਜਾਂਦਾ। ਫੈਡਰੇਸ਼ਨ ਦੇ ਬੁਲਾਰੇ ਦਾ ਕਹਿਣਾ ਸੀ ਕਿ ਇਸ ਮੀਟਿੰਗ ਵਿਚ ਉਨ੍ਹਾਂ ਦੇ ਬੁਲਾਰੇ ਵੀ ਬੋਲਣਗੇ। ਦੂਜੇ ਪਾਸੇ ਵਾਲੇ ਦਾ ਕਹਿਣਾ ਸੀ ਕਿ ਅਸੀਂ ਇਹ ਹਾਲ ਕਿਰਾਇਆ ਦੇ ਕੇ ਬੁਕ ਕਰਾਇਆ ਹੈ ਜਿਨ੍ਹਾਂ ਜਥੇਬੰਦੀਆ ਨੇ ਇਹ ਮੀਟਿੰਗ ਕਰਨੀ ਸਿਰਫ ਉਨ੍ਹਾਂ ਦਾ ਹੀ ਇਕ ਇਕ ਬੁਲਾਰਾ ਬੋਲੇਗਾ ਇਸ ਲਈ ਹੋਰਥ ਹੋਰ ਵਾਧੂ ਸਮਾਂ ਨਹੀਂ। ਅਖੀਰ ਬਹਿਸ ਬਾਅਦ ਉਹ ਫੈਡਰੇਸ਼ਨ ਦਾ ਇਕ ਸਪੀਕਰ ਜਿਸ ਸਮੇਂ ਵੀ ਚਾਹੁਣ ਬੁਲਾਉਣ ਲਈ ਮੰਨ ਗਏ। ਪਰ ਫੈਡਰੇਸ਼ਨ ਦਾ ਬੁਲਾਰਾ ਕਹਿਣ ਲੱਗਾ ਕਿ ਤੁਹਾਡੇ ਹਰ ਬੁਲਾਰੇ ਮਗਰੋਂ ਸਾਡਾ ਇਕ ਬੁਲਾਰਾ ਬੋਲੂਗਾ। ਇਸ ਤਰ੍ਹਾਂ ਬਹਿਸ ਦੌਰਾਨ ਗਲਬਾਤ ਟੁੱਟ ਗਈ। ਇਹ ਗੱਲਬਾਤ ਸੁਣਨ ਤੋਂ ਬਾਅਦ ਮੈਂ ਅੰਦਾਜ਼ਾ ਲਾ ਲਿਆ ਕਿ ਲੜਾਈ ਤੋਂ ਬਿਨਾਂ ਇਹ ਮੀਟਿੰਗ ਖਤਮ ਨਹੀਂ ਹੋਣੀ। ਥੋੜ੍ਹੇ ਜਿਹੇ ਚਿਰ ਬਾਅਦ ਮੈਂ ਅੰਦਰੋਂ ਘਰ ਵਾਲੀ ਅਤੇ ਬੱਚਿਆਂ ਨੂੰ ਲੈਣ ਗਿਆ ਤਾਂ ਕਿ ਘਰ ਨੂੰ ਚਲਿਆ ਜਾਵੇ। ਅੰਦਰ ਵੜਦਿਆਂ ਦੇਖਿਆ ਸਰਦਾਰ ਮਨਮੋਹਣ ਸਿੰਘ ਫੈਡਰੇਸਨ ਦੇ ਬੁਲਾਰੇ ਸਟੇਜ ਤੇ ਚੜ੍ਹੇ ਸਨ ਕੁਝ ਬੋਲਣ ਲਈ ਵਧੇ ਸਨ ਕਿ ਪ੍ਰਬੰਧਕਾਂ ਚੋਂ ਕਿਸੇ ਇਕ ਨੇ ਪੀ. ਏ. ਪਲੱਗ ਕੱਢ ਦਿਤਾ। ਮਨਮੋਹਣ ਸਿੰਘ ਹੱਥਾਂ 'ਤੇ ਫੜੇ ਧੁਤਰੂ ਰਾਹੀਂ ਬੋਲਣ ਲਗ ਪਏ। ਏਨੇ ਚਿਰ ਨੂੰ ਆਰਟ ਕਿਊਬੀ ਸਟੇਜ ਤੇ ਆ ਗਿਆ। ਉਸਨੇ ਮੀਟਿੰਗ ਕੈਂਸਲ ਕਰਨ ਦਾ ਐਲਾਨ ਕਰ ਦਿਤਾ। ਸ. ਵਜ਼ੀਰ ਸਿੰਘ ਕਾਹਲੋਂ ਅਤੇ ਮਨਮੋਹਣ ਸਿੰਘ ਫੈਡਰੇਸ਼ਨ ਦੇ ਦੋਹਾਂ ਬੁਲਾਰਿਆਂ ਨੂੰ ਧੁਤਰੂਆਂ ਰੀਂਹੀਂ ਸਟੇਜ ਤੇ ਚੜ੍ਹ ਕੇ ਬੋਲਦਿਆਂ ਲੋਕਾਂ ਨੇ ਟੀ. ਵੀ. ਦੀਆਂ ਖਬਰਾਂ 'ਤੇ ਵੀ ਦੇਖਿਆ। ਸਟੇਜ਼ ਤੇ ਐਲਡਰਮੈਨ ਹੈਰੀ ਰਿੰਕਨ ਵਿਰੁਧ ਬੋਲੇ ਲਫਜ਼ਾਂ ਨੇ ਅਤੇ ਮਦਦ ਤੇ ਆਏ ਡੀਫੈਂਸ ਕਮੇਟੀ ਵਾਲਿਆਂ ਵਲੋਂ ਬੀ. ਸੀ. ਫੈਡਰੇਸ਼ਨ ਆਫ ਲੇਬਰ ਦੇ ਪ੍ਰਧਾਨ ਆਰਟ ਕਿਊਬੀ ਖਲਾਫ ਕੀਤੇ ਗਾਲੀ ਗਲੋਚ ਨੇ ਜੋ ਕਨੇਡੀਅਨ ਲੋਕਾਂ ਤੇ ਸਾਡੇ ਪ੍ਰਤੀ ਅਸਰ ਪਾਇਆ। ਉਹਦੀ ਉਦਾਹਰਣ ਮੈਂ ਆਪ ਬੀਤੀ ਕਹਾਣੀ ਨਾਲ ਦੇਣੀ ਚਾਹੁੰਦਾ ਹਾਂ। ਇਹ ਗੱਲ ਸ਼ਾਇਦ ਹੋਰ ਲੋਕਾਂ ਨਾਲ ਵੀ ਬੀਤੀ ਹੋਵੇ ਅਤੇ ਉਨ੍ਹਾਂ ਨੇ ਵੀ ਸ਼ਾਇਦ ਮੇਰੇ ਵਾਂਗ ਜਵਾਬ ਦਿਤਾ ਹੋਵੇ।

ਮੇਰੇ ਨਾਲ ਕੰਮ ਕਰਦੇ ਕੁਝ ਗੋਰਿਆਂ ਨੇ ਮੀਟਿੰਗ ਭੰਗ ਕਰਨ ਦਾ ਇਲਜ਼ਾਮ ਲਾਇਆ। ਸਭ ਕੁਝ ਅੱਖੀਂ ਦੇਖਣ ਦੇ ਬਾਵਜੂਦ ਵੀ ਮੈਂ ਉਨ੍ਹਾਂ ਨੂੰ ਮੀਟਿੰਗ ਸੱਦਣ ਵਾਲੇ ਪ੍ਰਬੰਧਕਾਂ ਦੀ ਚਾਲ ਦੱਸ ਕੇ ਸਮਝਾਉਣ ਦੀ ਕੋਸ਼ਿਸ ਕੀਤੀ। ਪਰ ਉਹ ਮੰਨੇ ਨਹੀਂ ਕਿਉਂਕਿ ਉਨ੍ਹਾਂ ਨੇ ਸਟੇਜ ਤੇ ਚੜ੍ਹ ਕੇ ਧੁਤਰੂ 'ਚ ਬੋਲਦੇ ਜਿਨ੍ਹਾਂ ਬੰਦਿਆ ਨੂੰ ਟੀ. ਵੀ. ਤੇ ਦੇਖਿਆ ਸੀ ਉਹਦੇ ਬਾਰੇ ਮੈਂ ਗੋਰਿਆਂ ਦੇ ਅੱਖੀਂ ਘੱਟਾ ਕਿਵੇਂ ਪਾ ਦਿੰਦਾ। ਗੋਰੇ ਲੋਕਾਂ ਨੇ ਹੇਠ ਲਿਖੇ ਸਵਾਲ ਉਠਾਏ :—

1. ਤੁਸੀ ਕਹਿੰਦੇ ਹੋ ਕਿ ਭਾਰਤ ਦੀ ਸਰਕਾਰ ਤੁਹਾਨੂੰ ਲਿਖਣ ਬੋਲਣ ਨਹੀਂ ਦਿੰਦੀ ਅਤੇ ਤੁਹਾਡੇ ਨਾਲ ਧੱਕੇ ਸ਼ਾਹੀ ਕਰਦੀ ਹੈ। ਕੀ ਤੁਸੀਂ ਦੂਜਿਆਂ ਨੂੰ ਬੋਲਣ ਦਿੰਦੇ ਹੋ ? ਇਸ ਮੀਟਿੰਗ ਤੋਂ ਬਾਅਦ ਮੀਡੀਏ ਰਾਹੀਂ ਜੋ ਕੁਝ ਪੇਸ਼ ਹੋਇਆ ਉਸਨੇ ਭਾਰਤ ਦੀ ਜ਼ਾਲਮ ਹਿੰਦੂ-ਸਰਕਾਰ ਦੇ ਹੱਕ ਤੇ ਸਿੱਖਾਂ ਨੂੰ ਰੌਲਾ ਪਾਊ ਅਨਸਰ ਸਾਬਤ ਕਰਨ ਦੀ ਕੋਸ਼ਿਸ਼ ਕੀਤੀ। ਸਾਡੇ ਮਹਾਨ ਕਾਜ ਤੇ ਭਾਰੀ ਸੱਟ ਮਾਰੀ। ਹੁਣ ਤੁਸੀਂ ਗੋਰੇ ਲੋਕਾਂ ਨੂੰ ਦਸੋ ਕਿ ਸਾਡੇ ਨਾਲ ਧੱਕੇਸ਼ਾਹੀ ਹੁੰਦੀ ਤਾਂ ਉਹ ਤੁਹਾਡੇ ਸੱਚ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਣਗੇ।

2. ਡੀਫੈਂਸ ਕਮੇਟੀ ਨਾਲ ਨੇੜਤਾ ਨੇ ਸਾਨੂੰ ਉਨ੍ਹਾਂ ਵਰਗੇ ਗੁੰਡਿਆਂ ਦਾ ਟੋਲਾ ਬਣਾ ਕੇ ਪੇਸ਼ ਕਰ ਦਿਤਾ। ਇਹ ਬਦਨਾਮ ਲੋਕ ਕਮਿਊਨਿਜ਼ਮ ਦਾ ਢੋਲ ਪਿਟਦੇ ਹਰ ਥਾਂ ਗੁੰਡਾਗਰਦੀ ਕਰਦੇ ਹਨ। ਕੈਨੇਡਾ ਵਿਚ ਇਨ੍ਹਾਂ ਦਾ ਵਕਾਰ ਏਨਾਂ ਗੰਦਾ ਹੈ ਕਿ ਹਰ ਕੋਈ ਇਸ ਵਿਚ ਲਿਬੜਨ ਤੋਂ ਡਰਦਾ ਹੈ। ਭਾਰਤ ਵਿਚ ਜੋ ਨਰਕਧਾਰੀਆਂ (ਨਿਰੰਕਾਰੀਆਂ) ਨੇ ਕੀਤਾ ਹੈ, ਇਨ੍ਹਾਂ ਨੇ ਉਨ੍ਹਾਂ ਨਾਲੋਂ ਚਾਰ ਗੁਣਾਂ ਵੱਧ ਕੀਤਾ ਹੈ। ਉਨ੍ਹਾਂ ਨੇ ਤਾਂ ਆਪਣੇ ਦਸਾਂ ਪਾਤਿਸ਼ਾਹੀਆਂ ਦੇ ਸਰੂਪ ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਗੁਰੂ ਮੰਨਣ ਦੀ ਥਾਂ ਦੇਹਧਾਰੀ ਗੁਰੂ ਦੀ ਪੂਜਾ ਕੀਤੀ ਸੀ, ਪਰ ਇਹ ਤਾਂ ਸਾਡੇ ਗੁਰੂ ਸਾਹਿਬ ਨੂੰ ਆਪਣੇ ਬਣਾਏ ਹਾਲ 'ਚ ਦਿਨੇ ਪ੍ਰਕਾਸ਼ ਕਰਕੇ ਰਾਤ ਨੂੰ ਸੰਤੋਖ ਕੇ ਅਲਮਾਰੀ 'ਚ ਰੱਖ ਕੇ ਉਸੇ ਥਾਂ ਸ਼ਰਾਬ ਪੀਂਦੇ, ਸਿਗਰਟਾਂ ਫੂਕਦੇ, ਵੇਸਵਾਵਾਂ ਨਚਾਉਂਦੇ ਹਨ। ਧਰਮ ਨੂੰ ਅਫੀਮ ਦੱਸਣ ਵਾਲੇ ਇਹ ਕਮਿਊਨਿਸਟ, ਨਰਕਧਾਰੀਆਂ ਨਾਲੋਂ ਵੱਧ ਸਾਡੇ ਗੁਰੂ ਸਾਹਿਬਾਂ ਦਾ ਮਖੌਲ ਉਡਾਉਣ ਵਾਲੇ ਅੱਜ ਸਾਡੇ ਮਿੱਤਰ ਕਿਵੇਂ ਬਣ ਗਏ ? ਕੀ ਇਨ੍ਹਾਂ ਦੀਆਂ ਵੋਟਾਂ ਲੈਣ ਲਈ ਅਸੀਂ ਮਿੱਤਰਤਾ ਪਾਉਂਦੇ ਹਾਂ ? ਜੇ ਇਹ ਗੱਲ ਹੈ ਤਾਂ ਹੋ ਸਕਦਾ ਕੱਲ ਨੂੰ ਅਸੀਂ ਵੀ ਪੰਥ ਦੇ ਮੌਕਾਪ੍ਰਸਤ ਪੰਥਕ — ਗਦਾਰਾਂ 'ਚ ਗਿਣੇ ਜਾਈਏ। ਅਜੇ ਕਲ੍ਹ ਇਹ ਗੁਰਦੁਆਰੇ ਤੇ ਕਬਜ਼ਾ ਕਰਨ ਲਈ ਡਾਂਗਾਂ ਵਰਤ ਕੇ ਲੜਦੇ ਸੀ। ਜੇ ਇਨ੍ਹਾਂ ਨੂੰ ਇਹ ਸੋਰ ਕੇ ਵਰਤਣਾ ਚਾਹੁੰਦੇ ਹੋ ਕਿ ਇਹ ਗੁੰਡਾ ਪਾਰਟੀ ਹੈ ਤਾਂ ਇਕ ਗੱਲ ਦਾ ਖਿਆਲ ਰੱਖਿਓ — ਸਾਡੇ ਸਿੰਘ ਸਜਾਏ ਘੱਟ ਸੂਝਵਾਨ ਨੌਜਵਾਨਾਂ ਨੂੰ ਵਰਗਲਾ ਕੇ ਮਗਰ ਲਾਉਣਾ ਇਨ੍ਹਾਂ ਦੇ ਖੱਬੇ ਹੱਥ ਦਾ ਖੇਲ੍ਹ ਹੈ। ਜੇ ਅਸੀਂ ਅਜੇ ਵੀ ਨਾ ਸਮਝੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਇਨ੍ਹਾਂ ਨੇ ਸਾਡੇ ਜੜ੍ਹੀਂ ਤੇਲ ਦੇਣਾ ਹੈ। ਜੋ ਧੱਬਾ ਇਨ੍ਹਾਂ ਦੀ ਐਸ ਨੇੜਤਾ ਨੇ ਲਾਇਆ ਹੈ ਉਸ ਅਨੁਸਾਰ ਕਨੇਡੀਅਨ ਲੋਕਾਂ ਦੀ ਨਿਗਾ ਚ ਅਸੀਂ ਵੀ ਇਨ੍ਹਾਂ ਵਾਂਗ ਗੁੰਡਿਆਂ ਦਾ ਇਕ ਟੋਲਾ ਅਖਵਾਵਾਂਗੇ।

3. ਮੋਤਾ ਸਿੰਘ ਜੀ ਝੀਤਾ ਵਲੋਂ ਅਤੇ ਹੋਰ ਪ੍ਰਬੰਧਕਾ ਵਲੋਂ ਆਪਣੇ ਆਪ ਨੂੰ ਚੁਪ-ਬਹੁਸੰਮਤੀ ਅਖਵਾਉਣ ਵਾਲਿਆਂ ਵਿਰੁਧ ਕਾਫੀ ਕੁਝ ਕਿਹਾ ਗਿਆ ਹੈ। ਮੀਟਿੰਗ ਵਿਚ ਜਾ ਕੇ ਇਹ ਸਿੱਧ ਕਰਨ ਦੀ ਕੀ ਲੋੜ ਸੀ ? ਜੇ ਮੀਟਿੰਗ ਕਰਨ ਵਾਲੇ ਝੂਠੇ ਹਨ ਤਾਂ ਆਪਣੇ ਲਈ ਇਹ ਵਧੀਆ ਮੌਕਾ ਸੀ ਕਿਉਂ ਕਿ ਉਨ੍ਹਾਂ ਨੇ ਸਾਰਾ ਮੀਡੀਆ ਸੱਦਿਆ ਸੀ। ਜਦੋਂ 900 ਸੀਟਾਂ ਵਾਲੇ ਹਾਲ 'ਚ ਮੀਟਿੰਗ ਬੁਲਾਉਣ ਵਾਲੇ ਪੰਦਰਾਂ ਵੀਹਾਂ ਤੋਂ ਵੱਧ ਗਿਣਤੀ ਨਾਂ ਹੁੰਦੀ ਤਾਂ ਗੱਲ ਆਪਣੇ ਆਪ ਨੰਗੀ ਹੋ ਜਾਣੀ ਸੀ। ਸਾਡੇ ਵਲੋਂ ਉਠਾਏ ਗਏ ਗਲਤ ਕਦਮਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਅਸੀਂ ਇਸ ਗੱਲ ਤੋਂ ਡਰਦਿਆਂ ਨੇ ਕਿ ਬਹੁ-ਗਿਣਤੀ ਲੋਕਾਂ ਨੇ ਇਸ ਵਿਚ ਭਾਗ ਲੈਣਾ ਹੈ ਤਾਂ ਮੀਟਿੰਗ ਭੰਗ ਕਰ ਦਿਤੀ ਹੈ। ਮੀਟਿੰਗ ਕਰਨ ਵਾਲੇ ਮੀਟਿੰਗ ਕਰਕੇ ਵੀ ਜੋ ਗੱਲ ਲੋਕਾਂ ਤੱਕ ਨਹੀਂ ਪੁਚਾ ਸਕਦੇ ਸੀ, ਮੀਟਿੰਗ ਕਰਨ ਤੋਂ ਬਿਨਾਂ ਸਬੂਤ ਪੇਸ਼ ਕਰਕੇ ਪੁਚਾ ਗਏ।

4. ਜੇ ਅਸੀਂ ਮੀਟਿੰਗ ਵਿਚ ਗਏ ਸੀ ਤਾਂ ਘੱਟੋ ਘੱਟ ਸਾਨੂੰ ਇਹ ਤਾਂ ਚਾਹੀਦਾ ਸੀ ਕਿ ਪਹਿਲਾਂ ਬੁਲਾਰਿਆਂ ਨੂੰ ਸੁਣ ਲਈਏ। ਜੇ ਸਟੇਜ ਤੋਂ ਪੰਥ ਦੇ ਖਿਲਾਫ ਪਰਚਾਰ ਹੁੰਦਾ ਜਾਂ ਜ਼ਾਲਮ ਹਿੰਦੂ ਸਰਕਾਰ ਦੇ ਹੱਕ ਚ ਭਾਸ਼ਣ ਹੁੰਦੇ ਤਾਂ ਰੌਲਾ ਪਾਉਣਾ ਠੀਕ ਸੀ। ਬਿਨਾਂ ਦੂਜਿਆਂ ਨੂੰ ਸੁਣਿਆਂ ਇਹ ਗਲਤ ਕਦਮ ਚੁੱਕ ਕੇ ਆਪਾਂ ਗਲਤ ਸਬੂਤ ਦਿੱਤਾ। ਮੰਨ ਲਵੋ ਜੋ ਦੂਜੇ ਲੋਕ ਜੋ ਆਪਣੇ ਨਾਲ ਸਹਿਮਤ ਨਹੀਂ ਉਹ ਆਪਣੀ ਮੀਟਿੰਗ ਜਾਂ ਗੁਰਦਵਾਰੇ ਦੋ - ਬਾਈ- ਦੋ ਦੇ ਡੰਡੇ ਲੈ ਕੇ ਸੌ ਦੋ ਸੌ ਬੰਦਾ ਲੈ ਆ ਜਾਣ ਤੇ ਉਹੋ ਕੁਝ ਕਰਨ ਜੋ ਆਪਾਂ ਕੀਤਾ, ਤਾਂ ਕੀ ਆਪਾਂ ਇਹ ਕਰਦਾਸ਼ਤ ਕਰ ਲਵਾਂਗੇ ?

ਅੰਤ ਵਿਚ ਮੈਂ ਸਾਰੀ ਪ੍ਰਬੰਧਕ ਕਮੇਟੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਗਲਤ ਕਦਮ ਚੁੱਕ ਕੇ, ਗਲਤ ਗਲਤ ਲੀਡਰਾਂ ਨੂੰ ਅੱਗੇ ਲਾਕੇ, ਗਲਤ ਕੰਮ ਕਰਨ ਤੋਂ ਪਹਿਲਾਂ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ। ਕਲ੍ਹ ਪੈਦਾ ਹੋਏ ਗੈਰ-ਸਿਆਸੀ ਭਾਵਕ ਲੀਡਰ, ਮਨ ਮਰਜੀਆਂ ਕਰਕੇ ਸੂਝਵਾਨਾਂ ਤੋਂ ਅੱਗੇ ਹੋ ਕੇ ਸਿੱਖ-ਸਿਆਸਤ ਨੂੰ ਗਲਤ ਦਿਸ਼ਾ ਵਲ ਲਿਜਾ ਰਹੇ ਹਨ। ਜੇ ਇਨ੍ਹਾਂ ਦੀਆਂ ਗਲਤ ਹਰਕਤਾਂ ਤੇ ਕਾਬੂ ਨਾਂ ਪਾਇਆ ਗਿਆ ਤਾਂ ਇਹ ਆਪ ਮੁਹਾਰਾ ਜੋਸ਼ ਕਿਤੇ ਬੋਤਲ ਚੋਂ ਨਿਕਲੇ ਭੂਤ ਵਾਂਗ ਆਕਾਰ ਚ ਵੱਡਾ ਨਾ ਹੋ ਜਾਵੇ। ਜੇ ਇਹਦੀ ਹਾਲਤ ਸਿਆਸੀ ਪੱਖਾਂ ਤਾਂ ਬਾਹਰ ਹੋ ਗਈ ਤਾਂ ਇਹਨੇ ਬੋਤਨ ਵਿਚ ਮੁੜਕੇ ਨਹੀਂ ਪੈਣਾਂ। ਫਿਰ ਤਾਂ ਇਸਨੂੰ ਡੀਫੈਂਸ ਕਮੇਟੀ ਵਰਗੇ ਭੂਤਨੇ ਸਾਧ ਕੀਲ ਕੇ ਸਾਡੀ ਕਬਰ ਖੋਦਣਗੇ। ਉਮੀਦ ਹੈ ਕਿ ਆਪ ਸਭ ਇਨ੍ਹਾਂ ਗੱਲਾਂ ਨੂੰ ਧਿਆਨ ਚ ਰੱਖ ਕੇ ਅਗਾਂਹ ਯੋਗ ਕਦਮ ਪੁਟੋਂਗੇ ਨਹੀਂ ਤਾਂ ਸ਼ਾਇਦ ਮੇਰੇ ਵਰਗੇ ਕਈ ਸਮਰਥਕ ਤੁਹਾਡੀਆਂ ਗਲਤ ਗੱਲਾਂ ਖਿਲਾਫ ਬਗਾਵਤ ਕਰ ਦੇਣ। ਕੋਈ ਵਧ ਘੱਟ ਗਲਤੀ ਹੋ ਗਈ ਹੋਵੇ ਤਾਂ ਦਾਸ ਖਿਮਾ ਦਾ ਜਾਚਕ ਹੈ।

ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਹਿ।

ਗੁਰੂ ਪੰਥ ਦਾ ਦਾਸ
ਬਲਵੰਤ ਸਿੰਘ

ਯੂ. ਬੀ. ਸੀ. ਵਿਚ ਸਭਿਆਚਾਰਕ ਪ੍ਰੋਗਰਾਮ

ਐਤਵਾਰ 24 ਫਰਵਰੀ ਸ਼ਾਮ ਨੂੰ ਯੂ. ਬੀ. ਸੀ. ਵਿਚ ਇਕ ਈਸਟ ਇੰਡੀਅਨ ਸਟੂਡੈਂਟਸ ਐਸੋਸੀਏਸ਼ਨ ਵਲੋਂ ਇਕ ਦਿਲਚਸਪ ਪਰੋਗਰਾਮ ਪੇਸ਼ ਕੀਤਾ ਗਿਆ। ਪਰੋਗਰਾਮ ਦੀ ਸ਼ੁਰੂਆਤ ਵਧੀਆ ਤਰੀਕੇ ਨਾਲ ਹੋਈ। ਅਮਨਦੀਪ ਸੰਘੇੜਾ ਤੇ ਹਰਜਿੰਦਰ ਸਾਂਗਰਾ ਦੇ ਪਰੋਗਰਾਮ ਸ਼ੁਰੂ ਕਰਨ ਦੇ ਤਰੀਕੇ ਅਤੇ ਨਾਲੋਂ ਨਾਲ ਸੁਣਾਏ ਗਈ ਚੁਟਕਲਿਆਂ ਨੂੰ ਲੋਕਾਂ ਅਨੰਦ ਨਾਲ ਮਾਣਿਆ। ਪਰੋਗਰਾਮ ਵਿਚ ਨਾਚ, ਡਰਾਮੇ, ਗੀਤ ਸੰਗੀਤ ਪੇਸ਼ ਕੀਤੇ ਗਏ। ਪਹਿਲੇ ਡਰਾਮੇ ਵਿਚ ਇਕ ਵਿਜ਼ਟਰ ਤੇ ਵੱਡੀ ਉਮੱਰ ਦੇ ਬਜ਼ੁਰਗ ਦੀ ਇੰਮੀਗਰੇਸ਼ਨ ਅਫਸਰ ਨਾਲ ਮੁਲਾਕਾਤ ਦਿਖਾਈ ਗਈ। ਬਹੁਤ ਹੀ ਵਧੀਆ ਕਿਸਮ ਦਾ ਹਾਸ ਰਸ ਪੇਸ਼ ਕੀਤਾ ਗਿਆ। ਡਰਾਮੇ 'ਚ ਜ਼ਿੰਦਗੀ ਦੀਆਂ ਰੋਜ਼ ਵਰਤਣ ਵਾਲੀਆਂ ਘਟਨਾਵਾਂ ਦੀ ਚਿਤਰ ਕਾਮਯਾਬੀ ਨਾਲ ਖਿਚਿਆ ਗਿਆ।

ਵੈਨਕੂਵਰ ਸੱਥ ਵਲੋਂ ਦੂਸਰਾ ਡਰਾਮਾ "ਪਿਕਟ ਲਾਈਨ" ਖੇਡਿਆ ਗਿਆ ਜਿਸ ਵਿਚ ਖੇਤਾਂ ਵਿਚ ਕੰਮ ਕਰਨ ਵਾਲੇ ਕਾਮਿਆਂ ਦੀਆਂ ਤਕਲੀਫਾਂ (ਖਾਸ ਤੌਰ ਤੇ ਔਰਤਾਂ ਦੀਆਂ) ਬੜੇ ਸੁਚੱਜੇ ਢੰਗ ਨਾਲ ਪੇਸ਼ ਕੀਤੀਆਂ ਗਈਆਂ ਹਰ ਕਲਾਕਾਰ ਨੇ ਆਪਣੇ ਰੋਲ ਨਾਲ ਇਨਸਾਫ ਕੀਤਾ। ਬਲਵਿੰਦਰ ਰੋਡੇ, ਮੱਖਣ ਟੁੱਟ, ਇੰਦਰਜੀਤ ਰੋਡੇ, ਜਸ ਬਿਨਿੰਗ ਤੇ ਹਰਜੀਤ ਸਾਂਗਰਾ ਦੇ ਰੋਲ ਪ੍ਰਭਾਵਸ਼ਾਲੀ ਰਹੇ। ਕੁਝ ਕੁ ਸਾਊਂਡ ਦੀਆਂ ਮੁਸ਼ਕਲਾਂ ਕਾਰਨ ਡਰਾਮੇ ਦਾ ਪੂਰਾ ਪ੍ਰਭਾਵ ਉਜਾਗਰ ਹੋਣ ਵਿਚ ਕੁਝ ਮੁਸ਼ਕਲ ਜ਼ਰੂਰ ਆਈ। ਵੈਨਕੂਵਰ ਸੱਥ ਦਾ ਡਰਾਮਾ ਗਰੁਪ ਵਧਾਈ ਦਾ ਪਾਤਰ ਹੈ। ਇਸ ਤੋਂ ਬਿਨਾਂ ਕਲਾ ਮੰਦਰ ਵੈਨਕੂਵਰ ਸੱਥ ਤੇ ਕੁਝ ਹੋਰ ਕਲਾਕਾਰਾਂ ਨੇ ਗੀਤ ਸੰਗੀਤ ਦਾ ਪ੍ਰੋਗਰਾਮ ਸੋਹਣੇ ਢੰਗ ਨਾਲ ਪੇਸ਼ ਕੀਤਾ। ਪਰੋਗਰਾਮ ਦੇ ਅੱਧ ਵਿਚ ਪ੍ਰਬੰਧਕਾਂ ਵਲੋਂ ਸਰੋਤਿਆਂ ਵਾਸਤੇ ਖਾਣੇ ਦਾ ਪ੍ਰਬੰਧ ਵੀ ਕੀਤਾ ਗਿਆ। ਕੁਲ ਮਿਲਾ ਕੇ ਵਧੀਆ ਪਰੋਗਰਾਮ ਰਿਹਾ।

ਸਰਹੱਦ ’ਤੇ ਵਿਸ਼ੇਸ਼ ਕਮਾਂਡੋ ਦਸਤੇ ਤੈਨਾਤ

ਚੰਡੀਗੜ੍ਹ: ਕੇਂਦਰੀ ਗ੍ਰਿਹ ਸਕੱਤਰ ਸ੍ਰੀ ਆਰ. ਡੀ. ਪਰਧਾਨ ਨੇ ਇਥੋਂ ਪੰਜਾਬ ਦੇ ਅਮਨ ਤੇ ਕਾਨੂੰਨ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਹੁਣ ਤਕ ਪੰਜਾਬ ਵਿਚ ਵਾਪਰੀਆਂ ਵਾਰਦਾਤਾਂ ਤੇ ਅਕਾਲੀ ਮੋਰਚੇ ਸਬੰਧੀ ਮੁਕੰਮਲ ਜਾਣਕਾਰੀ ਪ੍ਰਾਪਤ ਕੀਤੀ ।

ਪੰਜਾਬ ਰਾਜ ਭਵਨ ਵਿਚ ਸ੍ਰੀ ਪ੍ਰਧਾਨ ਨੇ ਰਾਜਪਾਲ ਕੇ. ਟੀ. ਸਤਾਰਾਵਾਲਾ, ਉਨ੍ਹਾਂ ਦੇ ਸਲਾਹਕਾਰ, ਗ੍ਰਿਹ ਸਕੱਤਰ ਸ੍ਰੀ ਐਨ. ਐਨ. ਵੋਹਰਾ. ਡਾਇਰੈਕਟਰ ਜਨਰਲ ਪੁਲੀਸ ਕੇ. ਐਸ. ਢਿੱਲੋਂ ਅਤੇ ਹੋਰ ਅਧਿਕਾਰੀਆ ਨਾਲ ਵੱਖ ਵੱਖ ਵਿਚਾਰ ਵਟਾਂਦਰਾ ਕੀਤਾ ।

ਸਰਕਾਰੀ ਸੂਤਰਾਂ ਅਨੁਸਾਰ ਉਨ੍ਹਾਂ ਨੇ ਰਾਜ ਦੇ ਸੁਰੱਖਿਆ ਪ੍ਰਬੰਧਾਂ ਦਾ ਵੀ ਜਾਇਜ਼ਾ ਲਿਆ ਅਤੇ ਇਸ ਗੱਲ ’ਤੇ ਤਸੱਲੀ ਪ੍ਰਗਟਾਈ ਕਿ ਰਾਜ ਵਿਚ ਸਥਿਤੀ ਆਮ ਵਰਗੀ ਹੋ ਰਹੀ ਹੈ ।

ਉੱਚ ਸਰਕਾਰੀ ਸੂਤਰਾਂ ਅਨੁਸਾਰ ਪਾਕਿਸਤਾਨ ਨਾਲ ਲੱਗਦੀ ਸਰਹੱਦ ’ਤੇ ਪੁਲੀਸ ਦੇ ਵਿਸ਼ੇਸ਼ ਕਮਾਂਡੋ ਦਸਤੇ ਲਾਏ ਗਏ ਹਨ ਜਿਨ੍ਹਾਂ ਦੀ ਕਮਾਂਡ ਇਕ ਡੀ. ਆਈ. ਜੀ. ਕਰ ਰਹੇ ਹਨ। ਇਨ੍ਹਾਂ ਦਸਤਿਆ ਨੂੰ ਉਨ੍ਹਾਂ ਦਹਿਸ਼ਤਪਸੰਦਾਂ ਬਾਰੇ ਨਜ਼ਰ ਰੱਖਣ ਦੀ ਵੀ ਹਦਾਇਤ ਹੈ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉਹ ਫੌਜੀ ਕਾਰਵਾਈ ਸਮੇਂ ਪਾਕਿਸਤਾਨ ਚਲੇ ਗਏ ਸਨ ।

ਇਨ੍ਹਾਂ ਸੂਤਰਾਂ ਅਨੁਸਾਰ ਪੰਜਾਬ ਵਿਚ ਜੂਨ 1984 ਤੋਂ ਹੁਣ ਤਕ ਨਜਾਇਜ਼ ਹਥਿਆਰਾਂ ਦੇ ਚਾਰ ਹਜ਼ਾਰ ਤੋਂ ਵਧ ਕੇਸ ਫੜੇ ਜਾ ਚੁੱਕੇ ਹਨ ਜਿਨ੍ਹਾਂ ਪਾਸੋਂ ਵੱਖ ਵੱਖ ਹਥਿਆਰ ਬਰਾਮਦ ਕੀਤੇ ਗਏ ਹਨ । ਇਹ ਕੇਸ ਵੀ ਵਿਸ਼ੇਸ਼ ਅਦਾਲਤਾਂ ਨੂੰ ਕਾਰਵਾਈ ਲਈ ਸੌਂਪ ਦਿਤੇ ਗਏ ਹਨ ।

ਸੀ. ਬੀ. ਆਈ. ਦੇ ਨਵੇਂ ਮੁਖੀ

ਨਵੀਂ ਦਿਲੀ — (ਯੂ. ਐਨ. ਆਈ.) — ਸ੍ਰੀ ਮੋਹਨ ਕਾਤਰੇ ਨੇ ਅੱਜ ਕੇਂਦਰੀ ਜਾਂਚ ਬਿਊਰੋ ਦੇ ਡਾਇਰੈਕਟਰ ਵਜੋਂ ਅਹੁਦਾ ਸੰਭਾਲਿਆ । ਉਨ੍ਹਾਂ ਨੇ ਇਸ ਤੋਂ ਪਹਿਲਾਂ ਸੀ. ਬੀ. ਆਈ. ਵਿਚ ਡੀ. ਆਈ. ਜੀ. ਅਤੇ ਜਾਇੰਟ ਡਾਇਰੈਕਟਰ ਵਜੋਂ ਕੰਮ ਕੀਤਾ ਹੈ ।

ਸ੍ਰੀ ਕਾਤਰੇ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਮਹਾਰਾਸ਼ਟਰ ਦੇ ਸਪੈਸ਼ਲ ਆਈ. ਜੀ. (ਪੁਲੀਸ) ਸਨ ।

ਲੇਪ ਦਿਤੀ ਹੈ ਖੁਸ਼ੀ ਚਿਹਰੇ ’ਤੇ,
ਫੇਰ ਇਹ ਕਿਉਂ ਉਦਾਸ ਬੈਠੇ ਨੇ ?

ਜਗਤਾਰ ਸਿੰਘ ਅਸਲਾ ਕਾਨੂੰਨ ਅਧੀਨ ਦੋਸ਼ੀ ਕਰਾਰ

ਨਵੀਂ ਦਿਲੀ — (ਪੀ. ਟੀ. ਆਈ.) — ਮੈਟਰੋਪੋਲੀਟਨ ਮੈਜਿਸਟਰੇਟ ਰਾਕੇਸ਼ ਕਪੂਰ ਨੇ ਅਜ ਸ੍ਰੀਮਤੀ ਇੰਦਰਾ ਗਾਂਧੀ ਦੇ ਸੁਰੱਖਿਆ ਢਾਂਚੇ ਦੇ ਇਕ ਕਮਾਂਡੋ ਜਗਤਾਰ ਸਿੰਘ ਨੂੰ ਅਸਲਾ ਕਾਨੂੰਨ ਅਧੀਨ ਅਪਰਾਧ ਦਾ ਦੋਸ਼ੀ ਕਰਾਰ ਦਿਤਾ ਅਤੇ ਕਿਹਾ ਕਿ ਉਹ ਕਥਿਤ ਦੋਸ਼ੀ ਦੀਆਂ ਦਲੀਲਾਂ ਸੁਣਨ ਪਿਛੋਂ ਆਪਣਾ ਫੈਸਲਾ ਸੁਨਾਉਣਗੇ ।

23 ਸਾਲਾ ਜਗਤਾਰ ਸਿੰਘ ਨੂੰ ਸਖਤ ਸੁਰੱਖਿਆ ਪਹਿਰੇ ਹੇਠ ਬਾਅਦ ਦੁਪਹਿਰ ਅਦਾਲਤ ਵਿਚ ਲਿਆਂਦਾ ਗਿਆ । ਸ੍ਰੀਮਤੀ ਗਾਂਧੀ ਦੀ ਹੱਤਿਆ ਤੋਂ ਤੁਰੰਤ ਪਿਛੋਂ ਪੁਲੀਸ ਲਾਈਨਜ਼ ਵਿਚਲੇ ਜਗਤਾਰ ਦੇ ਕਮਰੇ ਦੀ ਤਲਾਸ਼ੀ ਸਮੇਂ ਉਸ ਦੀ ਊਨੀ ਕਮੀਜ਼ ਦੀ ਜੇਬ ਵਿਚੋਂ ਇਕ 9 ਐਮ. ਐਮ. ਦਾ ਕਾਰਤੂਸ ਮਿਲਿਆ ਸੀ ।

ਜਗਤਾਰ ਦਾ ਕਹਿਣਾ ਸੀ ਕਿ ਉਹ ਬੇਗੁਨਾਹ ਹੈ ਤੇ ਉਸ ਦੀ ਹਾਜ਼ਰੀ ਵਿਚ ਉਸ ਪਾਸੋਂ ਕੋਈ ਬ੍ਰਾਮਦਗੀ ਨਹੀਂ ਕੀਤੀ ਗਈ । ਜਗਤਾਰ ਦਾ ਕਹਿਣਾ ਸੀ ਕਿ ਅਕਤੂਬਰ ਮਹੀਨੇ ਉਸ ਨੂੰ ਊਨੀ ਮਰੀਜ਼ ਪਹਿਨਣ ਦੀ ਕੀ ਲੋੜ ਪਈ ਅਤੇ ਉਸ ਦੇ ਨਾਮ ਦੀ ਪੱਟੀ ਇਕ ਸੂਤੀ ਕਮੀਜ਼ ਨਾਲ ਲੱਗੀ ਹੋਈ ਸੀ ।

ਉਸ ਦਾ ਕਹਿਣਾ ਸੀ ਕਿ ਉਸ ਨੂੰ ਝੂਠ ਮੂਠ ਦਾ ਫਸਾਇਆ ਗਿਆ ਹੈ । ਇਥੇ ਇਹ ਵਰਨਣਯੋਗ ਹੈ ਕਿ ਸਤਵੰਤ ਸਿੰਘ ਅਤੇ ਜਗਤਾਰ ਸਿੰਘ ਇਕੋ ਕਮਰੇ ਵਿਚ ਰਹਿੰਦੇ ਸਨ ।

ਬਿਮਲ ਕੌਰ ਖਾਲਸਾ ਨੇ ਕਿਹਾ ...

ਨਵੀਂ ਦਿਲੀ — (ਪੀ. ਟੀ. ਆਈ.) — ਜਦੋਂ ਸ੍ਰੀਮਤੀ ਇੰਦਰਾ ਗਾਂਧੀ ਦੇ ਕਾਤਲ ਬੇਅੰਤ ਸਿੰਘ ਦੀ ਪਤਨੀ ਸ੍ਰੀਮਤੀ ਬਿਮਲ ਕੌਰ ਖਾਲਸਾ ਨੂੰ ਪਤਾ ਲਗਾ ਕਿ ਉਸ ਦਾ ਪਤੀ ਕਤਲ ਵਿਚ ਸ਼ਾਮਲ ਹੈ ਤਾਂ ਉਸ ਨੇ ਕਿਹਾ “ਮੈਨੂੰ ਇਹ ਪਤਾ ਕਰਨ ਦੀ ਕੋਈ ਲੋੜ ਨਹੀਂ ਕਿ ਮੇਰਾ ਪਤੀ ਜਿਉਂਦਾ ਹੈ ਜਾਂ ਮਰ ਗਿਆ ਹੈ।

16 ਜਨਵਰੀ ਨੂੰ ਪੁਲੀਸ ਨੂੰ ਦਿਤੇ ਇਕ ਬਿਆਨ ’ਚ ਬਿਮਲ ਖਾਲਸਾ ਨੇ ਕਿਹਾ ਕਿ ਮੇਰੇ ਪਤੀ ਨੇ ਇਹ ਕਦੇ ਨਹੀਂ ਸੀ ਕਿਹਾ ਕਿ ਸ੍ਰੀਮਤੀ ਗਾਂਧੀ ਨੂੰ ਕਤਲ ਕਰਨਾ ਚਾਹੁੰਦਾ ਹੈ ਪਰ ਜੁਲਾਈ ਮਹੀਨੇ ਦੇ ਆਖਰੀ ਹਫਤੇ ਵਿਚ ਉਸ ਨੇ ਮੈਨੂੰ ਇਹ ਕਿਹਾ ਸੀ ਕਿ ਉਹ (ਬੇਅੰਤ ਸਿੰਘ) ਸ਼ਹੀਦ ਬਣਨਾ ਚਾਹੁੰਦਾ ਹੈ ।

ਬਿਮਲ ਕੌਰ ਖਾਲਸਾ ਅਨੁਸਾਰ “ਜਦੋਂ ਮੈਂ ਪੁੱਛਿਆ ਕਿ ਮੇਰੇ ਬੱਚਿਆਂ ਦਾ ਕੀ ਬਣੇਗਾ ਤਾਂ ਉਸ ਨੇ ਕਿਹਾ ਕਿ ਉਨ੍ਹਾਂ ਨੂੰ ਤੂੰ ਪਾਲੇਂਗੀ ਜਾਂ ਵਾਹਿਗੁਰੂ ਪਾਲੇਗਾ।

ਬਿਮਲ ਕੌਰ ਖਾਲਸਾ ਨੇ ਇਹ ਵੀ ਕਿਹਾ ਕਿ “ਬੇਅੰਤ ਸਿੰਘ ਨੇ ਮੈਨੂੰ ਦੱਸਿਆ ਸੀ ਕਿ ਦਰਬਾਰ ਸਾਹਿਬ ਵਿਚ ਫੌਜੀ ਕਾਰਵਾਈ ਦੌਰਾਨ ਕਈ ਬੇਕਸੂਰ ਔਰਤਾਂ ਤੇ ਬੱਚੇ ਵੀ ਮਾਰੇ ਗਏ ਸਨ ।”

ਸਿੱਖ ਨੌਜਵਾਨਾਂ ਦੇ ਮੁਕੱਦਮੇ ਲੜਣ ਲਈ ਕਮੇਟੀ ਕਾਇਮ

ਅੰਮ੍ਰਿਤਸਰ — (ਪੀ. ਟੀ. ਆਈ.) — ਅਕਾਲੀ ਦਲ ਨੇ ਨਜ਼ਰਬੰਦ ਸਿੱਖ ਨੌਜਵਾਨਾਂ ਦੇ ਪੰਜਾਬ ਦੀਆਂ ਵਿਸ਼ੇਸ਼ ਅਦਾਲਤਾਂ ’ਚ ਕੇਸ ਲੜਣ ਲਈ ਇਕ 10 ਮੈਂਬਰੀ ਕੇਂਦਰੀ ਡਿਫੈਂਸ ਕਮੇਟੀ ਬਣਾਈ ਹੈ ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟਿੰਗ ਪ੍ਰਧਾਨ ਸ੍ਰੀ ਪ੍ਰੇਮ ਸਿੰਘ ਲਾਲਪੁਰਾ ਇਸ ਕਮੇਟੀ ਦੇ ਚੇਅਰਮੈਨ ਹੋਣਗੇ ਜਦੋਂ ਕਿ ਸ੍ਰੀ ਮਹਿੰਦਰ ਸਿੰਘ ਸਾਈਆਂਵਾਲਾ ਸਾਬਕਾ ਐਮ. ਪੀ. ਇਸ ਦੇ ਕਨਵੀਨਰ ਹੋਣਗੇ ।

ਇਹ ਕਮੇਟੀ ਵਕੀਲ ਕਰਨ ਤੇ ਮਾਲੀ ਮਦਦ ਲਈ ਨਜ਼ਰਬੰਦ ਸਿੱਖ ਨੌਜਵਾਨਾਂ ਤੇ ਉਨ੍ਹਾ ਤੇ ਰਿਸ਼ਤੇਦਾਰਾਂ ਨਾਲ ਸੰਪਰਕ ਕਰੇਗੀ । ਇਹ ਕਮੇਟੀ ਅਕਾਲੀ ਦਲ ਵਲੋਂ ਪਿਛਲੇ ਸਾਲ ਦਸੰਬਰ ਮਹੀਨੇ ਦੌਰਾਨ ਉਘੇ ਵਕੀਲਾਂ ਦੀ ਬਣਾਈ ਡਿਫੈਂਸ ਕਮੇਟੀ ਤੋਂ ਵੱਖਰੀ ਹੈ ।

ਸੈਂਟਰਲ ਡਿਫੈਂਸ ਕਮੇਟੀ ਪਟਿਆਲਾ, ਲੁਧਿਆਣਾ, ਜਲੰਧਰ, ਅੰਮ੍ਰਿਤਸਰ, ਹੁਸ਼ਿਆਰਪੁਰ, ਬਠਿੰਡਾ, ਫਿਰੋਜ਼ਪੁਰ ਤੇ ਚੰਡੀਗੜ੍ਹ ਦੀਆਂ ਵਿਸ਼ੇਸ਼ ਅਦਾਲਤਾਂ ’ਚ ਸਿੱਖ ਨੌਜਵਾਨਾਂ ਦੇ ਕੇਸ ਲੜਨ ਲਈ ਇਕ ਇਕ ਸੀਨੀਅਰ ਵਕੀਲ ਕਰੇਗੀ ।

ਏਕੀਕਰਨ ਦੀ ਮੰਗ ਰਾਜੀਵ ਦੀ ਸ਼ਹਿ ’ਤੇ — ਸ਼ਾਂਤਾ ਕੁਮਾਰ

ਧਰਮਸ਼ਾਲਾ — ਹਿਮਾਚਲ ਪ੍ਰਦੇਸ਼ ਦੇ ਸਾਬਕਾ ਮੁਖ ਮੰਤਰੀ ਸ਼ਾਂਤਾ ਕੁਮਾਰ ਨੇ ਆਪਣੇ ਇਸ ਦੋਸ਼ ਨੂੰ ਦੁਹਰਾਇਆ ਹੈ ਕਿ ਹਾਕਮ ਕਾਂਗਰਸ (ਆਈ) ਹਿਮਾਚਲ ਪ੍ਰਦੇਸ਼ ਨੂੰ ਪੰਜਾਬ ਤੇ ਹਰਿਆਣਾ ਨਾਲ ਮਿਲਾਉਣ ਦਾ ਫੈਸਲਾ ਪਹਿਲਾਂ ਹੀ ਕਰ ਚੁੱਕੀ ਹੈ । ਉਨ੍ਹਾਂ ਕਿਹਾ ਕਿ ਹਿਮਾਚਲ ਦੇ ਮੁਖ ਮੰਤਰੀ ਸ੍ਰੀ ਵੀਰ ਭੱਦਰ ਸਿੰਘ ਏਕੀਕਰਨ ਦੀ ਇਸ ਸਾਜਸ਼ ਵਿਚ ਸ਼ਰੀਕ ਹਨ ਅਤੇ ਉਪਰੋਕਤ ਫੈਸਲੇ ’ਤੇ ਅਮਲ ਰਾਜ ਵਿਧਾਨ ਸਭਾ ਦੀਆਂ ਚੋਣਾਂ ਪਿਛੋਂ ਕੀਤਾ ਜਾਵੇਗਾ । ਇਥੇ ਇਕ ਚੋਣ ਜਲਸੇ ਨੂੰ ਸੰਬੋਧਨ ਕਰਦਿਆਂ ਸ੍ਰੀ ਸ਼ਾਂਤਾ ਕੁਮਾਰ ਨੇ ਕਿਹਾ ਕਿ ਹਰਿਆਣਾ ਦੇ ਮੁਖ ਮੰਤਰੀ ਭਜਨ ਲਾਲ ਨੇ ਤਿੰਨ ਰਾਜਾਂ ਦੇ ਏਕੀਕਰਨ ਦੀ ਮੰਗ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਸ਼ਹਿ ’ਤੇ ਕੀਤੀ ਹੈ । ਉਨ੍ਹਾਂ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਅਕਾਲੀਆਂ ਨੂੰ ਖੁਸ਼ ਕਰਨ ਲਈ ਤਿੰਨ ਰਾਜਾਂ ਨੂੰ ਮਿਲਾਉਣਾ ਚਾਹੁੰਦੇ ਹਨ ।

ਉਨ੍ਹਾਂ ਹਿਮਾਚਲ ਪ੍ਰਦੇਸ਼ ਦੇ ਲੋਕਾਂ ਨੂੰ ਕਿਹਾ ਕਿ ਉਹ ਹਿਮਾਚਲ ਦੇ ਗੁਆਂਢੀ ਰਾਜਾਂ ਨਾਲ ਰੇਲਵੇ ਦਾ ਤਿੱਖਾ ਵਿਰੋਧ ਕਰਨ ਅਤੇ ਹਾਕਮ ਪਾਰਟੀ ਦੇ ਇਰਾਦਿਆਂ ਨੂੰ ਨਾਕਾਮ ਬਣਾ ਦੇਣ ।

ਆਨੰਦਪੁਰ ਮੇਲਾ: ਇਸ ਵਾਰ ਹਰ ਪੱਖੋਂ ਅਹਿਮ

ਆਨੰਦਪਰ ਸਾਹਿਬ — (ਸਤਿੰਦਰ ਬੈਂਸ) — ਪੰਜਾਬ ਦੇ ਅਮੀਰ ਵਿਰਸੇ ਅਤੇ ਖੁਸ਼ਹਾਲੀ ਦੇ ਪਰਤੀਕ, ਹਿੰਦੂ-ਸਿੱਖਾਂ ਦਾ ਸਾਂਝਾ ਇਤਿਹਾਸਕ ਮੇਲਾ "ਹੋਲਾ ਮਹੱਲਾ," ਐਤਕੀਂ ਕਈ ਵਰ੍ਹਿਆ ਲੰਮੀ ਬੇਰੌਣਕੀ ਮਗਰੋਂ ਮੁੜ ਪੂਰੇ ਜੋਬਨ 'ਤੇ ਭਰਨ ਦੇ ਆਸਾਰ ਹਨ। ਕੁਦਰਤ ਦੀਆਂ ਮਨਮੋਹਣੀਆਂ ਰੰਗੀਨੀਆ ਅਤੇ ਯਾਰਾਂ ਬੂਲੀਆਂ ਸੰਗ ਖੁਸ਼ੀਆਂ ਦੇ ਵੰਨ-ਸੁਵੰਨੇ ਰੰਗਾਂ ਨਾਲ ਸਜਿਆ ਸੰਵਾਰਿਆ ਇਹ ਮੇਲਾ ਤਿੰਨ ਤੋਂ ਅੱਠ ਮਾਰਚ ਤਕ ਭਰੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਪੰਜਾਬ ਸਰਕਾਰ ਲੋਕਾਂ ਵਿਚੋਂ ਵਿਸਰ ਰਹੇ ਪੰਜਾਬੀਅਤ ਦੇ ਵਿਰਸੇ ਨੂੰ ਮੁੜ ਸੁਰਜੀਤ ਕਰਨ ਦੀ ਲਾਲਸਾ ਸਦਕਾ ਇਸ ਵਰ੍ਹੇ ਮੇਲੇ ਨੂੰ ਵਧ ਆਕਰਸ਼ਕ ਰੂਪ ਦੇਣ ਲਈ ਯਤਨਸ਼ੀਲ ਹਨ।

ਗੁਰਦੁਆਰਾ ਸ੍ਰੀ ਕੇਸਗੜ੍ਹ ਸਾਹਿਬ ਦੇ ਮੈਨੇਜਰ ਸ. ਤਰਲੋਚਨ ਸਿੰਘ ਨੇ ਦਸਿਆ ਕਿ ਕਮੇਟੀ ਵਲੋਂ ਮੇਲੇ ਲਈ ਲੋੜੀਂਦੇ ਸਭ ਪਰਬੰਧ ਮੁਕੰਮਲ ਹਨ। ਉਨ੍ਹਾਂ ਦਸਿਆ ਕਿ ਸਮੇਂ ਦੇ ਪਸਾਰ ਨਾਲ ਭੁੱਲਦੀਆਂ ਜਾ ਰਹੀਆਂ ਸਿਖ ਪ੍ਰੰਪਰਾਵਾਂ ਨੂੰ ਉਜਾਗਰ ਕਰਨ ਅਤੇ ਸਿੱਖ ਕੌਮ ਨੂੰ ਸਹੀ ਸੇਧ ਅਪਨਾਉਣ ਦੀ ਪ੍ਰੇਰਨਾ ਦੇਣ ਲਈ, ਮੇਲੇ ਉਤੇ ਕਵੀ ਦਰਬਾਰ, ਕੀਰਤਨ ਦਰਬਾਰ ਅਤੇ ਵਿਚਾਰ ਗੋਸ਼ਟੀਆਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ।

ਸੂਚਨਾ ਅਨੁਸਾਰ 7 ਮਾਰਚ ਦੀ ਰਾਤ 11 ਵਜੇ ਇਕ ਵੱਡਾ ਕਵੀ ਦਰਬਾਰ ਹੋਵੇਗਾ। ਕੁਝ ਦੂਰ ਹਟਵਾਂ ਇਕ ਢਾਡੀ ਦਰਬਾਰ ਵੀ ਇਸੇ ਰਾਤ ਕੀਤਾ ਜਾ ਰਿਹਾ ਹੈ। ਇਸ ਵਿਚ ਦੇਸ਼ ਭਰ ਤੋਂ ਉਘੇ ਕੀਰਤਨੀ ਜਥੇ ਅਤੇ ਢਾਡੀ ਸ਼ਾਮਲ ਹੋਣਗੇ। 8 ਮਾਰਚ ਦੀ ਰਾਤ ਨੂੰ ਇਕ ਸ਼੍ਰੋਮਣੀ ਕੀਰਤਨ ਦਰਬਾਰ ਹੋਵੇਗਾ।

ਗੁਰਦੁਆਰਾ ਸ੍ਰੀ ਕੇਸਗੜ੍ਹ ਸਾਹਿਬ ਉਤੇ 17 ਫੁੱਟ ਲੰਬਾ ਸੋਨੇ ਦਾ ਕਲਸ ਵੀ ਇਸ ਮੌਕੇ ਉਤੇ ਚੜ੍ਹਾਇਆ ਜਾਵੇਗਾ। ਭਾਰਤ ਵਿਚ, ਇਹ ਕਲਸ ਸਭ ਤੋਂ ਵੱਡਾ ਹੋਵੇਗਾ। ਇਸ ਦੀ ਸੇਵਾ ਬਾਬਾ ਪਰਮਜੀਤ ਸਿੰਘ ਮਾਹਲਪੁਰ ਬੁੰਗੇਵਾਲੇ ਕਰਵਾ ਰਹੇ ਹਨ।

ਗੁਰਦੁਆਰੇ ਦੇ ਮੈਨੇਜਰ ਨੇ ਦੱਸਿਆ ਕਿ ਐਤਕੀਂ ਨਿਹੰਗ ਸਿੰਘਾਂ ਦੇ 12 ਦਲ ਸ਼ਾਮਲ ਹੋਣਗੇ। ਕਮੇਟੀ ਦੇ ਫੈਸਲੇ ਅਨੁਸਾਰ ਬਾਬਾ ਸੰਤ ਸਿੰਘ ਵਾਲੇ ਬਾਬਾ ਬੁੱਢਾ ਦਲ ਨੂੰ ਇਸ ਵਰ੍ਹੇ ਰਸਦ ਨਹੀਂ ਦਿਤੀ ਜਾ ਰਹੀ।

ਉਧਰ ਰੋਪੜ ਦੇ ਡਿਪਟੀ ਕਮਿਸ਼ਨਰ ਮਲਕੀਅਤ ਸਿੰਘ ਕੈਲੇ ਨੇ ਮੇਲੇ ਦੇ ਪ੍ਰਬੰਧ ਕਰਨ ਲਈ ਜ਼ਿਲਾ ਅਤੇ ਸਬ ਡਵੀਜ਼ਨ ਤੇ ਪੁਲੀਸ ਅਤੇ ਸਿਵਲ ਅਧਿਕਾਰੀਆਂ ਦੀ ਇਕ ਮੀਟਿੰਗ ਕੀਤੀ। ਆਨੰਦਪੁਰ ਸਾਹਿਬ ਦੇ ਐਸ. ਡੀ. ਐਮ. ਦਲਜੀਤ ਰਾਏ ਨੂੰ ਮੇਲਾ ਅਫਸਰ ਨਿਯੁਕਤ ਕੀਤਾ ਗਿਆ ਹੈ।

ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੇਲੇ ਉਤੇ ਸ਼ਰਾਬ ਦੀ ਵਿਕਰੀ ਰੋਕਣ ਲਈ ਖਾਸ ਪ੍ਰਬੰਧ ਕੀਤੇ ਗਏ ਹਨ। ਆਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਨੇੜਲੇ ਸਭ ਸ਼ਰਾਬ ਦੇ ਠੇਕਿਆਂ ਉਤੇ, ਠੇਕੇਦਾਰ ਦੇ ਜੰਦਰੇ ਦੇ ਉਤੇ ਇਕ 'ਸਰਕਾਰੀ ਜੰਦਰਾ' ਵੀ ਲਗਾਇਆ ਜਾਵੇਗਾ।

ਅਮਨ-ਕਾਨੂੰਨ ਦੀ ਹਾਲਤ ਸਹੀ ਰੱਖਣ ਲਈ ਪੁਲੀਸ ਦੇ ਵਿਆਪਕ ਪ੍ਰਬੰਧ ਕੀਤੇ ਗਏ ਹਨ। ਪੰਜਾਬ ਪੁਲੀਸ, ਕੇਂਦਰੀ ਰਿਜ਼ਰਵ ਪੁਲੀਸ ਅਤੇ ਚਿੱਟ-ਕੱਪੜੀਏ ਪੁਲਸੀਆਂ ਦੀ 10,000 ਤੋਂ ਵਧ ਗਿਣਤੀ ਪ੍ਰਸ਼ਾਸ਼ਨ ਦੀ ਮਦਦ ਕਰੇਗੀ। ਦੋ ਐਗਜ਼ੈਕਟਿਵ ਮੈਜਿਸਟਰੇਟ 24 ਘੰਟੇ ਡਿਊਟੀ ਉਤੇ ਰਹਿਣਗੇ।

ਟੂਰਿਜ਼ਮ ਵਿਭਾਗ ਪੰਜਾਬ ਅਤੇ ਹੈਲਥ ਵਿਭਾਗ ਵਾਲੇ ਦੋ ਵੱਡੀਆਂ ਨੁਮਾਇਸ਼ਾਂ ਦਾ ਆਯੋਜਨ ਕਰ ਰਹੇ ਹਨ।

ਪੰਜਾਬ ਵਿਚ ਮਲੇਰੀਏ ਦੀ ਬਿਮਾਰੀ ਵੱਡੀ ਪੱਧਰ 'ਤੇ ਫੈਲਣ ਦੇ ਸ਼ੱਕ ਅਤੇ ਹੋਰ ਛੂਤ ਦੀਆਂ ਬਿਮਾਰੀਆਂ ਦੀ ਰੋਕਥਾਮ ਲਈ ਇਥੇ ਤਿੰਨ ਡਿਸਪੈਂਸਰੀਆ, ਅੱਠ ਮੁਢਲੇ ਸਹਾਇਤਾ ਕੇਂਦਰ ਅਤੇ ਛੇ ਟੀਕੇ ਲਾਉਣ ਦੇ ਕੇਂਦਰ ਸਥਾਪਤ ਕੀਤੇ ਗਏ ਹਨ। ਜ਼ਿਲਾ ਸਿਹਤ ਵਿਭਾਗ ਵਲੋਂ ਹੁਕਮ ਜਾਰੀ ਕੀਤੇ ਗਏ ਹਨ ਕਿ ਮੇਲੇ ਵਿਚ ਵੜਨ ਤੋਂ ਪਹਿਲਾਂ ਹਰ ਯਾਤਰੂ ਦੇ ਟੀਕਾ ਲਾਇਆ ਜਾਵੇ। ਖਾਣ ਪੀਣ ਦੀਆਂ ਵਸਤਾਂ ਨੰਗੀਆਂ ਰੱਖ ਕੇ ਵੇਚਣ ਵਾਲੇ ਦੁਕਾਨਦਾਰਾਂ ਨੂੰ ਮੌਕੇ ਉਤੇ ਹੀ ਸਜ਼ਾ ਦਿਤੀ ਜਾਵੇਗੀ।


ਯਾਤਰੂਆਂ ਦੀ ਸਹੂਲਤ ਲਈ ਆਵਾਜਾਈ ਦੀਆਂ ਸਹੂਲਤਾਂ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾ ਰਹੇ ਹਨ। ਪੰਜਾਬ ਰੋਡਵੇਜ਼ ਅਤੇ ਪੈਪਸੂ ਰੋਡ ਟਰਾਂਸਪੋਰਟ ਤੋਂ ਬਿਨਾਂ ਪ੍ਰਾਈਵੇਟ ਬੱਸਾਂ ਅਤੇ ਹਿਮਾਂਚਲ ਟਰਾਂਸਪੋਰਟ ਦੀਆਂ ਬੱਸਾਂ ਚਲਾਈਆਂ ਜਾ ਰਹੀਆਂ ਹਨ। ਇਹ ਬੱਸ ਸੇਵਾ ਸਾਰੇ ਜ਼ਿਲਾ ਹੈਡਕੁਆਰਟਰਾਂ ਤੋਂ ਆਨੰਦਪੁਰ ਸਾਹਿਬ ਅਤੇ ਉਥੋਂ ਨੰਗਲ, ਕੀਰਤਪੁਰ ਸਾਹਿਬ, ਕੌਲਾਂ ਵਾਲਾ ਟੋਭਾ (ਗੁਰੂ ਕਾ ਲਾਹੌਰ ਅਤੇ ਨੌਹਰੀਆਂ) (ਡੇਰਾ ਬਾਬਾ ਬਡਭਾਗ ਸਿੰਘ(ਤਕ ਚਲੇਗੀ।

ਆਨੰਦਪੁਰ ਸਾਹਿਬ ਅਤੇ ਇਸ ਦੇ ਆਲੇ ਦੁਆਲੇ ਸੜਕਾਂ ਦੀ ਮੁਰੰਮਤ ਦਾ ਕੰਮ ਜਾਰੀ ਹੈ।

ਸਿੱਖ ਪ੍ਰਚਾਰਕਾਂ 'ਤੇ ਪਾਬੰਦੀਆਂ ਦੀ ਸਿੰਘ ਸਾਹਿਬਾਨ ਵਲੋਂ ਨਿੰਦਾ

ਅੰਮ੍ਰਿਤਸਰ — (ਵਿਸ਼ੇਸ਼ ਪ੍ਰਤੀਨਿਧ) — ਤਿੰਨ ਸਿੱਖ ਪ੍ਰਚਾਰਕਾਂ ਦੇ ਪੰਜਾਬੀ ਬਾਹਰ ਪ੍ਰਚਾਰ ਲਈ ਜਾਣ ਉਪਰ ਪਾਬੰਦੀ ਲਗਾਉਣ ਦੇ ਸਰਕਾਰ ਦੇ ਫੈਸਲੇ ਦੀ ਦੋ ਸਿੰਘ ਸਾਹਿਬਾਨ ਨੇ ਆਲੋਚਨਾ ਕੀਤੀ ਹੈ।

ਇਥੇ ਜਾਰੀ ਕੀਤੇ ਇਕ ਬਿਆਨ ਵਿਚ ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਅਤੇ ਸਿੰਘ ਸਾਹਿਬ ਗਿਆਨੀ ਸਾਹਿਬ ਸਿੰਘ ਨੇ ਕਿਹਾ ਕਿ ਗਿਆਨੀ ਸੰਤ ਸਿੰਘ ਮਸਕੀਨ, ਪ੍ਰੋ. ਦਰਸ਼ਨ ਸਿੰਘ ਅਤੇ ਗਿਆਨੀ ਦਲੀਪ ਸਿੰਘ ਦਰਦੀ ਦੇ ਪੰਜਾਬੋਂ ਬਾਹਰ ਪ੍ਰਚਾਰ ਕਰਨ ਲਈ ਜਾਣ ਉਪਰ ਪਾਬੰਦੀ ਲਗਾ ਕੇ ਕੇਂਦਰ ਨੂੰ ਸੰਵਿਧਾਨ ਵਲੋਂ ਦਿੱਤੇ ਕਿਸੇ ਵੀ ਧਰਮ ਨੂੰ ਮੰਨਣ ਦੇ ਬੁਨਿਆਦੀ ਅਧਿਕਾਰ ਉਪਰ ਛਾਪਾ ਮਾਰਿਆ ਹੈ।



ਹੋਲੇ ਦੇ ਜਲੂਸ 'ਚੋਂ ਬੁੱਢਾ ਦਲ ਗੈਰਹਾਜ਼ਰ ਹੋਵੇਗਾ

ਮੇਲੇ ਉਤੇ ਸਭ ਤੋਂ ਦਿਲਚਸਪ ਗੱਲ "ਨਿਹੰਗ ਮੁਖੀ" ਬਾਬਾ ਸੰਤ ਸਿੰਘ ਅਤੇ ਉਸ ਦੇ ਚੇਲਿਆਂ ਦੀ ਗੈਰਹਾਜ਼ਰੀ ਹੋਵੇਗੀ। ਨਿਹੰਗ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਏਗਾ ਜਦ ਬਾਬਾ ਬੁੱਢਾ ਦਲ ਨੂੰ, 8 ਮਾਰਚ ਨੂੰ ਕੱਢੇ ਜਾ ਰਹੇ ਮਹੱਲੇ ਦੇ ਜਲੂਸ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿਤੀ ਜਾਵੇਗੀ। ਸਿੱਖਾਂ ਵਿਚ ਬਾਬਾ ਸੰਤਾ ਸਿੰਘ ਦੀਆਂ 'ਕਾਰ ਸੇਵਾ' ਦੌਰਾਨ "ਸਰਕਾਰ ਪੱਖੀ" ਗਤੀ ਵਿਧੀਆਂ ਕਾਰਨ ਕਾਫੀ ਰੋਸ ਹੈ। ਸ਼੍ਰੋਮਣੀ ਕਮੇਟੀ ਅਤੇ ਜ਼ਿਲਾ ਅਧਿਕਾਰੀ ਕਿਸੇ ਅਣਸੁਖਾਵੀਂ ਘਟਨਾ ਦਾ ਸਾਹਮਣਾ ਕਰਨ ਲਈ ਲੋੜੀਂਦੇ ਕਦਮ ਤਾਂ ਚੁੱਕ ਹੀ ਰਹੇ ਹਨ ਤੇ ਉਹ ਆਪਸ ਵਿਚ ਪੂਰਾ ਤਾਲਮੇਲ ਵੀ ਰਖ ਰਹੇ ਹਨ।

ਸੰਭਾਵਨਾ ਹੈ ਪੁਲੀਸ ਬਾਬਾ ਸੰਤਾ ਸਿੰਘ ਅਤੇ ਬਾਬਾ ਪ੍ਰੀਤਮ ਸਿੰਘ, ਦੋਵਾਂ ਨੂੰ ਹੀ ਮੇਲੇ ਵਿਚ ਸ਼ਾਮਲ ਹੋਣ ਤੋਂ ਰੋਕੇਗੀ।

ਮਹੱਲੇ ਦਾ ਜਲੂਸ ਸ੍ਰੀ ਕੇਸਗੜ੍ਹ ਸਾਹਿਬ ਤੋਂ ਬਾਅਦ ਦੁਪਿਹਰ ਚਲੇਗਾ ਜਿਸ ਦੀ ਅਗਵਾਈ ਤਖਤ ਦੇ ਜਥੇਦਾਰ ਗਿਆਨੀ ਹਰਚਰਨ ਸਿੰਘ ਮਹਾਲੋਂ ਅਤੇ ਹੈਡ ਗਰੰਥੀ ਗਿਆਨੀ ਬਲਬੀਰ ਸਿੰਘ ਹੁਰੀਂ ਕਰਨਗੇ। ਇਸ ਦੇ ਪਿੱਛੇ ਫਗਵਾੜਾ ਦਾ ਮਸ਼ਹੂਰ ਦਿਆਲਪੁਰੀ ਬੈਂਡ ਹੋਏਗਾ ਤੇ ਉਸ ਦੇ ਪਿਛੇ ਨਿਹੰਗਾਂ ਦੇ ਵੱਖ ਵੱਖ ਜਥੇ ਮਾਰਚ ਕਰਨਗੇ।

ਨਿਹੰਗਾਂ ਦੇ ਜਥਿਆਂ ਵਿਚ ਬਾਬਾ ਬਿਧੀ ਚੰਦ ਜਥਾ, ਹਰੀਆਂ ਵੇਲਾਂ, ਤਰਨਾ ਦਲ, ਗੁਰੂ ਨਾਨਕ ਦਲ (ਮੜ੍ਹੀਆ ਵਾਲਾ), ਦਸਮੇਸ਼ ਫੌਜ (ਜੀਵਨ ਸਿੰਘ), ਤਰਨਾ ਦਲ ਬਾਬਾ ਬਕਾਲਾ, ਤਰਨਾ ਦਲ (ਮਹਿਤਾ ਚੌਕ), ਦਸਮੇਸ਼ ਤਰਨਾ ਦਲ (ਬਲਕਾਰ ਸਿੰਘ), ਬਾਬਾ ਬੀਰ ਸਿੰਘ (ਨੌਰੰਗਾਬਾਦ), ਦਸਮੇਸ਼ ਦਲ ਚਕਰਵਰਤੀ, ਆਲ ਇੰਡੀਆ ਨਿਹੰਗ ਦਲ, ਤਰਨਾ ਦਲ ਸ਼ਹੀਦਾਂ ਅਤੇ ਦਸਮੇਸ਼ ਤਰਨਾ ਦਲ (ਚਲਦਾ ਵਹੀਰ ਝਬਾਲ) ਸ਼ਾਮਲ ਹੋਣਗੇ।

ਮੇਲਾ ਪਹਿਲੇ ਤਿੰਨ ਦਿਨ ਤਿੰਨ ਤੋਂ ਪੰਜ ਮਾਰਚ ਕਰੀਤਪੁਰ ਸਾਹਿਬ ਵਿਚ ਭਰੇਗਾ ਅਤੇ 6, 7, 8, ਮਾਰਚ ਨੂੰ ਆਨੰਦਪੁਰ ਸਾਹਿਬ 'ਚ ਚਲੇਗਾ। ਸੱਤ ਮਾਰਚ ਨੂੰ ਪੁੰਨਿਆਂ ਇਸ਼ਨਾਨ ਹੋਏਗਾ। ਸ਼੍ਰੋਮਣੀ ਕਮੇਟੀ ਨੇ ਇਸ਼ਨਾਨ ਦੀਆਂ ਸਹੂਲਤਾਂ ਲਈ ਪਵਿੱਤਰ ਸਰੋਵਰ ਨੂੰ ਦੋ ਹਿੱਸਿਆਂ ਵਿਚ ਵੰਡ ਦਿਤਾ ਹੈ ਤੇ ਸਰੋਵਰ ਦੇ ਦੁਆਲੇ 25 ਫੁੱਟ ਉੱਚੀਆਂ ਕੰਧਾਂ ਉਸਾਰੀਆਂ ਗਈਆਂ ਹਨ।

ਲੋਕ ਮਹਿਸੂਸ ਕਰਦੇ ਹਨ ਕਿ ਪੰਜਾਬ ਦਾ ਮਾਹੌਲ ਇਸ ਵਰ੍ਹੇ ਪਿਛਲੇ ਸਾਲਾਂ ਨਾਲੋਂ ਕਾਫੀ ਸੁਖਾਵਾਂ ਹੈ ਜਿਸ ਕਰਕੇ ਲੋਕਾਂ ਵਿਚ ਮੇਲੇ ਨੂੰ ਵੇਖਣ ਦੀ ਕਾਫੀ ਤੀਬਰਤਾ ਹੈ।

ਬਾਹਰਲੇ ਸੂਬਿਆਂ ਤੋਂ ਆਏ ਦੰਗਾ ਪੀੜਤ ਪਰਿਵਾਰ ਅਤੇ ਉਨ੍ਹਾਂ ਦੇ ਮੁੜ ਵਸੇਬੇ ਦੇ ਪਰੋਗਰਾਮ, ਸਿੱਖਾਂ ਦੇ ਦਿਲਾਂ ਉਤੇ ਜ਼ਖਮ, ਸਿੱਖਾਂ ਦਾ ਰਾਜਨੀਤਕ ਭਵਿੱਖ ਅਤੇ ਸਿੱਖਾਂ ਉਤੇ ਸੰਕਟ ਦੌਰਾਨ ਵਿਰੋਧੀ ਧਿਰਾਂ ਦਾ ਰੋਲ ਕੁਝ ਮੁਖ ਮੁੱਦੇ ਹੋਣਗੇ ਜੋ ਸ਼੍ਰੋਮਣੀ ਅਕਾਲੀ ਦਲ ਦੀ ਕਾਨਫਰੰਸ ਵਿਚ ਵਿਚਾਰੇ ਜਾਣਗੇ।

ਇਸ ਤੋਂ ਬਿਨਾਂ ਕੁਝ ਸੂਤਰਾਂ ਨੇ ਕਿਹਾ ਹੈ ਕਿ ਅਕਾਲੀ ਦਲ (ਤਲਵੰਡੀ) ਆਪਣੀ ਵਖਰੀ ਹੋਂਦ ਦਰਸਾਉਣ ਲਈ "ਬਰਾਬਰੀ" ਦੀ ਸਟੇਜ ਲਾਉਣ ਦੀ ਕੋਸ਼ਿਸ਼ ਵਿਚ ਹੈ।

ਕੁਝ ਹੋਰ ਰਾਜਸੀ ਪਾਰਟੀਆਂ, ਜਿਵੇਂ ਕਾਂਗਰਸ (ਆਈ), ਭਾਰਤੀ ਕਮਿਊਨਿਸਟ ਪਾਰਟੀ ਅਤੇ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਆਦਿ ਵੀ ਕਾਨਫਰੰਸਾਂ ਕਰ ਰਹੇ ਹਨ।

ਕੁਝ ਮਿਲਾ ਕੇ ਐਤਕੀਂ ਦਾ ਮੇਲਾ ਧੂੜ ਅਤੇ ਧੱਕਿਆਂ ਦਾ ਮੇਲਾ ਨਾ ਹੋ ਕੇ ਧਾਰਮਿਕ ਅਤੇ ਰਾਜਸੀ ਪੱਖ ਤੋਂ ਅਹਿਮ 'ਘਟਨਾ' ਹੋਵੇਗਾ।

ਮੇਲੇ ਲਈ ਲੋਕਾਂ ਦਾ ਆਉਣਾ ਹੁਣ ਤੋਂ ਹੀ ਸ਼ੁਰੂ ਹੈ।

7 ਵਜ਼ੀਰਾਂ ਦੀ ਹਾਰ ਮਗਰੋਂ ਜ਼ਿਆ ਵਲੋਂ ਆਪਣੀ ਵਜ਼ਾਰਤ ਭੰਗ

ਇਸਲਾਮਾਬਾਦ — ਪਾਕਿਸਤਾਨ ਦੇ ਫੌਜੀ ਰਾਸ਼ਟਰਪਤੀ ਜਨਰਲ ਜ਼ਿਆ-ਉਲ-ਹੱਕ ਨੇ ਕੌਮੀ ਚੋਣਾਂ 'ਚ ਆਪਣੇ ਸੱਤ ਮੰਤਰੀਆਂ ਦੀ ਹੋਈ ਹਾਰ ਨੂੰ ਧਿਆਨ 'ਚ ਰੱਖਦਿਆਂ ਆਪਣੀ ਵਜ਼ਾਰਤ ਭੰਗ ਕਰ ਦਿੱਤੀ। ਆਪਣੇ ਅੱਠ ਸਾਲਾ ਫੌਜੀ ਰਾਜ 'ਚ ਜਨਰਲ ਜ਼ਿਆ ਵਲੋਂ ਆਪਣੀ ਵਜ਼ਾਰਤ ਭੰਗ ਕਰਨ ਦਾ ਇਹ ਪਹਿਲਾ ਮੌਕਾ ਹੈ।

ਇਥੇ ਜਾਰੀ ਕੀਤੇ ਇਕ ਪ੍ਰੈਸ ਬਿਆਨ 'ਚ ਕਿਹਾ ਗਿਆ ਹੈ ਕਿ ਇਹ ਫੈਸਲਾ ਲੋਕ ਹਿੱਤਾਂ ਨੂੰ ਧਿਆਨ 'ਚ ਰੱਖਦਿਆਂ ਕੀਤਾ ਗਿਆ ਹੈ। ਚੋਣ ਹਾਰਨ ਵਾਲੇ ਮੰਤਰੀਆਂ 'ਚ ਮੀਰ ਅਲੀ ਅਹਿਮਦ ਤਾਲਪੁਰ(ਰਖਿਆ), ਰਾਜਾ ਜ਼ਫਰ-ਉਲ-ਹੱਕ(ਸੂਚਨਾ), ਅਰਬਾਬ ਨਿਆਜ਼(ਕਿਰਤ), ਗੁਲਾਮ ਦਸਤਗੀਰ ਖਾਨ(ਸਮਾਜ ਭਲਾਈ), ਮਹਿਮੂਦ ਅਲੀ (ਰਾਜ ਮੰਤਰੀ) ਤੇ ਰਾਜਾ ਸਿਕੰਦਰ ਜ਼ਮਾਂ (ਪਾਣੀ ਤੇ ਬਿਜਲੀ) ਸ਼ਾਮਲ ਹਨ।

ਚੋਣ ਲੜਨ ਵਾਲੇ ਫੈਡਰਲ ਮੰਤਰੀਆਂ ਵਿਚੋਂ ਅਬਦੁਲ ਗਫ਼ੂਰ ਹੋਤੀ (ਰੇਲਵੇ) ਤੇ ਮੋਹੀਉਦੀਨ ਬਲੋਚ(ਸੰਚਾਰ) ਆਪਣੇ ਵਿਰੋਧੀ ਉਮੀਦਵਾਰਾਂ ਤੋਂ ਥੋੜੀਆਂ ਵੋਟਾਂ ਦੇ ਫਰਕ ਨਾਲ ਜਿੱਤੇ। ਦੋ ਮੰਤਰੀ ਇਲਾਹੀ ਬਖਸ਼ ਸੋਮਰੂ(ਸਨਅਤਾਂ) ਤੇ ਜ਼ਫਰਉਲਾ ਖਾਨ ਜਮਾਲੀ (ਸਥਾਨਕ ਸਰਕਾਰ) ਬਿਨਾਂ ਮੁਕਾਬਲਾ ਜਿੱਤ ਗਏ ਸਨ। ਪਰ ਰਾਸ਼ਟਰਪਤੀ ਜ਼ਿਆ ਦਾ ਅੰਦਰੂਨੀ ਵਪਾਰ ਬਾਰੇ ਸਲਾਹਕਾਰ ਇਸ਼ਰਤ ਅਲੀ ਵੀ ਇਨ੍ਹਾਂ ਚੋਣਾਂ 'ਚ ਹਾਰ ਗਿਆ।

ਪਾਕਿਸਤਾਨ ਦੀਆਂ ਇਨ੍ਹਾਂ ਆਮ ਚੋਣਾਂ, ਦਾ ਪਾਬੰਦੀਸ਼ੁਦਾ ਪਾਰਟੀਆਂ ਨੇ ਬਾਈਕਾਟ ਕੀਤਾ ਸੀ ਕਿਉਂਕਿ ਜਨਰਲ ਜ਼ਿਆ ਨੇ ਸ਼ਰਤ ਰਖੀ ਸੀ ਕਿ ਕੇਵਲ ਪਾਰਟੀ ਰਹਿਤ ਉਮੀਦਵਾਰ ਹੀ ਇਨ੍ਹਾਂ ਚੋਣਾਂ 'ਚ ਭਾਗ ਲੈ ਸਕਦੇ ਹਨ। ਚੋਣ ਰਾਜਸੀ ਸਰਗਰਮੀਆਂ ਉਤੇ ਅਸਿੱਧੇ ਤੌਰ ਤੇ ਪੂਰੀ ਤਰ੍ਹਾਂ ਪਾਬੰਦੀ ਲਾਈ ਹੋਈ ਸੀ। ਜਨਰਲ ਜ਼ਿਆ ਦੇ ਬਹੁਤ ਸਾਰੇ ਸਮਰਥਕ, ਜਿਨ੍ਹਾਂ 'ਚ ਸਾਬਕਾ ਮੰਤਰੀ ਰਾਓ ਫਰਮਾਨ ਅਲੀ ਤੇ ਮਜਲਿਸ-ਏ-ਸ਼ੂਰਾ ਦੇ ਕਈ ਮੈਂਬਰ ਸ਼ਾਮਲ ਹਨ, ਚੋਣ ਹਾਰ ਗਏ ਹਨ। ਜਲ ਸੈਨਾ ਦੇ ਸਾਬਕਾ ਮੁਖੀ ਐਡਮਿਰਲ ਕਰਾਮਾਤ ਨਿਆਜ਼ੀ ਇਸਲਾਮਾਬਾਦ ਦੇ ਏਰੀਏ 'ਚ ਪੀਪਲਜ਼ ਪਾਰਟੀ ਦੇ ਇਕ ਵਰਕਰ ਨਿਆਜ਼ੀ ਦੇ ਮੁਕਾਬਲੇ ਚੌਥੇ ਨੰਬਰ ਉਤੇ ਰਹੇ। ਪਾਕਿਸਤਾਨ ਦੇ 37 ਸਾਲਾ ਇਤਿਹਾਸ ਵਿਚ ਇਹ ਤੀਜੀਆਂ ਆਮ ਚੋਣਾਂ ਹਨ।

ਰਾਜਸੀ ਦਰਸ਼ਕਾਂ ਦੇ ਵਿਚਾਰ ਅਨੁਸਾਰ ਪਿਛਲੇ 19 ਦਸੰਬਰ ਨੂੰ ਜਨਰਲ ਜ਼ਿਆ ਦੀਆਂ ਇਸਲਾਮੀ ਨੀਤੀਆਂ ਬਾਰੇ ਕਰਵਾਏ ਲੋਕਮਤ 'ਚ ਬਹੁਤ ਘੱਟ ਲੋਕਾਂ ਦੇ ਹਿਸਾ ਲੈਣ ਤੇ ਇਨ੍ਹਾਂ ਚੋਣਾਂ 'ਚ ਜਮਾਤ-ਏ-ਇਸਲਾਮੀ ਦਾ ਲਗਭਗ ਸਫਾਇਆ ਹੋਣ ਤੋਂ ਇਹ ਜਾਪਦਾ ਹੈ ਕਿ ਇਸਲਾਮੀ ਕੱਟੜਵਾਦੀਆਂ ਦੀ ਇਹ ਵੱਡੀ ਹਾਰ ਹੈ। ਦੂਜੇ ਪਾਸੇ ਮੁਸਲਿਮ ਲੀਗ(ਪਗਾਰਾ ਧੜੇ) ਨੇ ਜਮਾਤ-ਏ-ਇਸਲਾਮੀ ਦੇ ਮੁਕਾਬਲੇ ਆਪਣੀ ਸ਼ਕਤੀ ਦਾ ਚੰਗਾ ਪ੍ਰਦਰਸ਼ਨ ਕਰਕੇ ਰਾਜਸੀ ਹਲਕਿਆਂ ਨੂੰ ਹੈਰਾਨ ਕਰ ਦਿੱਤਾ ਹੈ। ਦੇਸ਼ ਦੀਆਂ ਇਹ ਸਿਰਫ ਦੋ ਹੀ ਅਜਿਹੀਆਂ ਰਾਜਸੀ ਪਾਰਟੀਆਂ ਹਨ ਜਿਹੜੀਆਂ ਜਨਰਲ ਜ਼ਿਆ ਦੀਆਂ ਭਾਈਵਾਲ ਚਲੀਆਂ ਆ ਰਹੀਆਂ ਹਨ।

ਲੋਕ ਰਾਜ ਦੀ ਬਹਾਲੀ ਲਈ ਗਿਆਰਾਂ ਪਾਰਟੀ ਮੁਹਾਜ਼ ਨੇ ਇਨ੍ਹਾਂ ਚੋਣਾਂ ਦਾ ਮੁਕੰਮਲ ਬਾਈਕਾਟ ਕੀਤਾ। ਪਰ ਇਨ੍ਹਾਂ ਪਾਰਟੀਆਂ ਦੇ ਵਰਕਰਾਂ ਨੇ ਫੈਡਰਲ ਮੰਤਰੀਆਂ ਦੀ ਹਾਰ ਯਕੀਨੀ ਬਨਾਉਣ ਲਈ ਸਰਗਰਮੀ ਨਾਲ ਕੰਮ ਕੀਤਾ। ਪਰ ਪਿਛਲੇ ਸਾਲ ਦਸੰਬਰ ਮਹੀਨੇ ਦੌਰਾਨ ਜਨਰਲ ਜ਼ਿਆ ਵਲੋਂ ਕਰਵਾਏ ਗਏ ਵਾਦ-ਵਿਵਾਦ ਪੂਰਨ ਲੋਕਮਤ ਦੇ ਮੁਕਾਬਲੇ ਇਹ ਚੋਣਾਂ ਵਧ ਜਥੇਬੰਦਕ ਢੰਗ ਨਾਲ ਕਰਾਈਆਂ ਗਈਆਂ।

ਸੇਠ ਰਾਮ ਨਾਥ ਭੁੱਖ ਹੜਤਾਲ ਕਰਨਗੇ

ਦਲ ਤੋਂ ਆਗਿਆ ਮੰਗੀ

ਜੈਤੋ — (ਪੱਤਰ ਪ੍ਰੇਰਕ) — ਪੰਜਾਬੀ ਰਿਜਨਲ ਕਮੇਟੀ ਦੇ ਸਾਬਕਾ ਚੇਅਰਮੈਨ ਤੇ ਬਜ਼ੁਰਗ ਕਾਂਗਰਸੀ ਨੇਤਾ ਸੇਠ ਰਾਮ ਨਾਥ, ਸਾਬਕਾ ਵਜ਼ੀਰ ਨੇ ਅਕਾਲੀ ਦਲ ਤੋਂ ਆਗਿਆ ਮੰਗੀ ਹੈ ਕਿ ਪੰਜਾਬ ਦੀਆਂ ਮੰਗਾਂ ਮਨਾਉਣ ਬਾਰੇ ਉਨ੍ਹਾਂ ਨੂੰ ਭੁੱਖ ਹੜਤਾਲ ਰੱਖਣ ਦੀ ਪ੍ਰਵਾਨਗੀ ਦਿਤੀ ਜਾਵੇ। ਉਹ ਇਥੇ ਗੁਰਦੁਆਰਾ ਟਿਬੀ ਸਾਹਿਬ ਵਿਖੇ ਬੀਤੇ ਦਿਨ ਸ਼ਹੀਦੀ ਜੋੜ ਮੇਲੇ 'ਤੇ ਬੋਲ ਰਹੇ ਸਨ ਸੇਠ ਰਾਮ ਨਾਥ ਨੇ ਦੋਸ਼ ਲਾਇਆ ਕਿ ਦਿੱਲੀ ਅਤੇ ਹੋਰ ਥਾਵਾਂ ਉਪਰ ਸਿੱਖਾਂ ਉਪਰ ਅਥਾਹ ਤਸ਼ੱਦਦ ਕੀਤਾ ਗਿਆ। ਇਥੋਂ ਤੱਕ ਕਿ ਮਾਸੂਮ ਬੱਚਿਆਂ ਤੇ ਔਰਤਾਂ ਨੂੰ ਵੀ ਬਖਸ਼ਿਆ ਨਹੀਂ ਗਿਆ। ਪ੍ਰੰਤੂ ਕੇਂਦਰ ਸਰਕਾਰ ਤੇ ਸਬੰਧਤ ਰਾਜ ਸਰਕਾਰਾਂ ਚੁੱਪ ਹੀ ਰਹੀਆਂ। ਉਨ੍ਹਾਂ ਕਿਹਾ "ਜਦੋਂ ਮੈਂ ਇਹ ਹਿੰਸਕ ਕਾਰਵਾਈਆਂ ਵੇਖੀਆਂ ਤਾਂ ਮੈਨੂੰ ਹੰਝੂ ਆ ਗਏ ਤੇ ਚੱਕਰ ਖਾ ਕੇ ਡਿੱਗ ਪਿਆ ਕਿਉਂਕਿ ਕਿ ਅਜਿਹੀਆਂ ਹਿੰਸਕ ਕਾਰਵਾਈਆਂ ਤਾਂ ਹਿੰਦ ਪਾਕਿ ਵੰਡ ਦੌਰਾਨ ਵੀ ਨਹੀਂ ਵੇਖੀਆਂ ਸਨ।


ਉਨ੍ਹਾਂ ਮੰਗ ਕੀਤੀ ਕਿ ਘਟਨਾਵਾਂ ਦੀ ਉਚ ਪੱਧਰੀ ਜਾਂਚ ਕਰਵਾਈ ਜਾਵੇ ਤੇ ਦੋਸ਼ੀ ਵਿਅਕਤੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣ।

ਐਸ. ਕੇ. ਸਿੰਘ ਪਾਕਿ 'ਚ ਨਵੇਂ ਭਾਰਤੀ ਸਫੀਰ

ਨਵੀਂ ਦਿਲੀ — (ਯੂ. ਐਨ. ਆਈ.) — ਵੀਆਨਾ ਵਿਚਲੇ ਭਾਰਤੀ ਰਾਜਦੂਤ ਸ੍ਰੀ ਐਸ. ਕੇ. ਸਿੰਘ ਨੂੰ ਪਾਕਿਸਤਾਨ ਵਿਚ ਭਾਰਤ ਦਾ ਨਵਾਂ ਰਾਜਦੂਤ ਨਿਯੁਕਤ ਕੀਤਾ ਗਿਆ ਹੈ।

ਸ੍ਰੀ ਐਸ. ਕੇ. ਸਿੰਘ ਕੇ. ਡੀ. ਸ਼ਰਮਾ ਦੀ ਥਾਂ ਲੈਣਗੇ ਜਿਨ੍ਹਾਂ ਨੇ ਪਾਕਿਸਤਾਨ ਵਿਚ ਭਾਰਤੀ ਰਾਜਦੂਤ ਵਜੋਂ ਆਪਣਾ ਕਾਰਜ ਕਾਲ ਮੁਕੰਮਲ ਕਰ ਲਿਆ ਹੈ। ਪਤਾ ਲਗਾ ਹੈ ਕਿ ਸ੍ਰੀ ਸ਼ਰਮਾ ਨੂੰ ਵੀ ਨਵਾਂ ਅਹੁਦਾ ਦਿਤਾ ਜਾ ਰਿਹਾ ਹੈ।

ਕੋਈ ਕਾਰੀਗੀਰੀ ਦਿਖਾ ਜਾਓ,
ਇਕ ਥਾਂ ਨੌਹ ਤੇ ਮਾਸ ਬੈਠੇ ਨੇ।



ਜਨਰਲ ਜ਼ਿਆ ਨੇ ਮੰਤਰੀ ਮੰਡਲ ਭੰਗ ਕਰ ਦਿਤਾ-ਇਕ ਖਬਰ

ਸਿੱਖ ਵਕੀਲਾਂ ਨੇ ਦੰਗਿਆਂ ਲਈ ਰਾਜੀਵ ਨੂੰ ਦੋਸ਼ੀ ਦੱਸਿਆ

ਲੁਧਿਆਣਾ — (ਵਿਸ਼ੇਸ਼ ਪ੍ਰਤੀਨਿਧ) — ਪੰਜਾਬ ਅਤੇ ਚੰਡੀਗੜ੍ਹ ਦੇ ਸਿੱਖ ਵਕੀਲਾਂ ਦੀ ਕਲ ਇਥੇ ਹੋਈ ਕਨਵੈਨਸ਼ਨ ਵਿਚ ਕੌਂਸਲ ਆਫ ਸਿਖ ਲਾਅਰਜ਼, ਪੰਜਾਬ ਅਤੇ ਚੰਡੀਗੜ੍ਹ ਦੀ ਸਥਾਪਨਾ ਕੀਤੀ ਗਈ। ਲੁਧਿਆਣਾ ਦੇ ਮੇਵਾ ਸਿੰਘ ਗਿੱਲ ਐਡਵੋਕੇਟ ਨੂੰ ਇਸ ਦਾ ਕਨਵੀਨਰ ਥਾਪਿਆ ਗਿਆ ਹੈ।

ਕੌਂਸਲ ਨੇ ਇਕ ਮਤੇ ਵਿਚ ਕਿਹਾ ਕਿ ਪੀ. ਯੂ. ਡੀ. ਆਰ., ਪੀ. ਯੂ. ਸੀ. ਐਲ. ਅਤੇ ਸੀ. ਐਫ. ਡੀ. ਵਲੋਂ ਉਘੇ ਕਾਨੂੰਨਦਾਨਾਂ ਅਤੇ ਅਹਿਮ ਵਿਅਕਤੀਆਂ ਦੀ ਅਗਵਾਈ ਵਿਚ ਕਾਇਮ ਕੀਤੀਆ ਗਈਆਂ ਤਿੰਨ ਜਾਂਚ ਕਮੇਟੀਆਂ ਦੀ ਜਾਂਚ ਤੋਂ ਇਹ ਗੱਲ ਸ਼ੱਕੋਂ ਪਰੇ ਸਿੱਧ ਹੋ ਗਈ ਹੈ ਕਿ ਦਿੱਲੀ ਅਤੇ ਦੇਸ਼ ਦੇ ਦੂਸਰੇ ਭਾਗਾਂ ਵਿਚ ਕੀਤਾ ਗਿਆ ਕਤਲੇਆਮ ਮੁਢਲੇ ਤੌਰ 'ਤੇ ਰਾਜੀਵ ਸਰਕਾਰ ਦਾ ਕਾਰਨਾਮਾ ਸੀ। ਅਜਿਹਾ ਲਗਦਾ ਹੈ ਕਿ ਕੇਂਦਰ ਸਰਕਾਰ ਨੇ ਇਨ੍ਹਾਂ ਰਿਪੋਰਟਾਂ ਨੂੰ ਪਰਵਾਨ ਕਰ ਲਿਆ ਹੈ ਕਿਉਂ ਕਿ ਸਰਕਾਰ ਨੇ ਇਨ੍ਹਾਂ ਨੂੰ ਚੈਲਿੰਜ ਨਹੀਂ ਕੀਤਾ।

ਸਿੱਖ ਵਕੀਲਾਂ ਨੇ ਭਾਰਤੀ ਸਮਾਜ ਦੇ ਲੋਕਰਾਜੀ ਤੇ ਧਰਮ ਨਿਰਪੱਖ ਅਸੂਲਾਂ ਨੂੰ ਕਾਇਮ ਰਖਣ ਲਈ ਜਾਂਚਜ ਕਮੇਟੀਆਂ ਵਲੋਂ ਕੀਤੇ ਗਏ ਸ਼ਾਨਦਾਰ ਕੰਮ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਕੇਂਦਰ ਸਰਕਾਰ, ਇਸਦੇ ਮੁਲਾਜ਼ਮਾਂ ਅਤੇ ਕਾਂਗਰਸ (ਇੰ) ਦੇ ਸਰਗਰਮ ਮੈਂਬਰਾਂ ਦੇ ਦੰਗਿਆਂ ਵਿਚ ਸ਼ਾਮਲ ਹੋਣ ਨਾਲ ਲੋਕਰਾਜੀ ਤੇ ਨਿਰਪੱਖ ਸਿਧਾਂਤ ਖੇਰੂੰ ਖੇਰੂੰ ਹੋ ਗਏ ਸਨ।

ਕੌਂਸਲ ਨੇ ਮੰਗ ਕੀਤੀ ਕਿ ਸ੍ਰੀ ਹਰੀ ਕਿਸ਼ਨ ਲਾਲ ਭਗਤ ਅਤੇ ਸਰਕਾਰ ਤੇ ਕਾਂਗਰਸ ਦੇ ਦੂਸਰੇ ਅਹਿਮ ਮੈਂਬਰ ਤੇ ਉਨ੍ਹਾਂ ਦੇ ਮੁਲਾਜ਼ਮ ਜਿਨ੍ਹਾਂ ਉਤੇ ਇਨ੍ਹਾਂ ਰਿਪੋਰਟਾਂ ਵਿਚ ਦੋਸ਼ ਲਗਾਏ ਗਏ ਹਨ, ਨੂੰ ਅਹੁਦਿਆ ਤੋਂ ਹਟਾਇਆ ਜਾਵੇ ਅਤੇ ਜਾਂਚ ਏਜੰਸੀਆਂ ਨੂੰ ਸੌਂਪਿਆ ਜਾਵੇ ਨਹੀਂ ਤਾਂ ਇਹ ਦੋਸ਼ ਸਹੀ ਮੰਨਿਆ ਜਾਵੇਗਾ ਕਿ ਇਸ ਕਤਲੇਆਮ ਲਈ ਖੁਦ ਸ੍ਰੀ ਗਾਂਧੀ ਜ਼ਿੰਮੇਂਵਾਰ ਹਨ।

ਕੌਂਸਲ ਨੇ ਅਕਾਲੀ ਦਲ ਲੀਡਰਸ਼ਿਪ ਨੂੰ ਅਪੀਲ ਕੀਤੀ ਕਿ ਉਹ ਸਿੱਖਾਂ ਦੇ ਕਤਲੇਆਮ ਦੇ ਦੋਸ਼ੀਆਂ ਨੂੰ ਫੜੇ ਜਾਣ ਤੋਂ ਬਿਨਾਂ ਕੇਂਦਰ ਨਾਲ ਕੋਈ ਗਲਬਾਤ ਨਾ ਕਰਨ।

ਕੇਂਦਰ ਪੰਜਾਬ ਬਾਰੇ ਹੱਲ ਲਈ ਸੁਹਿਰਦ ਨਹੀਂ

— ਰਾਮੂਵਾਲੀਆ —

ਬਰਨਾਲਾ — (ਪੱਤਰ ਪ੍ਰੇਰਕ) — ਅਕਾਲੀ ਆਗੂ ਤੇ ਸਾਬਕ ਮੈਂਬਰ ਪਾਰਲੀਮੈਂਟ ਬਲਵੰਤ ਸਿੰਘ ਰਾਮੂਵਾਲੀਆ ਦਾ ਵਿਚਾਰ ਹੈ ਕਿ ਪੰਜਾਬ ਸਮੱਸਿਆ ਦੇ ਹੱਲ ਦੇ ਰਾਹ ਵਿਚ ਅੜਿਕਾ ਕੇਂਦਰ ਸਰਕਾਰ ਦਾ ਜਬਰ ਤੇ ਤਸ਼ੱਦਦ ਭਰਿਆ ਵਤੀਰਾ ਹੈ। ਕੇਂਦਰੀ ਸਰਕਾਰ ਦੇ ਆਗੂ ਇਕ ਪਾਸੇ ਗੱਲਬਾਤ ਕਰਨ ਦੀਆਂ ਗੱਲਾਂ ਕਰਦੇ ਹਨ ਤੇ ਦੂਜੇ ਪਾਸੇ ਸਿੱਖਾਂ, ਵਿਸ਼ੇਸ਼ ਕਰਕੇ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ, ਮੁਕੱਦਮਿਆਂ ਤੇ ਸਿੱਖ ਫੌਜੀਆਂ ਨੂੰ ਕੋਰਟ ਮਾਰਸ਼ਲਾਂ ਦਾ ਸ਼ਿਕਾਰ ਬਣਾ ਰਹੇ ਹਨ।

ਸ੍ਰੀ ਰਾਮੂਵਾਲੀਆ ਦਾ ਕਹਿਣਾ ਹੈ ਕਿ ਅਕਾਲੀ ਮੋਰਚਾ ਪੰਜਾਬ ਦੀਆਂ ਮੰਗਾਂ ਲਈ ਸ਼ੁਰੂ ਕੀਤਾ ਗਿਆ ਸੀ, ਪਰ ਸਰਕਾਰ ਦੇ ਜਬਰ ਨੇ ਸਮੱਸਿਆ ਨੂੰ ਸਿਖ ਮਸਲਾ ਬਣਾ ਦਿਤਾ ਹੈ। ਅਕਾਲੀ ਮੋਰਚਾ ਸ਼ੁਰੂ ਹੋਣ ਸਮੇਂ ਧਾਰਮਿਕ ਮੰਗਾਂ ਕੇਵਲ ਚਾਰ ਸਨ — ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੇਣਾ, ਗੁਰਬਾਣੀ ਦਾ ਰੇਡੀਓ ਉਤੇ ਦਰਬਾਰ ਸਾਹਿਬ ਤੋਂ ਸਿਧਾ ਪ੍ਰਸਾਰਣ, ਆਲ ਇੰਡੀਆ, ਗੁਰਦੁਆਰਾ ਐਕਟ ਤੇ ਕਿਰਪਾਨ ਪਹਿਨ ਕੇ ਹਵਾਈ ਸਫਰ ਦੀ ਆਗਿਆ। ਬਾਕੀ ਸਭ ਮੰਗਾਂ ਸਮੁਚੇ ਪੰਜਾਬੀਆਂ ਦੀਆਂ ਸਨ ਜਿਵੇਂ ਕਿ ਖੇਤੀ ਲਈ ਪੂਰਾ ਨਹਿਰੀ ਪਾਣੀ, ਚੰਡੀਗੜ੍ਹ ਤੇ ਹੋਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ, ਸਨਅਤ ਤੇ ਖੇਤੀ ਲਈ ਪੂਰੀ ਬਿਜਲੀ ਵਾਸਤੇ ਡੈਮਾਂ ਦਾ ਪਰਬੰਧ, ਰਾਜਾਂ ਨੂੰ ਵਧ ਅਧਿਕਾਰ ਆਦਿ।

ਅਕਾਲੀ ਆਗੂ ਨੇ ਦੋਸ਼ ਲਾਇਆ ਕਿ ਸਰਕਾਰ ਪੰਜਾਬ ਦੀ ਸਮੱਸਿਆ ਸੁਲਝਾਉਣ ਲਈ ਸੰਜੀਦਾ ਨਹੀਂ, ਸਗੋਂ ਉਸ ਦਾ ਵਤੀਰਾ ਲਮਕਾਉਣ ਤੇ ਥਕਣ ਵਾਲਾ ਹੈ।

3300 ਸਿੱਖ ਪਰਿਵਾਰ ਘਰੀਂ ਪਰਤੇ

ਚੰਡੀਗੜ੍ਹ — (ਪੀ. ਟੀ. ਆਈ.) — ਪੰਜਾਬ 'ਚ ਬਾਹਰੋਂ ਆਏ ਲਗਭਗ 3300 ਸਿਖ ਪਰਿਵਾਰ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਆਪਣੇ ਘਰਾਂ ਨੂੰ ਪਰਤ ਗਏ ਹਨ।

ਇਹ ਜਾਣਕਾਰੀ ਪੰਜਾਬ ਸਰਕਾਰ ਦੇ ਇਕ ਬੁਲਾਰੇ ਨੇ ਇਥੇ ਦਿਤੀ।

ਬੁਲਾਰੇ ਨੇ ਦਸਿਆ ਕਿ ਰਾਜ ਸਰਕਾਰਾਂ ਦੇ ਸਾਂਝੇ ਯਤਨਾਂ ਨਾਲ ਸਿਖ ਆਪਣੇ ਆਪਣੇ ਘਰਾਂ ਨੂੰ ਪਰਤਣੇ ਸ਼ੁਰੂ ਹੋਏ ਹਨ। ਦੂਜੀਆਂ ਰਾਜ ਸਰਕਾਰਾਂ ਨੇ ਆਪਣੇ ਸੀਨੀਅਰ ਅਫਸਰਾਂ ਨੂੰ ਪੰਜਾਬ ਵਿਚ ਭੇਜਿਆ ਜਿਨ੍ਹਾਂ ਨੇ ਸਿੱਖਾਂ ਨੂੰ ਸੁਰੱਖਿਆ ਦਾ ਭਰੋਸਾ ਦਿੱਤਾ।

ਉਨ੍ਹਾਂ ਦਸਿਆ ਕਿ ਹੁਣ ਤਕ ਲਗਭਗ 60 ਪ੍ਰਤੀਸ਼ਤ ਸਿੱਖ ਪਰਿਵਾਰ ਵਾਪਸ ਪਰਤ ਗਏ ਹਨ।

ਸ਼ਿਮਲਾ — (ਯੂ. ਐਨ. ਆਈ.) — ਇੰਦਰਾ ਗਾਂਧੀ ਹੱਤਿਆ ਕਾਂਡ ਤੋਂ ਪਿਛੋਂ ਦੰਗਿਆਂ ਦੌਰਾਨ ਇਥੋਂ ਪੰਜਾਬ ਨੂੰ ਗਏ ਲਗਭਗ ਸਾਰੇ ਸਿਖ ਆਪਣੇ ਆਪਣੇ ਘਰਾਂ ਨੂੰ ਪਰਤ ਆਏ ਹਨ।

ਇਹ ਜਾਣਕਾਰੀ ਸਮਾਜ ਭਲਾਈ ਰਾਜ ਮੰਤਰੀ ਸ੍ਰੀ ਰੰਗੀਲਾ ਰਾਮ ਰਾਓ ਨੇ ਦਿੱਤੀ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਦੀ ਸੰਪਤੀ ਦਾ ਨੁਕਸਾਨ ਹੋਇਆ ਸੀ ਉਨ੍ਹਾਂ ਨੂੰ ਮੁੜ ਵਸਾਉਣ ਲਈ ਲੋੜੀਂਦੀ ਕਾਰਵਾਈ ਕੀਤੀ ਜਾ ਰਹੀ ਹੈ।

ਨਕਲੀ ਡਿਗਰੀਆਂ


ਪੰਜਾਬ ਯੂਨੀਵਰਸਿਟੀ ਦੇ ਕੁਝ ਚਿੰਤਾਤੁਰ ਵਿਦਿਆਰਥੀਆਂ ਨੇ ਇਕ ਦਿਨ ਆਪਣੇ ਇਕ ਪ੍ਰੋਫੈਸਰ ਨੂੰ ਕਿਹਾ, "ਸਰ ਅਖਬਾਰਾਂ ਵਿਚ ਨਕਲੀ ਡਿਗਰੀਆਂ ਬਾਰੇ ਬੜੀ ਚਰਚਾ ਛਪ ਰਹੀ ਹੈ। ਕਹਿੰਦੇ ਨੇ ਕੁਝ ਠੱਗਾਂ ਵਲੋਂ ਅਸਲੀ ਡਿਗਰੀਆਂ ਵਰਗੀਆਂ ਨਕਲੀ ਡਿਗਰੀਆਂ ਛਾਪ ਛਾਪ ਵੇਚੀਆਂ ਜਾ ਰਹੀਆਂ ਹਨ। ਹਮਾਤੜ ਵਿਦਿਆਰਥੀ ਜਿਹੜੇ ਹਰ ਸਾਲ ਫੇਲ੍ਹ ਹੋ ਹੋ ਯੂਨੀਵਿਸਟੀ ਦੀ ਆਮਦਨ ਵਧਾਉਣ ਵਿਚ ਯੋਗਦਾਨ ਦੇ ਰਹੇ ਹਨ, ਹੁਣ "ਹਿੰਗ ਲੱਗੇ ਨਾ ਫਟਕੜੀ ਰੰਗ ਵੀ ਚੋਖਾ ਆਵੇ" ਦੇ ਮੁਹਾਵਰੇ ਅਨੁਸਾਰ ਨਕਲੀ ਡਿਗਰੀਆ ਪ੍ਰਾਪਤ ਕਰ ਕੇ ਨੌਕਰੀਆਂ ਦੀ ਭਾਲ ਵਿਚ ਤੁਰ ਪਏ ਹਨ। ਕਈਆਂ ਨੇ ਤਾਂ ਆਪਣੀਆਂ ਯੋਗਤਾਵਾਂ ਅਨੁਸਾਰ ਨੌਕਰੀਆਂ ਲੈ ਵੀ ਲਈਆਂ ਹਨ। ਕੀ ਇਹ ਸਾਰਾ ਕੁਝ ਸੱਚ ਹੈ?"

ਪ੍ਰੋਫੈਸਰ ਸਾਹਿਬ ਨੇ "ਹਾਂ" ਵਿਚ ਸਿਰ ਹਲਾਉਂਦਿਆਂ ਕਿਹਾ, "ਇਹ ਬੜੀ ਬੜੀ ਮਾੜੀ ਗੱਲ ਹੈ। ਮਿਹਨਤ ਕਰਕੇ ਪ੍ਰਾਪਤ ਕੀਤੀ ਡਿਗਰੀ ਦਾ ਹੋਰ ਸਵਾਦ ਹੁੰਦਾ ਹੈ ਤੇ ਇਸ ਤਰ੍ਹਾਂ ਠੱਗੀ ਮਾਰ ਕੇ ਲਈ ਗਈ ਡਿਗਰੀ ਦਾ ਹੋਰ।"

ਇਕ ਵਿਦਿਆਰਥੀ ਖੜ੍ਹਾ ਹੋ ਕੇ ਕਹਿਣ ਲੱਗਾ, "ਸਰ ਇਕ ਗੁਸਤਾਖੀ ਹੋਰ ਮੁਆਫ ਕਰਨਾ। ਜਿਹੜੀ ਡਿਗਰੀ ਹੁਣ ਗਿਆਨੀ ਜੀ ਹੈ ਦਿਤੀ ਜਾ ਰਹੀ ਹੈ ਉਸ ਨੂੰ ਕਿਸ ਪਾਸੇ ਗਿਣੀਏ?"

—ਚਾਚਾ ਚੰਡੀਗੜ੍ਹੀਆ

ਪੰਜਾਬ ਦਾ ਦੁਖਾਂਤ



ਖੁਸ਼ਵੰਤ ਸਿੰਘ

(ਲੜੀ ਜੋੜਨ ਲਈ 'ਕੈਨੇਡਾ ਦਰਪਣ' ਦਾ ਮਾਰਚ 8, ਵਾਲਾ ਪੇਪਰ ਦੇਖੋ)

ਆਪਣੀ ਅਗਲੀ ਅੰਮ੍ਰਿਤਸਰ ਫੇਰੀ ਦੇ ਮੌਕੇ ਮੈਨੂੰ ਭਿੰਡਰਾਂਵਾਲੇ ਦੀ ਲੋਕਪ੍ਰਿਅਤਾ ਦੇ ਕਾਰਨਾਂ ਬਾਰੇ ਸੰਕੇਤ ਮਿਲ ਗਿਆ। ਇਹ ਸਪਸ਼ਟ ਕਰਨ ਲਈ ਮੈਂ ਦੋ ਉਦਾਹਰਣਾਂ ਦਿਆਂਗਾ। ਇਕ ਦਿਨ ਅਕਾਲ ਤਖਤ ਦੀ ਛੱਤ ਉਤੇ ਭਿੰਡਰਾਂਵਾਲੇ ਦਾ ਦਰਬਾਰ ਲੱਗਿਆ ਹੋਇਆ ਸੀ। ਇਕ ਨੌਜਵਾਨ ਕੁੜੀ ਉਥੇ ਆਈ। ਉਹਨੇ ਉਹਦੇ ਪੈਰ ਫੜ ਲਏ ਤੇ ਹਉਕੇ ਭਰ ਭਰ ਕੇ ਆਪਣੀ ਵਾਰਤਾ ਸੁਣਾਈ ਕਿ ਉਹਦੇ ਸੁਸਰਾਲ ਵਾਲੇ ਉਹਦੇ ਨਾਲ ਇਸ ਕਰਕੇ ਭੈੜਾ ਸਲੂਕ ਕਰਦੇ ਹਨ ਕਿ ਮੈਂ ਮਾਪਿਆਂ ਤੋਂ ਹੋਰ ਧਨ ਕਿਉਂ ਨਹੀਂ ਲਿਆਉਂਦੀ ਤੇ ਉਹਦਾ ਪਤੀ ਪਖ ਨਹੀਂ ਪੂਰਦਾ। ਭਿੰਡਰਾਂਵਾਲੇ ਨੇ ਉਹਦਾ ਨਾਂ ਤੇ ਪਤਾ ਪੁੱਛਿਆ, "ਤਾਂ ਤੂੰ ਹਿੰਦੂਆਂ ਦੀ ਧੀ ਏਂ", ਉਹਨੇ ਕਿਹਾ। 'ਕੀ ਤੂੰ ਇਕ ਸਿਖ ਦੀ ਧੀ ਬਣਨ ਨੂੰ ਤਿਆਰ ਏਂ?' ਕੁੜੀ ਨੇ ਹਾਂ ਵਿਚ ਸਿਰ ਹਲਾਇਆ। ਭਿੰਡਰਾਂਵਾਲੇ ਨੇ ਆਪਣੇ ਕੁਝ ਸ਼ਸਤਰਧਾਰੀ ਆਦਮੀ ਕੁੜੀ ਦੇ ਪਰਵਾਰ ਨੂੰ ਲਿਆਉਣ ਲਈ ਭੇਜੇ। ਘੰਟੇ ਕੁ ਪਿਛੋਂ ਕੁੜੀ ਦੇ ਪਤੀ ਤੇ ਉਹਦੇ ਮਾਤਾ ਪਿਤਾ ਨੂੰ, ਜਿਹੜੇ ਸਹਿਮੇ ਹੋਏ ਸਨ, ਭਿੰਡਰਾਂਵਾਲੇ ਦੇ ਪੇਸ਼ ਕਰ ਦਿਤਾ ਗਿਆ, "ਇਹ ਕੁੜੀ ਤੁਹਾਡੇ ਘਰ ਦੀ ਬਹੂ ਹੈ?" ਉਹਨੇ ਪੁਛਿਆ। ਉਹਨਾਂ ਨੇ ਹਾਂ ਵਿਚ ਉਤਰ ਦਿਤਾ। "ਇਹ ਮੈਨੂੰ ਦਸਦੀ ਹੈ ਕਿ ਤੁਸੀਂ ਇਹਦੇ ਪਿਉ ਤੋਂ ਧਨ ਚਾਹੁੰਦੇ ਹੋ। ਮੈਂ ਇਹਦਾ ਪਿਉ ਹਾਂ।" ਉਹਨੇ ਕਰੰਸੀ ਨੋਟਾਂ ਦੀ ਟਰੇ ਉਹਨਾਂ ਸਾਹਮਣੇ ਰੱਖੀ ਤੇ ਉਹਨਾਂ ਨੂੰ ਕਿਹਾ, "ਜੋ ਮਰਜ਼ੀ ਚੁਕ ਲਵੋ।" ਤਿੰਨੇ ਉਹਦੇ ਪੈਰੀਂ ਪੈ ਗਏ ਤੇ ਖਿਮਾਂ ਦੀ ਜਾਚਨਾ ਕੀਤੀ। "ਇਸ ਵਾਰ ਮੈਂ ਤੁਹਾਨੂੰ ਜਾਣ ਦਿੰਦਾ ਹਾਂ, ਪਰ ਜੇ ਇਹ ਕੁੜੀ ਮੁੜ ਮੇਰੇ ਕੋਲ ਸ਼ਿਕਾਇਤ ਲੈ ਕੇ ਆਈ ਤਾਂ ਤੁਸੀਂ ਜਾਣਦੇ ਹੀ ਹੋ ਕਿ ਮੈਂ ਤੁਹਾਡੇ ਨਾਲ ਕਿਵੇਂ ਵਰਤਾਂਗਾ!" ਭਿੰਡਰਾਂਵਾਲੇ ਦਾ ਮਨ-ਪਸੰਦ ਬੋਲਾ ਸੋਧ ਦਿਆਂਗੇ, ਅਰਥਾਤ, ਮਾਰ ਮਕੁਕਾਉਣਾ, ਸੀ। ਉਹਨਾਂ ਨੂੰ ਸੂਚਨਾ ਮਿਲੀ ਗਈ।

ਦੂਜੀ ਉਦਾਹਰਣ: ਕੁਝ ਪੇਂਡੂਆਂ ਨੇ ਆ ਕੇ ਸ਼ਿਕਾਇਤ ਕੀਤੀ ਕਿ ਕੁਝ ਪੁਲਸੀਆਂ ਨੇ ਉਹਨਾਂ ਤੋਂ ਧਨ ਖੋਹ ਲਿਆ ਹੈ। ਭਿੰਡਰਾਂਵਾਲੇ ਨੇ ਪੁਲਸੀਆਂ ਨੂੰ ਆਪਣੇ ਦਰਬਾਰ ਵਿਚ ਸੱਦ ਭੇਜਿਆ। ਉਹ ਆਏ ਤੇ ਧਨ ਵਾਪਸ ਕਰ ਦਿਤਾ।

ਕੁਝ ਚਿਰ ਤੱਕ ਰਾਬਨ ਹੁਡ ਦੇ ਇਸ ਬਿੰਬ ਨੇ ਭਿੰਡਰਾਂਵਾਲੇ ਨੂੰ ਓੜਕਾਂ ਦੀ ਲੋਕ-ਪ੍ਰਿਅਤਾ ਬਖਸ਼ੀ। ਲੋਕਾਂ ਨੂੰ ਕੁਝ ਵੀ ਖਰਚੇ ਬਿਨਾ ਤੁਰਤ-ਫੁਰਤ ਇਨਸਾਫ ਮਿਲ ਸਕਦਾ ਸੀ। ਅੱਗੇ ਚਲ ਕੇ ਸਭ ਤੋਂ ਉਚੀ ਬੋਲੀ ਦੇਣ ਵਾਲਾ ਉਹਦੀ ਸੇਵਾ ਖਰੀਦ ਸਕਦਾ ਸੀ।

ਤਰਾਸਦ ਪੰਜਾਬੀ ਡਰਾਮੇ ਦੇ ਨਾਟਕੀ ਪਾਤਰ ਹੁਣ ਤਕ ਆਪਣੇ ਆਖਰੀ ਰੋਲ ਅਦਾ ਕਰਨ ਲਈ ਰੰਗ-ਮੰਚ ਉਤੇ ਆ ਚੁੱਕੇ ਸਨ। ਅਕਾਲੀ ਲੀਡਰ ਟੌਹੜਾ ਤੇ ਲੌਂਗੋਵਾਲ ਆਪਣੇ ਸੈਂਕੜੇ ਕਾਰਕੁਨਾਂ ਅਤੇ ਸੰਗਰੂਰ ਤੋਂ ਧਰਮ ਯੁੱਧ ਮੋਰਚੇ ਵਿਚ ਸ਼ਾਮਿਲ ਹੋਣ ਲਈ ਆਏ ਹੋਏ ਪੰਦਰਾਂ ਸੌ ਦੇ ਇਕ ਜਥੇ ਦੇ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਦੇ ਇਕ ਕੋਨੇ ਵਿਚ ਟਿਕੇ ਹੋਏ ਸਨ। ਹਰਿਮੰਦਰ ਸਾਹਿਬ ਦੇ ਦੂਜੇ ਪਾਸੇ, ਕਿਲ੍ਹੇ ਬੰਦ ਅਕਾਲ ਤਖਤ ਵਿਚ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਹਦਾ ਸੱਜਾ-ਹੱਥ ਅਮਰੀਕ ਸਿੰਘ,ਰਿਟਾਇਰਡ ਮੇਜਰ ਜਨਰਲ ਸ਼ਾਹ ਬੇਗ ਸਿੰਘ ਨਾਲ ਬੈਠੇ ਸਨ, ਜਿਹੜਾ ਵਾਕੀਟਾਕੀ ਨਾਲ ਲੈਸ ਸੀ ਤੇ ਪਰਕਰਮਾ ਦੇ ਵੱਖ ਵੱਖ ਭਾਗਾਂ ਵਿਚ ਪੈਂਤੜਾ-ਲਈ ਬੈਠੇ ਆਪਣੇ ਆਦਮੀਆਂ ਨੂੰ ਹੁਕਮ ਦੇ ਰਿਹਾ ਸੀ। ਰਾਮਗੜ੍ਹੀਆਂ ਬੁੰਗਿਆਂ ਦੇ ਸਿਖਰ ਤੇ ਵਾਟਰ-ਟਾਵਰ ਉਪਰ ਆਲ-ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਮੁੰਡੇ, ਬੱਬਰ ਤੇ ਸ਼ਾਇਦ ਕੁਝ ਹੋਰ ਜਣੇ ਬੈਠੇ ਪੈਰਾ-ਮਿਲਟਰੀ ਫੋਰਸ ਤੇ ਪੁਲਸ ਦੀਆਂ ਗੱਡੀਆਂ ਨੂੰ, ਜਿਨ੍ਹਾਂ ਨੇ ਗੋਲਡਨ ਟੈਂਪਲ ਨੂੰ ਘੇਰ ਲਿਆ ਹੋਇਆ ਸੀ, ਦੂਰਬੀਨਾਂ ਦੁਆਰਾ ਵੇਖ ਰਹੇ ਸਨ, ਇਹਨਾਂ ਤੋਂ ਇਲਾਵਾ ਕਈ ਹਜ਼ਾਰ ਸ਼ਰਧਾਲੂ ਵੀ ਮੌਜੂਦ ਸਨ ਜਿਹੜੇ ਦਰਬਾਰ ਦੇ ਨਿਰਮਾਤਾ, ਗੁਰੂ ਅਰਜਨ ਦੇਵ ਦੀ ਸ਼ਹਾਦਤ ਦੀ 378ਵੀਂ ਵਰ੍ਹੇ ਗੰਢ ਮਨਾਉਣ ਦੇ ਸਿਲਸਿਲੇ ਵਿਚ ਇਥੇ ਆਏ ਸਨ। ਇਹ ਸ਼ਹੀਦੀ ਦਿਵਸ 3 ਜੂਨ, 1984 ਨੂੰ ਸੀ।

1 ਜੂਨ, 1984 ਨੂੰ ਮੰਚ ਦੀਆਂ ਬਤੀਆਂ ਬਹੁਤ ਹੀ ਮਧਮ ਕਰ ਦਿਤੀਆਂ ਗਈਆਂ। ਇੰਡੀਅਨ ਆਰਮੀ ਦੀਆਂ ਬਾਕਾਇਦਾ ਫੌਜਾਂ ਨੇ ਰਾਜ ਸ਼ਾਸਨ ਆਪਣੇ ਹੱਥ ਲੈ ਲਿਆ, ਅੰਮ੍ਰਿਤਸਰ ਦੇ ਸਾਰੇ ਰਾਹ ਬੰਦ ਕਰ ਦਿਤੇ ਅਤੇ ਸ਼ਹਿਰ ਵਿਚ ਕਰਫਿਊ ਲਾ ਦਿਤਾ। ਹੈਲੀਕਾਪਟਰਾਂ ਨੇ ਸਿਰਾਂ ਉਪਰ ਗੇੜੇ ਕੱਢੇ ਅਤੇ ਸਿਖ ਪੇਂਡੂਆਂ ਦੀਆਂ ਗਤੀਆਂ ਬਾਰੇ ਜਿਹੜਾ ਦਰਬਾਰ ਸਾਹਿਬ ਨੂੰ ਬਚਾਉਣ ਲਈ ਆ ਰਹੇ ਸਨ, ਫੌਜ ਨੂੰ ਖਬਰਦਾਰ ਕੀਤਾ। ਟੈਂਕ ਤੰਗ ਗਲੀਆਂ ਵਿਚ ਗਰਜਦੇ ਰਹੇ ਤਾਂ ਜੁ ਲੋੜ ਪੈਣ ਤੇ ਕਾਂਪਲੈਕਸ ਅੰਦਰ ਤੁਰਤ ਹੀ ਦਾਖਲ ਹੋਣ ਹੋ ਸਕਣ। ਧੁਰ ਛਤਾਂ ਉਪਰ ਮਾਊਂਟੇਨ ਗੰਨਾਂ ਬੀੜੀਆਂ ਗਈਆਂ ਸਨ ਜਿਹੜੀਆਂ ਬੁੰਗਿਆਂ ਅਤੇ ਵਾਟਰ-ਟਾਵਰ ਉਤੇ ਬੈਠੇ ਛਹਿ ਲਾ ਕੇ ਗੋਲੀ ਚਲਾਉਣ ਵਾਲਿਆਂ ਨੂੰ ਉਡਾ ਸੁਟਣ ਲਈ ਤਿਆਰ-ਬਰ-ਤਿਆਰ ਸਨ। ਸਵੇਰੇ ਹੀ ਦੋਹਾਂ ਪਾਸਿਆਂ ਤੋਂ ਉਗੜ-ਦੁਗੜ ਗੋਲੀ ਚਲਣ ਲੱਗ ਗਈ। ਚਾਰ ਦਿਨ ਬੀਤਣ ਤੇ, ਪੰਜ ਜੂਨ ਨੂੰ ਲੜਾਈ ਸ਼ੁਰੂ ਹੋ ਗਈ। 7 ਜੂਨ 1984 ਨੂੰ ਮੌਤ ਤੇ ਤਬਾਹੀ ਦੇ ਦ੍ਰਿਸ਼ ਤੇ ਪਰਦਾ ਡਿਗਿਆ ਅਤੇ ਏਸ ਖੂਨੀ ਸਾਕੇ ਨੂੰ ਓਪਰੇਸ਼ਨ ਬਲਿਊ ਸਟਾਰ ਦਾ ਨਾਂ ਦਿਤਾ ਗਿਆ।

ਪਰ ਪੱਥਰ ਨਹੀਂ ਬਣਿਆ ਜਾਂਦਾ
ਦਰਦ ਦੇਖ ਦੁਖ ਆਂਦਾ।

ਦੂਜਾ ਅਧਿਆਇ

ਤਬਾਹੀ ਦੇ ਰਾਹ ਤੇ

ਗੁਮਨਾਮੀ ਤੋਂ ਭਿੰਡਰਾਂਵਾਲੇ ਦੇ ਪ੍ਰਗਟ ਹੋਣ ਦੀ ਵਾਰਤਾ ਦਹਾਕੇ ਭਰ ਤੋਂ ਪੰਜਾਬ ਦੀਆਂ ਰਾਜਸੀ, ਸਮਾਜਕ ਤੇ ਧਾਰਮਕ ਕਦਰਾਂ ਉਤੇ ਬੇਲਗਾਮ ਟਿਪਣੀ ਹੈ। ਇਹ ਛੋਟੀਆਂ ਪ੍ਰਾਪਤੀਆਂ ਵਾਲੇ ਛੋਟੇ ਆਦਮੀਆਂ ਵਲੋਂ ਖੜਯੰਤਰਾਂ ਦੀ ਵਾਰਤਾ ਹੈ, ਆਦਮੀ ਜਿਨ੍ਹਾਂ ਨੇ ਇਕ ਪਿੰਡ ਦੇ ਪਰਚਾਰਕ ਨੂੰ ਕਰੀਬ-ਕਰੀਬ ਰਸੂਲ ਬਣਾ ਦਿਤਾ, ਇਕ ਰਾਜਸੀ ਕਠ-ਪੁਤਲੀ ਨੂੰ ਰਾਜਸੀ ਪਪਟੀਅਰ(ਕਠ-ਪੁਤਲੀਆਂ ਨੂੰ ਨਚਾਉਣ ਵਾਲਾ) ਬਣਾ ਦਿਤਾ।

ਜਦੋਂ ਮੈਂ ਭਿੰਡਰਾਂਵਾਲੇ ਨੂੰ ਮਿਲਿਆ ਉਹ ਪਹਿਲਾਂ ਹੀ ਹੀਰੋ ਤੋਂ ਵਿਲੇਨ ਦੇ ਸੱਚੇ ਵਿਚ ਢਲ ਚੁੱਕਿਆ ਹੋਇਆ ਸੀ। ਉਹ ਅੰਮ੍ਰਿਤਸਰ ਵਿਖੇ ਕਈ ਥੰਮ੍ਹਾਂ ਵਾਲੇ ਸਮੁੰਦਰੀ ਹਾਲ ਵਿਚ ਡਾਇਸ ਉਪਰ ਬੈਠਾ ਸੀ। ਇਹ ਹਾਲ 1982 ਤੋਂ 1983 ਤੱਕ ਅਕਾਲੀ ਮੋਰਚੇ ਦਾ ਕੇਂਦਰ ਰਿਹਾ ਹੈ। ਦੂਜਾ ਸੰਤ, ਲੌਂਗੋਵਾਲ ਵੀ ਉਥੇ ਬੈਠਾ ਸੀ। ਦੋਵੇਂ ਸਤਿਆਗ੍ਰਹੀਆਂ ਨੂੰ ਗਰਿਫਤਾਰੀ ਲਈ ਆਪਣੇ ਆਪ ਨੂੰ ਬਾਹਰ ਜਾ ਕੇ ਪੇਸ਼ ਕਰਨ ਤੋਂ ਪਹਿਲਾਂ ਅਸ਼ੀਰਵਾਦ ਦੇਣ ਲਈ ਆਏ ਹੋਏ ਸਨ।

ਦੋਵੇਂ ਸੰਤ ਇਕ ਦੂਜੇ ਤੋਂ ਬਿਲਕੁਲ ਹੀ ਵਖਰੀ ਤਰ੍ਹਾਂ ਦੇ ਸਨ। ਇਕ ਗਰਮ ਤੇ ਹਿਸਕ, ਦੂਜਾ ਸਨਿਮਰ ਤੇ ਗੰਭੀਰਪੂਰਣ ਸੀ। ਜਦੋਂ ਸਤਿਆਗ੍ਰਹੀ ਗਜਵੇਂ ਜੈਕਾਰਿਆਂ ਵਿਚਕਾਰ, ਜਦੋਂ ਢੋਲ ਵਜ ਰਹੇ ਸਨ, ਗੋਲਡਨ ਟੈਂਪਲ ਤੋਂ ਬਾਹਰ ਨਿਕਲੇ, ਭਿੰਡਰਾਂਵਾਲਾ ਉਠ ਕੇ ਆਪਣੇ ਇਰਦ-ਗਿਰਦ ਜੁੜੇ ਸ਼ਸਤਰਧਾਰੀ ਗਾਰਦਾਂ ਨਾਲ ਗੁਰੂ ਨਾਨਕ ਨਿਵਾਸ ਵਲ ਚਲਿਆ ਗਿਆ ਤੇ ਬਹੁਤ ਸਾਰੇ ਸਿਖ ਵੀ ਉਹਦੇ ਮਗਰ ਮਗਰ ਚਲੇ ਗਏ; ਪਰ ਲੌਂਗੋਵਾਲ ਕਰੀਬ-ਕਰੀਬ ਇਕੱਲਾ ਹੀ ਓਸ ਇਮਾਰਤ ਵਲ ਗਿਆ, ਜਿਥੇ ਦੋਵੇਂ ਸੰਤ ਰਹਿੰਦੇ ਸਨ।

ਮੈਂ ਭਿੰਡਰਾਂਵਾਲੇ ਨੂੰ ਉਹਦੇ ਕਮਰੇ ਵਿਚ ਜਾ ਮਿਲਿਆ। ਕਮਰਾ ਸਾਫ ਨਹੀਂ ਸੀ, ਮੰਜੀਆਂ ਤੇ ਢਿਲਮ-ਢਿਲੀਆਂ ਕੁਰਸੀਆਂ ਇਧਰ-ਉਧਰ ਖਿੰਡੀਆਂ ਪਈਆਂ ਸਨ। ਮੈਂ ਉਹਨੂੰ ਪੁਛਿਆ ਕਿ ਉਹਦੇ ਆਪਣੇ ਇਰਦ-ਗਿਰਦ ਰੀਂਗਾਂ ਤੇ ਸਟੇਨਗੰਨਾਂ ਵਾਲੇ ਏਨੇ ਸ਼ਸਤਰਧਾਰੀ ਆਦਮੀ ਕਿਉਂ ਰਖੇ ਹੋਏ ਹਨ। ਉਹਨੇ ਮੋਟੀ ਠੁੱਲੀ ਪੰਜਾਬੀ ਵਿਚ ਉਤਰ ਦਿਤਾ ਕਿ ਪੁਲਸ ਨੇ ਹਥਿਆਰ ਕਿਉਂ ਰਖੇ ਹੋਏ ਹਨ? ਮੈਂ ਉਹਨੂੰ ਦਸਿਆ ਕਿ ਪੁਲਸ ਤਾਂ ਸੱਤਾ ਦੀ ਪ੍ਰਤੀਨਿਧਤਾ ਕਰਦੀ ਹੈ; ਇਹਦਾ ਉਤਰ ਪਰਤਵੀਂ ਦਲੀਲ ਨਾਲ ਦਿੰਦਿਆਂ ਉਹਨੇ ਆਖਿਆ: "ਉਹ ਮੈਨੂੰ ਚੈਲੇਂਜ ਕਰ ਵੇਖਣ, ਮੈਂ ਉਹਨਾਂ ਨੂੰ ਵਿਖਾ ਦਿਆਂਗਾ ਕਿ ਸੱਤਾ ਕਹੀਦੇ ਹੱਥ ਹੈ।"

ਇਹ ਉਹ ਆਦਮੀ ਦਾ ਵਿਸ਼ੇਸ਼ ਲੱਛਣ ਸੀ। ਉਹ ਆਪਣੇ ਆਪ ਨੂੰ ਦੇਸ਼ ਦੇ ਕਾਨੂੰਨਾਂ ਤੋਂ ਉਪਰ ਸਮਝਦਾ ਸੀ ਕਿਉਂ ਜੋ ਉਹਨੂੰ ਤਾਂ ਰਬ ਨੇ ਕਿਸੇ ਮਿਸ਼ਨ ਲਈ ਚੁਣ ਕੇ ਭੇਜਿਆ ਸੀ, ਤੇ ਉਹ ਅਜੇਹਾ ਮਿਸ਼ਨ ਸੀ ਜਿਸ ਬਾਰੇ ਦੇਸ਼ ਦੀ ਸਾਰੀ ਪੁਲਸ ਤੇ ਸਾਰੀ ਫੌਜ ਕੁਝ ਵੀ ਪੁਛ ਨਹੀਂ ਸੀ ਸਕਦੀ, ਉਸ ਉਤੇ ਕੋਈ ਏਤਰਾਜ਼ ਨਹੀਂ ਸੀ ਕੀਤਾ ਜਾ ਸਕਦਾ। ਇਹ ਉਹਦਾ ਦੁਖਾਂਤ ਸੀ, ਤੇ ਇਹਦੇ ਨਾਲ ਹੀ ਇਹ ਉਹਦੀ ਕਮਿਊਨਿਟੀ ਦਾ ਤੇ ਉਹਦੇ ਰਾਜ ਦਾ ਦੁਖਾਂਤ ਸੀ।

ਰਾਜਸੀ ਪਿੜ ਵਿਚ ਭਿੰਡਰਾਂਵਾਲੇ ਦੇ ਆਗਮਨ ਨੂੰ 1977 ਵਿਚ ਦੇਖਿਆ ਜਾ ਸਕਦਾ ਹੈ ਜਦੋਂ ਅਕਾਲੀ ਜਨਤਾ ਸਰਕਾਰ ਪੰਜਾਬ ਵਿਚ ਕਾਇਮ ਹੋਈ। ਅਸੰਬਲੀ ਦੀਆਂ ਚੋਣਾਂ ਵਿਚ ਕਾਂਗਰਸ(ਆਈ) ਦੀ ਹਾਰ ਪਿਛੋਂ ਪੰਜਾਬ ਦਾ ਗਦੀਓਂ-ਲਥਾ ਮੁਖ ਮੰਤਰੀ, ਜ਼ੈਲ ਸਿੰਘ ਜਿਹੜਾ ਪੰਜ ਸਾਲ ਪਿਛੋਂ ਭਾਰਤ ਦਾ ਰਾਸ਼ਟਰਪਤੀ ਬਣਿਆ, ਸਭ ਤੋਂ ਬਹੁਤਾ ਨਾਖੁਸ਼ ਸੀ, ਇਸ ਕਰਕੇ ਹੀ ਨਹੀਂ ਕਿ ਉਹਦੇ ਹੱਥੋਂ ਸੱਤਾ ਨਿਕਲ ਗਈ ਸੀ, ਸਗੋਂ ਇਸ ਕਰਕੇ ਵੀ ਕਿਉਂਜ ਗੁਰਦਿਆਲ ਸਿੰਘ ਕਮਿਸ਼ਨ ਥਾਪ ਦਿਤਾ ਗਿਆ ਸੀ ਜੀਹਨੇ ਮੁਖ ਮੰਤਰੀ ਦੀ ਹੈਸੀਅਤ ਵਿਚ ਜ਼ੈਲ ਸਿੰਘ ਦੇ ਵਤੀਰੇ ਤੇ ਪਖ-ਦਰਸ਼ਨ ਨੂੰ ਘੋਖਣਾ ਸੀ। (ਅਗੇ ਚਲ ਕੇ ਉਹਨੂੰ ਸੱਤਾ ਦੀ ਅਯੋਗ ਵਰਤੋਂ ਕਰਨ ਦਾ ਦੋਸ਼ੀ ਠਹਿਰਾਇਆ ਗਿਆ)।

ਜ਼ੈਲ ਸਿੰਘ ਜਾਣਦਾ ਸੀ ਕਿ ਉਹ ਕਾਂਗਰਸ ਰਾਹੀਂ ਪਰਤਵੀਂ ਸੱਟ ਨਹੀਂ ਮਾਰ ਸਕਦਾ ਜਿਸ ਦਾ ਲੋਕਾਈ ਦੀਆਂ ਨਜ਼ਰਾਂ ਵਿਚ ਕੋਈ ਬਿੰਬ ਨਹੀਂ ਸੀ। ਨਾ ਉਹ ਆਪਣੇ ਆਪ, ਇਕੱਲਿਆਂ, ਕਾਇਲ ਕਰ ਸਕਣ ਦੇ ਸਮਰਥ ਸੀ। ਉਹ ਮੋਰਾਰਜੀ ਡੇਸਾਈ ਨੂੰ ਜ਼ਰੂਰ ਮਿਲਿਆ, ਜਿਹੜਾ ਉਦੋਂ ਪਰਧਾਨ ਮੰਤਰੀ ਸੀ, ਤੇ ਦੋਵੇਂ ਕਦੇ ਕਾਂਗਰਸ ਵਿਚ ਸਹਿਕਾਰ ਰਹਿ ਚੁਕੇ ਹੋਏ ਸਨ। ਜ਼ੈਲ ਸਿੰਘ ਚਾਹੁੰਦਾ ਸੀ ਮੋਰਾਰਜੀ ਡੇਸਾਈ ਮੁਦਾਖਲਤ ਕਰੇ। ਪਰ ਡੇਸਾਈ ਉਹਦੇ ਕਿਸੇ ਕੰਮ ਨਾ ਆ ਸਕਿਆ।

ਇਹ ਸ੍ਰੀਮਤੀ ਗਾਂਧੀ ਦਾ ਮਰਹੂਮ ਪੁਤਰ, ਸੰਜੇ ਗਾਂਧੀ, ਹੀ ਸੀ ਜਿਹੜਾ ਜਾਣਦਾ ਸੀ ਕਿ ਪਰਾ-ਸੰਵਿਧਾਨਕ ਢੰਗਾਂ ਤੋਂ ਕਿਵੇਂ ਕੰਮ ਲਿਆ ਜਾਂਦਾ ਹੈ, ਜੀਹਨੇ ਸੁਝਾਉ ਦਿਤਾ ਕਿ ਅਕਾਲੀ ਸਰਕਾਰ ਨੂੰ ਚੈਲੇਂਜ ਕਰਨ ਲਈ, ਜਾਂ ਘਟੋ-ਘਟ ਪਰੇਸ਼ਾਨ ਕਰਨ ਲਈ ਕਿਸੇ 'ਸੰਤ' ਸਿਖ ਲੀਡਰ ਨੂੰ ਖੜਾ ਕੀਤਾ ਜਾਵੇ। ਉਹ ਤੇ ਜ਼ੈਲ ਸਿੰਘ ਦੋਵੇਂ, ਤੇ ਜ਼ੈਲ ਸਿੰਘ ਵਧੇਰੇ ਕਰਕੇ, ਜਾਣਦੇ ਸਨ ਕਿ ਪਰਤਾਪ ਸਿੰਘ ਕੈਰੋਂ ਆਪਣੇ ਮੁਖ ਮੰਤਰੀ ਕਾਲ ਵਿਚ ਅਕਾਲੀਆਂ ਨਾਲ ਕਿਵੇਂ ਲੜਿਆ ਸੀ, ਉਹਨੇ ਮਾਸਟਰ ਤਾਰਾ ਸਿੰਘ ਦੇ ਟਾਕਰੇ ਉਤੇ ਫਤਹ ਸਿੰਘ ਨੂੰ ਮਜ਼ਬੂਤ ਕੀਤਾ ਸੀ, ਕਿਉਂਕਿ ਮਾਸਟਰ ਤਾਰਾ ਸਿੰਘ ਬਹੁਤ ਅੜਬ ਸੀ। ਜ਼ੈਲ ਸਿੰਘ ਤੇ ਦਰਬਾਰਾ ਸਿੰਘ ਜਿਹੜਾ ਕਾਂਗਰਸ(ਆਈ) ਵਰਕਿੰਗ ਕਮੇਟੀ ਦਾ ਮੈਂਬਰ ਸੀ ਤੇ ਅਗੇ ਚਲ ਕੇ ਮੁਖ ਮੰਤਰੀ ਬਣਿਆ, ਮਿਲੇ ਤੇ ਇਹਨਾਂ ਨੇ ਦੋ ਵਿਅਕਤੀਆਂ ਦੀ ਚੋਣ ਕੀਤੀ।

ਅੰਤਮ ਚੋਣ ਸੰਜੇ ਗਾਂਧੀ ਉਤੇ ਛੱਡ ਦਿਤੀ ਗਈ। ਦੋਹਾਂ ਸਿਖ ਪਰਚਾਰਕਾਂ ਨੂੰ ਚੁਣ ਲਿਆ ਗਿਆ ਪਰ, ਜਿਵੇਂ ਕਿ ਸੰਜੇ ਦਾ ਮਿਤਰ, ਕਮਲ ਨਾਥ, ਐਮ. ਪੀ. ਦਸਦਾ ਹੈ, ਇਹਨਾਂ ਵਿਚੋਂ ਇਕ 'ਦਲੇਰ ਕਿਸਮ ਦਾ' ਨਹੀਂ ਸੀ ਦਿਸਦਾ। ਭਿੰਡਰਾਂਵਾਲੇ ਕਾਫੀ ਦਲੇਰ ਦਿਸਿਆ ਪਰ ਉਹ ਨਹੀਂ ਸੀ ਜਾਣਦੇ ਕਿ ਕੀ ਉਹਤੋਂ ਆਖਰਕਾਰ ਕਾਰਜ ਸਿਧ ਕਰਵਾਇਆ ਜਾ ਸਕੇਗਾ। 'ਅਸੀਂ ਉਹਨੂੰ ਸਨੇ ਸਨੇ ਪੈਸਾ ਦਿੰਦੇ ਰਹਾਂਗੇ', ਕਮਲ ਨਾਥ ਯਾਦ ਕਰਕੇ ਦੱਸਦਾ ਹੈ। 'ਪਰ ਅਸਾਂ ਕਦੇ ਸੋਚਿਆਂ ਵੀ ਨਹੀਂ ਸੀ ਕਿ ਉਹ ਦਹਿਸ਼ਤਪਸੰਦ ਬਣ ਜਾਵੇਗਾ।' ਉਸ ਸਮੇਂ ਇਹਨਾਂ ਨੂੰ ਇਹਦਾ ਚਿਤ-ਚੇਤਾ ਵੀ ਨਹੀਂ ਸੀ ਕਿ ਉਹ ਇਕ ਫਰੈਂਕਸਟੀਨ ਦੀ ਸਿਰਜਣਾ ਕਰ ਰਹੇ ਹਨ। ਇਸ ਪਿਛੋਂ ਜ਼ੈਲ ਸਿੰਘ ਨੇ ਮੁਕਾਬਲਤਨ ਗੁਮਨਾਮ ਭਿੰਡਰਾਂਵਾਲੇ ਨਾਲ ਸੰਪਰਕ ਕਾਇਮ ਰਖਿਆ; ਪਰ ਜਦੋਂ ਮੈਂ 5 ਸਤੰਬਰ, 1984 ਨੂੰ ਉਹਨੂੰ ਮਿਲਿਆ ਤਾਂ ਉਹਨੇ ਇਸ ਤੋਂ ਇਨਕਾਰ ਕੀਤਾ।

ਭਿੰਡਰਾਂਵਾਲੇ ਨੂੰ ਸ਼ੁਹਰਤ ਪਰਾਪਤ ਕਰਨ ਦਾ ਪਹਿਲਾ ਮੌਕਾ 13 ਅਪਰੈਲ; 1978 ਨੂੰ ਵਸਾਖੀ ਵਾਲੇ ਦਿਨ, ਮਿਲਿਆ; ਜਦੋਂ ਸਿਖਾਂ ਦੇ ਇਕ ਜਥੇ ਦੀ ਨਿਰੰਕਾਰੀਆਂ ਨਾਲ ਝੜਪ ਹੋਈ, ਜਿਹੜੇ ਆਪਣੇ ਆਪ ਨੂੰ ਸਿਖ ਤਾਂ ਆਖਦੇ ਹਨ ਪਰ ਸਿਖ ਕਮਿਊਨਿਟੀ ਉਹਨਾਂ ਨੂੰ ਸਿਖ ਨਹੀਂ ਸਮਝਦੀ। ਇਸ ਝੜਪ ਵਿਚ ਸੋਲਾਂ ਸਿਖ ਮਰ ਗਏ। ਜਦੋਂ ਇਹ ਖਬਰ ਗੋਲਡਨ ਟੈਂਪਲ ਪਹੁੰਚੀ, ਭਿੰਡਰਾਂਵਾਲਾ ਉਥੇ ਹੀ ਸੀ ਪਰ ਉਹਨੇ ਇਹਨੂੰ ਤੁਰਤ ਹੀ ਹੁੰਗਾਰਾ ਨਾ ਭਰਿਆ; ਉਹ ਕਈ ਘੰਟੇ ਬੀਤਣ ਤੇ ਹੀ ਘਟਨਾ-ਸਥਾਨ ਤੇ ਗਿਆ ਜਦੋਂ ਪੁਲਸ ਥਾਂ ਥਾਂ ਖੜੀ ਸੀ। ਅਮਰਜੀਤ ਕੌਰ ਨੇ, ਜਿਸ ਦਾ ਪਤੀ ਫੌਜਾ ਸਿੰਘ ਇਸ ਝੜਪ ਸਮੇਂ ਪੁਲਸ ਦੀ ਗੋਲੀ ਨਾਲ ਮਾਰਿਆ ਗਿਆ ਸੀ, ਤੇ ਜਿਹੜਾ ਅਖੰਡ ਕੀਰਤਨੀ ਜਥੇ ਦਾ ਆਗੂ ਸੀ, ਭਿੰਡਰਾਂਵਾਲੇ ਦੇ ਰੋਲ ਨਾਲ ਪੁਜਣ ਨੂੰ ਕਦੇ ਵੀ ਖਿਮਾ ਨਹੀਂ ਸੀ ਕੀਤਾ।

ਇਸ ਝੜਪ ਨੇ ਸਿਖਾਂ ਨੂੰ ਬਹੁਤ ਉਤੇਜਤ ਕੀਤਾ ਕਿਉਂਜ ਉਹ ਨਿਰੰਕਾਰੀਆਂ ਨੂੰ ਇਕ ਅਜਿਹਾ ਮਤ ਸਮਝਦੇ ਹਨ ਜਿਹੜਾ ਉਹਨਾਂ ਦਾ, ਸਿਖਾਂ ਦਾ, ਮਜ਼ਾਕ ਉਡਾਉਂਦਾ ਹੈ। ਸੋਲਾਂ ਸਿਖਾਂ ਦਾ ਮਾਰਿਆ ਜਾਣਾ ਜਦੋਂ ਇਕ ਅਕਾਲੀ ਮੁਖ ਮੰਤਰੀ ਸੀ, ਇਕ ਉਪੱਦਰ ਸਮਝਿਆ ਗਿਆ ਤੇ ਰਾਜ ਭਰ ਵਿਚ ਸਿਖਾਂ ਵਿਚ ਗੁਸੇ ਦੀ ਲਹਿਰ ਦੌੜ ਗਈ। ਪਰਕਾਸ਼ ਸਿੰਘ ਬਾਦਲ, ਉਸ ਸਮੇਂ ਦਾ ਮੁਖ ਮੰਤਰੀ, ਜਿਹੜਾ ਇਸ ਝੜਪ ਵੇਲੇ ਬੰਬਈ ਵਿਚ ਸੀ, ਝਬਦੇ ਅੰਮ੍ਰਿਤਸਰ ਪਹੁੰਚਿਆ ਤੇ ਆਉਂਦਿਆਂ ਹੀ ਕੁਝ ਪੁਲਸ ਅਫਸਰਾਂ ਨੂੰ ਮੁਅੱਤਲ ਕਰ ਦਿਤਾ ਤੇ ਅੱਗੇ ਚੱਲ ਕੇ ਨਿਰੰਕਾਰੀ ਗੁਰੂ, ਗੁਰਬਚਨ ਸਿੰਘ ਨੂੰ ਫੜ ਲਿਆ; ਪਰ ਇਹਦੇ ਨਾਲ ਸਿਖ ਜਜ਼ਬਾਤ ਸ਼ਾਂਤ ਨਾ ਹੋਏ। ਅਕਾਲ ਤਖਤ ਦੇ ਜਥੇਦਾਰ ਵਲੋਂ ਜਾਰੀ ਕੀਤਾ ਗਿਆ ਹੁਕਮਨਾਮਾ ਵੀ ਸਿਖ ਜਜ਼ਬਾਤ ਨੂੰ ਠੰਢਾ ਨਾ ਕਰ ਸਕਿਆ ਜਿਸ ਵਿਚ ਸਿਖ ਭਾਈਚਾਰੇ ਨੂੰ ਨਿਰੰਕਾਰੀਆਂ ਦਾ ਬਾਈਕਾਟ ਕਰਨ ਨੂੰ ਕਿਹਾ ਗਿਆ ਸੀ।

ਅਕਾਲੀਆਂ ਦੀ ਮੁਸੀਬਤ ਵਿਚ ਵਾਧਾ ਕਰਨ ਲਈ, ਝੜਪ ਵਾਲੇ ਦਿਹਾੜੇ, ਜ਼ੈਲ ਸਿੰਘ ਨੇ ਅਕਾਲੀਆਂ ਨੂੰ ਤੰਗ ਕਰਨ ਲਈ ਦਲ ਖਾਲਸਾ ਦੀ ਨੀਂਹ ਧਰਵਾਈ ਤੇ ਇਸ ਉਦਘਾਟਨੀ ਸਮਾਗਮ ਦਾ ਬਿੱਲ ਜ਼ੈਲ ਸਿੰਘ ਦੇ ਹਿਮਾਇਤੀਆਂ ਨੇ ਅਦਾ ਕੀਤਾ। ਅੱਗੇ ਚੱਲ ਕੇ ਦਲ ਖਾਲਸਾ ਨੇ ਸੁਆਧੀਨ ਖੁਦਮੁਖਤਾਰ ਸਿਖ ਰਾਜ ਦੀ ਸੁਥਾਪਤੀ ਦੀ ਮੰਗ ਕੀਤੀ।

ਹਰਸਿਮਰਨ ਸਿੰਘ ਨੂੰ ਇਸ ਸੰਸਥਾ ਦਾ ਮੁਖ-ਪੰਚ ਥਾਪਿਆ ਗਿਆ। ਉਹ ਪੰਜਾਬ ਯੂਨੀਵਰਸਿਟੀ ਦੇ ਵਿਸ਼ਵਾਨਾਥ ਤਿਵਾੜੀ ਦਾ ਸਟੈਨੋ ਸੀ। ਤੇ ਤਿਵਾੜੀ ਨੇ, ਜੀਹਨੇ ਅੱਗੇ ਚੱਲ ਕੇ ਐਮਰਜੰਸੀ ਦੇ ਦੌਰਾਨ ਸ਼੍ਰੀਮਤੀ ਇੰਦਰਾ ਗਾਂਧੀ ਵਲੋਂ ਹੋਈਆਂ ਵਧੀਕੀਆਂ ਦੀ ਸਫਾਈ ਵਿਚ ਕਿਤਾਬ ਲਿਖੀ ਤੇ ਇਹਦੇ ਇਨਾਮ ਵਜੋਂ ਉਹਨੂੰ ਰਾਜ ਸਭਾਂ ਦਾ ਮੈਂਬਰ ਨਾਮਜ਼ਦ ਕੀਤਾ ਗਿਆ, ਇਸ ਤੱਥ ਨੂੰ ਕਦੇ ਵੀ ਭੇਦ ਨਹੀਂ ਸੀ ਰਖਿਆ ਕਿ ਦਲ ਖਾਲਸਾ ਦੀ ਸਥਾਪਤੀ ਵਿਚ ਉਹਦਾ ਹੱਥ ਸੀ। ਤਿਵਾੜੀ ਨੇ ਮੈਨੂੰ ਦੱਸਿਆ ਸੀ ਜਦੋਂ ਮੈਂ ਚੰਡੀਗੜ੍ਹ ਰਹਿ ਰਿਹਾ ਸਾਂ ਅਤੇ **ਇੰਡੀਅਨ ਐਕਸਪ੍ਰੈਸ** ਦੀ ਉਥੋਂ ਵਾਲੀ ਐਡੀਸ਼ਨ ਵੱਲ ਧਿਆਨ ਦਿੰਦਾ ਸਾਂ, ਕਿ ਉਹ ਤੇ ਉਹਦੇ ਸਰਪਰਸਤ ਜ਼ੈਲ ਸਿੰਘ ਤੇ ਸੰਜੇ ਗਾਂਧੀ ਬੱਸ ਅਕਾਲੀ ਪਾਰਟੀ ਨੂੰ ਜਿੱਚ ਕਰਨਾ ਹੀ ਚਾਹੁੰਦੇ ਸਨ।

ਉਦੋਂ ਕਿਸੇ ਨੇ ਦਲ ਖਾਲਸਾ ਵੱਲ ਕੋਈ ਖਾਸ ਧਿਆਨ ਨਾ ਦਿਤਾ ਪਰ ਭਿੰਡਰਾਂਵਾਲੇ ਨੂੰ ਜਾਣਿਆ ਜਾਣ ਲਗ ਪਿਆ ਸੀ ਕਿਉਂਜ ਉਹਨੇ ਨਿਰੰਕਾਰੀਆਂ ਹੱਥੋਂ ਮਰਨ ਵਾਲੇ ਸੋਲਾਂ ਸਿਖਾਂ ਦੀ ਮੌਤ ਦਾ ਬਦਲਾ ਲੈਣ ਦਾ ਬੀੜਾ ਚੁਕ ਲਿਆ ਹੋਇਆ ਸੀ। ਅਕਾਲੀ ਖੁਦ ਆਪਣੇ ਵਿਰੋਧੀਆਂ ਵਲੋਂ ਦਬਾਉ ਹੇਠ ਵੀ ਨਹੀਂ ਸਨ, ਸਗੋਂ ਆਪਣੀ ਇਤਹਾਦੀ, ਜਨਤਾ ਪਾਰਟੀ, ਵਲੋਂ ਵੀ ਦਬਾਉ ਹੇਠ ਸਨ ਜੀਹਨੇ ਅਕਾਲੀਆਂ ਨੂੰ ਆਖਿਆ ਕਿ ਉਹ ਅਕਤੂਬਰ 1973 ਵਾਲੇ ਆਨੰਦਪੁਰ ਸਾਹਿਬ ਮਤੇ ਬਾਰੇ ਆਪਣੀ ਪੁਜ਼ੀਸ਼ਨ ਸਪੱਸ਼ਟ ਕਰਨ ਜੀਹਨੇ ਹਿੰਦੂਆਂ ਦੇ ਮਨਾਂ ਵਿਚ ਖਾਲਿਸਤਾਨ ਸੰਬੰਧੀ ਡਰ ਪੈਦਾ ਕਰ ਦਿਤੇ ਹੋਏ ਸਨ।

ਹੋਰਨਾਂ ਗੱਲਾਂ ਤੋਂ ਇਲਾਵਾ, ਇਸ ਮਤੇ ਵਿਚ ਕਿਹਾ ਗਿਆ ਸੀ ਕਿ 'ਪੰਥ ਦੀ ਵਖਰੀ ਤੇ ਆਜ਼ਾਦ ਪਛਾਣ (identity) ਦਾ ਸੰਕਲਪ ਬਰਕਰਾਰ ਅਤੇ ਕਾਇਮ ਰਖਿਆ ਜਾਵੇਗਾ ਅਤੇ ਅਜਿਹਾ ਵਾਤਾਵਰਨ ਸਿਰਜਿਆ ਜਾਵੇਗਾ ਜਿਸ ਵਿਚ ਸਿਖ ਪੰਥ ਦੇ ਕੌਮੀ ਜਜ਼ਬਾਤ ਤੇ ਉਮੰਗਾਂ ਨੂੰ ਪੂਰਨ ਪਰਗਟਾਉ, ਤਸੱਲੀ ਤੇ ਪ੍ਰਫੁਲਤਾ ਨਸੀਬ ਰਹਿਣਗੇ।' ਰਾਜਸੀ ਟੀਚਾ ਇਹ ਦੱਸਿਆ ਗਿਆ ਕਿ 'ਖਾਲਸਾ ਦੀ ਸ਼੍ਰੇਸ਼ਟਤਾ' ਕਾਇਮ ਰਖੀ ਜਾਏਗੀ ਅਤੇ ਇਸ ਦੀ ਪਰਾਪਤੀ ਲਈ ਅਕਾਲੀ ਦਲ ਨੇ ਮੰਗ ਕੀਤੀ ਕਿ ਪੰਜਾਬੀ-ਬੋਲਦੇ ਇਲਾਕੇ ਪੰਜਾਬ ਵਿਚ ਮਿਲਾ ਦਿਤੇ ਜਾਣ 'ਜਿਥੇ ਸਿਖਾਂ ਦੇ ਸਿਖ ਮਤ ਦੇ ਹਿਤਾਂ ਦੀ ਵਿਸ਼ੇਸ਼ ਤੌਰ ਤੇ ਰੱਖਿਆ ਕੀਤੀ ਜਾਵੇ।' ਇਸ ਮਤੇ ਦਾ ਅਹਿਮ ਹਿਸਾ ਉਹ ਸੀ ਜਿਸ ਵਿਚ ਦਰਜ ਸੀ ਕਿ 'ਇਸ ਪੰਜਾਬ ਵਿਚ ਅਤੇ ਦੂਜੇ ਰਾਜਾਂ ਵਿਚ ਸੈਂਟਰ ਦਾ ਦਖਲ ਰਖਿਆ, ਵਿਦੇਸ਼ੀ ਸਬੰਧਾਂ ਕਰੰਸੀ ਤੇ ਆਮ ਸੰਚਾਰ ਸਿਲਸਲਿਆਂ ਤਕ ਸੀਮਿਤ ਹੋਵ੍ਹੇਗਾ', ਅਤੇ ਇਹਨਾ ਵਿਭਾਗਾਂ ਲਈ 'ਪੰਜਾਬ ਤੇ ਦੂਜੇ ਰਾਜ ਪਾਰਲੀਮੈਂਟ ਵਿਚ ਪ੍ਰਤੀਨਿਧਤਾ ਦਾ ਤਨਾਸਬ ਨਾਲ ਯੋਗਦਾਨ ਦੇਣਗੇ।'

ਇਸ ਮਤੇ ਦੇ ਸਬੰਧ ਵਿਚ ਅਕਾਲੀ ਆਗੂਆਂ ਲਈ ਸਫਾਈ ਪੇਸ਼ ਕਰਨੀ ਮੁਸ਼ਕਲ ਹੋ ਰਹੀ ਸੀ। ਮੈਂ ਜਦੋਂ ਵੀ ਉਹਨਾਂ ਨਾਲ ਇਸ ਬਾਰੇ ਬਹਿਸ ਕੀਤੀ ਉਹ ਖੁਦ ਇਸ ਦੇ ਕਈ ਰੂਪਾਂਤਰ ਹਨ। ਇਕ ਅਕਾਲੀ ਨੇ ਮੈਨੂੰ ਦਸਿਆ ਕਿ ਇਹ ਮਤਾ ਸਾਬਕ ਆਈ. ਸੀ. ਐਸ. ਅਫਸਰ, ਕਪੂਰ ਸਿੰਘ ਨੇ ਸੂਤਰਬਧ ਕੀਤਾ ਸੀ, ਜੀਹਨੂੰ ਸਰਵਿਸ ਤੋਂ ਡਿਸਮਿਸ ਕਰ ਦਿਤਾ ਗਿਆ ਸੀ। ਇਸ ਮਤੇ ਦਾ ਖਰੜਾ ਅੰਗਰੇਜ਼ੀ ਵਿਚ ਤਿਆਰ ਕੀਤਾ ਗਿਆ ਜਿਸ ਨੂੰ ਉਸ ਸਮੇਂ ਦਾ ਅਕਾਲੀ ਪਰਧਾਨ, ਫ਼ਤਹ ਸਿੰਘ, ਨਹੀਂ ਸੀ ਸਮਝਦਾ। ਕਪੂਰ ਸਿੰਘ ਨੇ ਉਹਨੂੰ ਇਹ ਮਤਾ ਬੱਸ 'ਸਪਸ਼ਟ ਤਰ੍ਹਾਂ ਸਮਝਾ' ਛਡਿਆ, ਅਤੇ ਫ਼ਤਹ ਸਿੰਘ ਨੂੰ ਕਦੇ ਮਲੂਮ ਹੀ ਨਾ ਹੋ ਸਕਿਆ ਕਿ ਇਸ ਵਿਚ ਕੀ ਕੁਝ ਸ਼ਾਮਿਲ ਕੀਤਾ ਜਾ ਰਿਹਾ ਹੈ।

ਫ਼ਤਹ ਸਿੰਘ ਸ਼ਾਇਦ ਇਸ ਨਿਹਿਤਅਰਥ (ਉਲਝਾਉ) ਨੂੰ ਨਹੀਂ ਸੀ ਸਮਝਦਾ, ਪਰ ਪੰਜਾਬ ਦੇ ਸਾਬਕ ਵਿਤ ਮੰਤਰੀ ਬਲਵੰਤ ਸਿੰਘ, ਖੇਤੀਬਾੜੀ ਲਈ ਸਾਬਕ ਯੂਨੀਅਨ ਮੰਤਰੀ, ਸੁਰਜੀਤ ਸਿੰਘ ਬਰਨਾਲਾ, ਤੇ ਗੁਰਬਚਨ ਸਿੰਘ ਟੌਹੜਾ ਇਸ ਕਮੇਟੀ ਦੇ ਮੈਂਬਰ ਹਨ। ਉਹਨਾਂ ਨੇ ਇਜ਼ਰਾਈਲ ਦੀ ਸ਼ਲਾਘਾ ਵਿਚ ਮਤਾ ਰੱਦ ਕੀਤਾ ਜਿਸ ਵਿਚ ਯਹੂਦੀਆਂ ਦੀ ਦੇਸਭੂਮੀ ਅਤੇ ਸਿੱਖਾਂ ਲਈ ਦੇਸਭੂਮੀ ਨੂੰ ਸਮਨਾਂਤਰ ਰਖਿਆ ਗਿਆ ਸੀ ਜਦੋਂ ਉਹਨਾਂ ਨੂੰ ਦੱਸਿਆ ਗਿਆ ਕਿ ਇਹਦੇ ਨਾਲ ਅਰਬ ਦੇਸਾਂ ਵਿਚ ਰਹਿੰਦੇ ਸਿੱਖਾਂ ਲਈ ਮਸਲੇ ਉਠ ਖੜੇ ਹੋਣਗੇ। ਏਸੇ ਤਰ੍ਹਾਂ ਹੀ, ਉਹ ਆਨੰਦਪੁਰ ਸਾਹਿਬ ਮਤੇ ਨੂੰ ਰੋਕ ਸਕਦੇ ਸਨ ਜਾਂ ਨਰਮ ਬਣਾ ਸਕਦੇ ਸਨ ਪਰ ਤੱਥ ਇਹ ਹੈ ਕਿ ਰਾਜਸੀ ਵੀਰਾਨਗੀ ਦੇ ਦੌਰਾਂ ਵਿਚ ਅਕਾਲੀ ਦਲ ਨੇ ਸਦਾ ਹੀ ਜੁਝਾਰ ਅੰਦਾਜ਼ ਅਖਤਿਆਰ ਕੀਤਾ ਹੈ; ਤੇ ਇਹ ਮਤਾ ਇਸ ਪਹੁੰਚ ਨੂੰ ਸੂਤ ਬਹਿੰਦਾ ਸੀ।

1973 ਵਿਚ ਅਕਾਲੀ ਤਖਤੋਂ ਲਹਿ ਚੁਕੇ ਹੋਏ ਸਨ। ਪਰ, 1977 ਵਿਚ ਸੱਤਾ ਮੁੜ ਉਹਨਾਂ ਦੇ ਹੱਥ ਆਈ; ਇਸ ਲਈ ਉਹ ਵਧੇਰੇ ਉਦਾਰ-ਚਿਤ ਹੋ ਸਕਦੇ ਸਨ। ਅਸਲ ਵਿਚ, ਸੱਤਾ ਹੱਥ ਵਿਚ ਆਉਣ ਤੋਂ ਕੁਝ ਹੀ ਮਹੀਨੇ ਪਿਛੋਂ, ਅਕਾਲੀ ਦਲ ਦੇ ਸਕੱਤਰ, ਅਜਮੇਰ ਸਿੰਘ, ਨੇ ਪਹਿਲੀ ਅਗਸਤ, 1977 ਨੂੰ ਅਕਾਲੀ ਆਗੂਆਂ ਤੇ ਸਿਖ ਬੁਧੀਜੀਵੀਆਂ ਨੂੰ ਇਕ ਪੱਤਰ ਲਿਖ ਕੇ ਗੇਂਦ ਰੇੜ੍ਹ ਦਿਤੀ। ਇਸ ਪੱਤਰ ਵਿਚ ਉਹਨੇ ਲਿਖਿਆ ਕਿ 'ਸਿਖ ਪੰਥ ਦੇ ਨਿਸ਼ਾਨੇ ਤੇ ਮਨੋਰਥ ਉਲੀਕੇ ਜਾਣ' ਤਾਂ ਜੋ ਉਹ 'ਪੰਥ, ਪੰਜਾਬ ਤੇ ਦੇਸ ਦੇ ਵਡੇਰੇ ਹਿਤਾਂ ਨੂੰ ਸੇਵ ਸਕਣ ਅਤੇ ਇਸ ਤਰ੍ਹਾਂ ਸਿੱਖਾਂ ਦੀਆਂ ਆਸਾਂ ਤੇ ਪੂਰਾ ਤੁੱਲ ਸਕਣ।'

28 ਅਕਤੂਬਰ, 1978 ਨੂੰ ਲੁਧਿਆਣਾ ਵਿਚ ਆਨੰਦਪੁਰ ਸਾਹਿਬ ਮਤਾ ਸੋਧਣ ਲਈ ਇਕ ਮੀਟਿੰਗ ਹੋਈ; ਉਸ ਸਮੇਂ ਅਕਾਲੀ ਮੁਖੀ, ਜਗਦੇਵ ਸਿੰਘ ਪ੍ਰਧਾਨਗੀ ਦੇ ਫ਼ਰਜ਼ ਨਿਭਾ ਰਿਹਾ ਸੀ। ਇਸ ਮੌਕੇ ਤੇ ਜਨਤਾ ਪਾਰਟੀ ਦਾ ਪ੍ਰਧਾਨ ਚੰਦਰ ਸ਼ੇਖਰ ਵੀ ਹਾਜ਼ਰ ਸੀ। ਹੁਣ ਅਕਾਲੀਆਂ ਨੇ ਵਖਵਾਦ ਉਤੇ ਨਹੀਂ, ਸਗੋਂ ਸੰਵਿਧਾਨ ਦੇ ਫੈਡਰਲ ਸਟਰਕਰਚਰ(ਬਣਤ) ਉਤੇ ਵਧੇਰੇ ਜ਼ੋਰ ਦਿਤਾ। ਉਹਨਾਂ ਨੂੰ ਉਸ ਮੈਮੋਰੰਡਮ ਦਾ ਇਲਮ ਸੀ ਜੋ ਪੱਛਮੀ ਬੰਗਾਲ ਸਰਕਾਰ ਨੇ, ਜਿਸ ਵਿਚ ਸੀ ਪੀ ਆਈ(ਐਮ) ਨੂੰ ਪ੍ਰਬਲਤਾ ਹਾਸਲ ਸੀ, ਨਵੀਂ ਦਿੱਲੀ ਸਾਹਮਣੇ ਰੱਖਿਆ ਸੀ ਤੇ

ਜਿਸ ਵਿਚ ਤਜਵੀਜ਼ ਕੀਤਾ ਗਿਆ ਸੀ ਕਿ ਰਖਿਆ, ਬਾਹਰਲੇ ਮਾਮਲੇ, ਸੰਚਾਰ-ਸਾਧਨ ਤੇ ਕਰੰਸੀ ਸੈਂਟਰ ਦੇ ਹੱਥਾਂ ਵਿਚ ਰਹਿਣ ਅਤੇ ਦੂਜੇ ਵਿਸ਼ੇ ਰਾਜਾਂ ਨੂੰ ਮੁੰਤਕਿਲ ਕਰ ਦਿਤੇ ਜਾਣ।

ਭਿੰਡਰਾਂਵਾਲੇ ਨੇ ਆਨੰਦਪੁਰ ਸਾਹਿਬ ਮਤੇ ਉਤੇ ਬਹਿਸ ਵਿਚ ਹਿੱਸਾ ਨਹੀਂ ਲਿਆ, ਪਰ ਨਿਰੰਕਾਰੀਆਂ ਦੇ 'ਬਦ' ਹੋਣ ਬਾਰੇ ਬੋਲਿਆ।

ਮਤੇ ਦਾ ਨਵਾਂ ਰੂਪ ਇਸ ਅਰਥ ਵਿਚ ਬਿਹਤਰ ਸੀ ਕਿ ਇਹਨੇ ਰਖਿਆ, ਵਿਦੇਸੀ ਮਾਮਲੇ, ਡਾਕ ਤੇ ਤਾਰ ਅਤੇ ਕਰੰਸੀ ਤੋਂ ਇਲਾਵਾ ਰੇਲਵੇ ਵੀ ਸੈਂਟਰ ਨੂੰ ਦਿਤੇ। ਨਵੇਂ ਮਤੇ ਵਿਚ ਇਹ ਵੀ ਦਲੀਲ ਦਿਤੀ ਗਈ ਕਿ 'ਜੈ ਪ੍ਰਕਾਸ਼ ਨਾਰਾਇਣ ਵਲੋਂ ਮੁਕੰਮਲ ਇਨਕਲਾਬ ਦਾ ਸੰਕਲਪ ਵੀ ਸੱਤਾ ਦੇ ਸਿਲਸਿਲੇਵਾਰ ਅਕੇਂਦਰੀਕਰਣ ਉਤੇ ਆਧਾਰਤ ਹੈ।'

ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਮਿਲਾਉਣ ਦੀ ਮੁੜ ਮੰਗ ਕੀਤੀ ਗਈ ਤੇ ਇਹ ਮੁੜ ਆਖਿਆ ਗਿਆ ਕਿ ਪੰਥਕ ਰਾਜਸੀ ਨਿਸ਼ਾਨਾ ਖਾਲਸਾ ਜੀ ਕਾ ਬੋਲ ਬਾਲਾ ਸੀ। ਕੁਝ ਚਿਰ ਪਿਛੋਂ ਮੈਨੂੰ ਸੱਪਸ਼ਟ ਕੀਤਾ ਗਿਆ ਕਿ ਇਹਦਾ ਮਤਲਬ ਇਕ ਅਜਿਹੇ ਰਾਜ ਦੀ ਸਥਾਪਤੀ ਹੈ ਜਿਸ ਵਿਚ 'ਸਿੱਖ ਬਹੁਗਿਣਤੀ' ਦੇ ਹੱਥ 'ਸੱਤਾ' ਹੋਵੇਗੀ ਪਰ ਇਹ ਭਾਰਤੀ ਸੰਵਿਧਾਨ ਅਤੇ ਭਾਰਤੀ ਯੂਨੀਅਨ ਦੇ ਅੰਦਰ ਰਹਿੰਦਿਆਂ ਕੰਮ ਕਰੇਗੀ। ਬਾਦਲ ਨੇ ਇਕ ਵਾਰ ਮੈਨੂੰ ਦਸਿਆ ਕਿ ਸੈਂਟਰ ਦੇ ਅਧਿਕਾਰ-ਖੇਤਰ ਬਾਰੇ ਕੋਈ ਅਮਿਟ ਲੀਕ ਨਹੀਂ ਖਿਚੀ ਗਈ, 'ਉਹਦੇ ਕੋਲ ਵਧੇਰੇ ਵਿਸ਼ੇ ਰਹਿ ਸਕਦੇ ਹਨ।'

ਅਕਾਲੀਆਂ ਨੇ ਜਨਤਾ ਸਰਕਾਰ ਨਾਲ ਆਨੰਦਪੁਰ ਸਾਹਿਬ ਮਤੇ ਬਾਰੇ ਕੋਈ ਗੱਲਬਾਤ ਨਾ ਛੇੜੀ। ਪਰ, ਬਾਦਲ ਅਤੇ ਬਲਵੰਤ ਸਿੰਘ ਨੇ ਨੈਸ਼ਨਲ ਡਿਵਲਪਮੈਂਟ ਕੌਂਸਲ ਦੀ ਮੀਟਿੰਗ ਵਿਚ ਵਿਤੀ ਅਧਿਕਾਰਾਂ ਦੇ ਅਕੇਂਦਰੀਕਰਣ ਦੇ ਪਖ ਵਿਚ ਵਿਚਾਰ ਪ੍ਰਗਟਾਏ; ਉਹਨਾਂ ਕਿਹਾ ਕਿ ਨਵੀਂ ਦਿੱਲੀ ਨੇ ਅਸ਼ੋਕਾ ਹੋਟਲ ਉਤੇ ਪੈਸਾ ਬਿਅਰਥ ਗੁਆਇਆ ਹੈ; ਇਸ ਤੋਂ ਤਾਂ ਇਕ ਹੋਰ ਪ੍ਰਾਇਮਰੀ ਸਕੂਲ ਖੋਹਲਣ ਜੋਗੀ ਆਮਦਨੀ ਵੀ ਨਹੀਂ ਹੋਵੇਗੀ।

ਮੁਰਾਰਜੀ ਡੇਸਾਈ ਨੇ ਇਹ ਏਤਰਾਜ਼ ਇਸ ਆਧਾਰ ਉਤੇ ਰੱਦ ਕਰ ਦਿਤੇ ਕਿ ਸੰਵਿਧਾਨ ਨੇ ਵਿੱਤੀ ਅਧਿਕਾਰਾਂ ਨੂੰ ਸੈਂਟਰ ਤੇ ਰਾਜਾਂ ਵਿਚਕਾਰ ਸਵਾਹਰੀ ਤਰ੍ਹਾਂ ਸਮਤੁਲਤ ਕੀਤਾ ਹੈ ਤੇ ਜੇ ਕਿਤੇ ਕੋਈ ਕਸਰ ਹੈ ਤਾਂ ਉਹ ਕਾਰਜਸਾਧਕਤਾ ਵਿਚ ਹੀ ਹੈ; ਤੇ ਉਹਨੇ ਰਾਜਾਂ ਵਿਰੁੱਧ ਵਿਤਕਰੇ ਦੇ ਨਿਸਚਿਤ ਮਾਮਲਿਆਂ ਉਤੇ ਗੌਰ ਕਰਨ ਦਾ ਇਕਰਾਰ ਕੀਤਾ।

ਅਕਾਲੀਆਂ ਨੇ ਮਾਮਲਾ ਅੱਗੇ ਨਾ ਖੜਿਆ। ਪਰ ਸਿੱਖਾਂ ਨਾਲ ਘੱਟ ਗਿਣਤੀ ਵਜੋਂ ਵਰਤਾਉ ਨਾ ਕਰਨ ਦੇ ਜਨਤਾ ਦੇ ਵਤੀਰੇ ਨੂੰ ਪਸੰਦ ਨਾ ਕੀਤਾ ਘਟ-ਗਿਣਤੀ ਕਮਿਸ਼ਨ ਦੀ ਸਥਾਪਨਾ ਵੇਲੇ ਚਰਨ ਸਿੰਘ ਨੇ ਦਲੀਲ ਦਿਤੀ ਕਿ ਸਿਖ ਘਟ-ਗਿਣਤੀ ਨਹੀਂ ਹਨ। ਇਹ ਮਾਮਲਾ ਇਸ ਮਗਰੋਂ ਸੁਰਜੀਤ ਸਿੰਘ ਬਰਨਾਲਾ ਨੇ ਗ਼ੈਰ-ਰਸਮੀ ਤੌਰ ਤੇ ਕੈਬਨਟ ਦੀ ਮੀਟਿੰਗ ਵਿਚ ਪੇਸ਼ ਕੀਤਾ; ਚਰਨ ਸਿੰਘ ਨੇ ਮੁੜ ਕਿਹਾ ਕਿ ਉਹਦਾ ਇਹ ਖਿਆਲ ਨਹੀਂ ਸੀ ਕਿ ਸਿੱਖ ਹਿਦੂਆਂ ਨਾਲੋਂ ਕਿਸੇ ਤਰ੍ਹਾਂ ਵਖਰੇ ਹਨ, ਤੇ ਇਸ ਕਰਕੇ ਉਹਨਾਂ ਨੂੰ ਘਟ-ਗਿਣਤੀ ਮੰਨ ਕੇ ਵਰਤਾਉ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਅਗੇ ਚੱਲ ਕੇ ਬਾਦਲ ਤੇ ਬਰਨਾਲਾ ਚਰਨ ਸਿੰਘ ਨੂੰ ਮਿਲੇ ਤੇ ਬੇਮਤਲਬ ਤਕਰਾਰ ਕੀਤਾ ਕਿ ਮੁਸਲਮਾਨਾਂ ਤੇ ਈਸਾਈਆਂ ਵਾਂਗੂੰ ਸਿੱਖ ਨੂੰ ਵੀ ਘੱਟ-ਗਿਣਤੀ ਸਮਝਿਆ ਜਾਵੇ।

ਸੈਂਟਰ ਵਿਚ ਜਨਤਾ ਸਰਕਾਰ ਦਾ ਭੋਗ ਪੈ ਜਾਣ ਪਿਛੋਂ, ਅਕਾਲੀ ਪਾਰਟੀ ਅੰਦਰਲੇ ਮਤਭੇਦ ਸਤਹ ਤੇ ਆ ਗਏ; ਬਾਦਲ ਮੋਰਾਰਜੀ ਡੇਸਾਈ ਦੀ ਹਿਮਾਇਤ ਕਰਨ ਦੇ ਪੱਖ ਵਿਚ ਸੀ, ਪਰ ਟੌਹੜਾ ਤੇ ਤਲਵੰਡੀ ਵਰਗੇ ਹਾਰਡਲਾਈਨਰ ਚਰਨ ਸਿੰਘ ਦੇ ਪੱਖ ਵਿਚ ਸਨ ਜਿਹੜਾ ਥੋੜੇ ਜੇਹੇ ਸਮੇਂ ਲਈ ਪ੍ਰਧਾਨ ਮੰਤਰੀ ਬਣ ਗਿਆ ਸੀ। ਅਗਸਤ 1979 ਵਿਚ, ਉਸ ਸਮੇਂ ਦੇ ਰਾਸ਼ਟਰਪਤੀ, ਸੰਜੀਵਾ ਰੈਡੀ, ਨੇ ਚਰਨ ਸਿੰਘ ਦੀ ਘਟ-ਗਿਣਤੀ ਸਰਕਾਰ ਵਲੋਂ ਅਸਤੀਫਾ ਦੇਣ ਪਿਛੋਂ ਨਿਗਰਾਨ ਪ੍ਰਧਾਨ ਮੰਤਰੀ ਵਜੋਂ ਸੁਰਜੀਤ ਸਿੰਘ ਬਰਨਾਲਾ ਦੇ ਨਾਂ ਤੇ ਵੀ ਵਿਚਾਰ ਕੀਤੀ ਸੀ।

ਇਹ ਸੰਜੇ ਗਾਂਧੀ ਹੀ ਸੀ ਜੀਹਨੇ ਮੀਟਿੰਗ ਲਈ ਅਕਾਲੀਆਂ ਨੂੰ ਫੀਲਰ ਭੇਜੇ ਬਾਦਲ ਨੇ ਉਹਦੇ ਵਲੋਂ ਭੇਜੇ ਗਏ ਇਹਨਾਂ ਬੰਦਿਆਂ ਨੂੰ ਮਿਲਣੋ ਇਨਕਾਰ ਕੀਤਾ ਤੇ ਬਰਨਾਲਾ ਨੇ ਵੀ। ਪਰ ਬਲਵੰਤ ਸਿੰਘ ਨੇ ਦਿੱਲੀ-ਗੜਗਾਉਂ ਮਾਰਗ ਉਤੇ ਚੌਧਵੇਂ ਮੀਲ-ਪੱਥਰ ਉਤੇ, ਸੰਜੇ ਦੀ ਮਾਰੂਤੀ ਫੈਕਟਰੀ ਤੋਂ ਥੋੜੀ ਦੂਰ ਉਹਦੇ ਨਾਲ ਮੁਲਾਕਾਤ ਕੀਤੀ। ਸੰਜੇ ਇਕ ਟੈਕਸੀ ਵਿਚ ਆਇਆ ਅਤੇ ਬਲਵੰਤ ਸਿੰਘ ਦੀ ਕਾਰ ਵਿਚ ਬੈਠ ਗਿਆ ਜਿਹੜੀ ਉਹਨੂੰ ਉਡੀਕ ਰਹੀ ਸੀ। ਸੰਜੇ ਦੀ ਤਜਵੀਜ਼ ਇਹ ਸੀ ਕਿ ਕਾਂਗਰਸ (ਆਈ) ਨਿਗਰਾਨ ਪ੍ਰਧਾਨ ਮੰਤਰੀ ਵਜੋਂ ਬਰਨਾਲਾ ਦੇ ਨਾਂ ਦੀ ਹਿਮਾਇਤ ਕਰੇਗੀ, ਪਰ ਜੇਕਰ 1980 ਦੀਆਂ ਲੋਕ ਸਭਾ ਚੋਣਾਂ ਲਈ ਅਕਾਲੀ-ਕਾਂਗਰਸ (ਆਈ) ਗਠਜੋੜ ਹੋ ਜਾਵੇ; ਉਹਨੇ ਕਿਹਾ ਕਿ ਪੰਜਾਬ ਵਿਚ ਅਕਾਲੀ 'ਸਾਡੇ ਵੱਡੇ ਭਰਾ' ਹੋਣਗੇ ਤੇ ਕਾਂਗਰਸ(ਆਈ) 'ਛੋਟਾ ਭਰਾ' ਹੋਵੇਗੀ।

ਬਲਵੰਤ ਸਿੰਘ ਨੇ ਕਿਹਾ ਕਿ ਅਕਾਲੀ ਇਸ ਤਜਵੀਜ਼ ਦੇ ਖਿਲਾਫ ਨਹੀਂ ਹੋਣਗੇ ਪਰ ਜੇਕਰ ਸਿੱਖ ਉਮੀਦਵਾਰਾਂ ਦੀ ਨਾਮਜ਼ਦਗੀ ਦੇ ਸਿਲਸਿਲੇ ਵਿਚ ਉਹਨਾਂ ਦਾ ਫੈਸਲਾ ਆਖਰੀ ਹੋਵੇ। ਸੰਜੇ ਨੇ ਇਸ ਆਧਾਰ ਉਤੇ ਇਸ ਤਜਵੀਜ਼ ਦੀ ਵਿਰੋਧਤਾ ਕੀਤੀ ਕਿ ਇਹਦਾ ਅਰਥ ਤਾਂ ਸਿੱਖ ਉਮੀਦਵਾਰਾਂ ਦੇ ਸਬੰਧ ਵਿਚ ਅਕਾਲੀਆਂ ਨੂੰ ਵੀਟੋ ਦਾ ਅਧਿਕਾਰ ਦੇਣਾ ਹੋਵੇਗਾ; ਉਹਨੇ ਦਲੀਲ ਦਿਤੀ ਕਿ ਉਹਦੀ ਪਾਰਟੀ ਪਿਛੇ ਵੀ 'ਨੈਸ਼ਨਲਿਸਟ ਸਿੱਖਾਂ' ਦੀ ਵੱਡੀ ਗਿਣਤੀ ਹੈ ਜਿਨ੍ਹਾਂ ਨੂੰ ਉਹ ਨਜ਼ਰ-ਅੰਦਾਜ਼ ਨਹੀਂ ਕਰ ਸਕਦੇ। ਗੱਲਬਾਤ ਟੁੱਟ ਗਈ।

ਮੈਨੂੰ ਨਹੀਂ ਮਲੂਮ ਕਿ ਬਲਵੰਤ ਸਿੰਘ ਨੇ ਜੋ ਮਾਮਲੇ ਵਿਚਾਰੇ ਉਹਨਾਂ ਬਾਰੇ ਉਹਨੇ ਅਕਾਲੀਆਂ ਤੋਂ ਪਹਿਲਾਂ ਪਰਵਾਨਗੀ ਲਈ ਹੋਈ ਸੀ ਜਾਂ ਨਹੀਂ ਪਰ ਇਸ ਬਾਰੇ ਕੋਈ ਸ਼ੱਕ ਨਹੀਂ ਕਿ ਬਾਦਲ ਕਾਂਗਰਸ (ਆਈ) ਨਾਲ ਗਠਜੋੜ ਦੇ ਵਿਰੁਧ ਨਹੀਂ ਸੀ। ਉਹਨੇ ਮੈਨੂੰ ਪੰਜਾਬ ਭਵਨ, ਨਵੀਂ ਦਿੱਲੀ, ਵਿਚ ਉਸ ਦਿਨ ਦਸਿਆ ਜਦੋਂ ਮੱਧ-ਕਾਲੀ ਚੋਣਾਂ ਦਾ ਐਲਾਨ ਕੀਤਾ ਗਿਆ ਸੀ, ਕਿ ਅਕਾਲੀਆਂ ਨੂੰ ਕਾਂਗਰਸ (ਆਈ) ਨਾਲ ਚੋਣ-ਸਮਝੌਤੇ ਬਾਰੇ ਗੱਲਬਾਤ ਕਰਨ ਤੇ ਕੋਈ ਏਤਰਾਜ਼ ਨਹੀਂ ਹੋਵੇਗਾ ਪਰ ਜੇਕਰ ਇਹਤੋਂ ਅਕਾਲੀਆਂ ਦੇ ਹਿਤਾਂ ਨੂੰ ਕੋਈ ਹਾਨੀ ਨਾ ਪੁਜੇ ਤਾਂ।

ਦੋਵੇਂ ਕਿਸੇ ਸਮਝੌਤੇ ਤੇ ਨਾ ਅਪੜ ਸਕੇ। 1980 ਦੀਆਂ ਲੋਕ ਸਭਾਂ ਚੋਣਾਂ ਵਿਚ, ਕਾਂਗਰਸ (ਆਈ) ਨੇ ਪੰਜਾਬ ਵਿਚ 13 ਲੋਕ-ਸਭਾ ਸੀਟਾਂ ਵਿਚੋਂ 12 ਜਿੱਤ ਲਈਆਂ। ਸਿੱਖਾਂ ਦੀ ਚੋਖੀ ਗਿਣਤੀ ਨੇ ਅਕਾਲੀ ਦਲ ਵਿਰੁਧ ਵੋਟਾਂ ਪਾਈਆਂ। ਭਿੰਡਰਾਂਵਾਲੇ ਨੇ ਕਾਂਗਰਸ (ਆਈ) ਦੇ ਉਮੀਦਵਾਰਾਂ ਲਈ ਕੰਮ ਕੀਤਾ ਸੀ ਪਰ ਇਸ ਪੜਾਉ ਉਤੇ ਸਿੱਖਾਂ ਨੇ ਉਹਦੇ ਵੱਲ ਮਾਮੂਲੀ ਧਿਆਨ ਦਿਤਾ ਸੀ, ਅਤੇ ਉਹਦੀ ਕਨਵੈਸਿੰਗ ਦੇ ਬਾਵਜੂਦ, ਗੁਰਦਿਆਲ ਸਿੰਘ ਢਿੱਲੋਂ, ਜੀਹਨੂੰ ਅੱਗੇ ਚਲ ਕੇ ਕੈਨੇਡਾ ਵਿਚ ਹਾਈ ਕਮਿਸ਼ਨਰ ਥਾਪਿਆ ਗਿਆ, ਹਾਰ ਗਿਆ। ਜਦੋਂ ਸ੍ਰੀਮਤੀ ਇੰਦਰਾ ਗਾਂਧੀ ਨੇ ਦਸੰਬਰ 1979 ਵਿਚ ਗੁਰਦਾਸਪੁਰ ਵਿਖੇ ਪੀ. ਐਸ. ਭਿੰਡਰ ਦੀ ਪਤਨੀ ਦੇ ਹੱਕ ਵਿਚ ਤਕਰੀਰ ਕੀਤੀ ਤਾਂ ਭਿੰਡਰਾਂਵਾਲਾ ਵੀ ਮੰਚ ਉਤੇ ਬੈਠਾ ਸੀ।

ਮੈਂ ਜਦੋਂ 1982 ਵਿਚ ਭਿੰਡਰਾਂਵਾਲੇ ਨੂੰ ਕਾਂਗਰਸ (ਆਈ) ਨਾਲ ਉਹਦੇ ਸੰਬੰਧਾਂ ਬਾਰੇ ਪੁਛਿਆ ਤਾਂ ਉਹਨੇ ਕੁਝ ਰੁੱਖੀ ਤਰ੍ਹਾਂ ਕਿਹਾ ਕਿ 'ਮੈਂ ਕਿਸੇ ਦਾ ਹਥਠੋਕਾ ਨਹੀਂ ਹਾਂ।' ਉਹਦੇ ਤਿੰਨ ਬਾਡੀਗਾਰਡਾਂ ਤੋਂ ਇਲਾਵਾ — ਦੋ ਕੋਲ ਸਟੇਨਗੰਨਾਂ ਸਨ ਤੇ ਤੀਜੇ ਕੋਲ ਗੰਨ ਸੀ — ਇੰਡੀਅਨ ਐਡਮਿਨਸਟਰੇਟਿਵ ਸਰਵਿਸ ਦਾ ਅਫਸਰ ਗੁਰਤੇਜ ਸਿੰਘ ਵੀ ਸੀ ਜੀਹਨੇ ਆਂਧਰਾ ਪ੍ਰਦੇਸ਼ ਕਾਡਰ ਤੋਂ ਅਸਤੀਫਾ ਦੇ ਦਿਤਾ ਤੇ ਭਿੰਡਰਾਂਵਾਲੇ ਦੀਆਂ ਸਫ਼ਾਂ ਵਿਚ ਆਣ ਸ਼ਾਮਿਲ ਹੋਇਆ ਸੀ ਤੇ ਉਹਦਾ ਸਲਾਹਕਾਰ ਸੀ, ਤੇ ਉਹਦਾ ਦੁਭਾਸ਼ੀਆ (ਭਿੰਡਰਾਂਵਾਲਾ ਸਿਰਫ ਪੰਜਾਬੀ ਜਾਣਦਾ ਸੀ), ਤੇ ਰਿਟਾਇਰਡ ਮੇਜਰ ਜਨਰਲ, ਨਰਿੰਦਰ ਸਿੰਘ ਭੁਲਰ, ਵੀ ਮੌਜੂਦ ਸੀ ਜੀਹਨੇ ਇਕ ਢਿੱਲੀ ਮੰਜੀ ਉਤੇ ਬਹਿਣ ਤੋਂ ਪਹਿਲਾਂ ਭਿੰਡਰਾਂਵਾਲੇ ਦੇ ਪੈਰ ਛੋਹੇ ਸਨ।

ਜਦੋਂ ਮੈਂ ਯਾਦ ਕਰਵਾਇਆ ਕਿ 1979 ਦੀਆਂ ਗੁਰਦੁਆਰਾ ਤੇ ਲੋਕ-ਸਭਾ ਚੋਣਾਂ ਵਿਚ ਉਹਨੇ ਕਾਂਗਰਸ (ਆਈ) ਦੇ ਉਮੀਦਵਾਰਾਂ ਦੀ ਹਿਮਾਇਤ ਕੀਤੀ ਸੀ ਤਾਂ ਉਹ ਖਿਝ ਗਿਆ। 'ਮੈਂ ਸਿਰਫ ਆਪਣੇ ਆਦਮੀਆਂ ਦੀ ਹਿਮਾਇਤ ਕੀਤੀ ਸੀ,' ਉਹਨੇ ਆਖਿਆ।

ਲੋਕ-ਸਭਾ ਦੇ ਨਤੀਜੇ ਨਿਕਲਣ ਤੋਂ ਤਿੰਨ ਦਿਨ ਪਿਛੋਂ, ਅਕਾਲੀਆਂ ਨੂੰ ਇਕ ਹੋਰ ਧੱਕਾ ਲੱਗਿਆ ਜਦੋਂ ਨਿਰੰਕਾਰੀ ਮੁਖੀ, ਗੁਰਬਚਨ ਸਿੰਘ, ਤੇ ਉਹਦੇ 61 ਅਨੁਯਾਈਆਂ ਨੂੰ ਸਿੱਖ-ਨਿਰੰਕਾਰੀ ਝੜਪ ਦੇ ਸਬੰਧ ਵਿਚ ਚਲਾਏ ਗਏ ਮੁਕੱਦਮੇ ਵਿਚ ਬਰੀ ਕਰ ਦਿਤਾ ਗਿਆ। ਜਦੋਂ 24 ਮਈ 1980 ਨੂੰ ਗੁਰਬਚਨ ਸਿੰਘ ਨੂੰ ਦਿੱਲੀ ਵਿਖੇ ਉਹਦੇ ਨਿਵਾਸ-ਸਥਾਨ ਤੇ ਕਤਲ ਕਰ ਦਿਤਾ ਗਿਆ, ਤਾਂ ਫਸਟ ਇਨਫਰਮੇਸ਼ਨ ਰਿਪੋਰਟ(ਐਫ ਆਈ ਆਰ) ਵਿਚ ਭਿੰਡਰਾਂਵਾਲੇ ਦਾ ਨਾਂ ਦਰਜ ਸੀ, ਤੇ ਉਹਨੇ ਅੰਮ੍ਰਿਤਸਰ ਵਿਖੇ ਗੁਰੂ ਨਾਨਕ ਨਿਵਾਸ ਵਿਚ ਜਾ ਪਨਾਹ ਲਈ ਸੀ।

ਗ੍ਰਹਿ ਮੰਤਰੀ, ਜ਼ੈਲ ਸਿੰਘ, ਭਿੰਡਰਾਂਵਾਲੇ ਨੂੰ ਬਹੁੜਿਆ, ਉਹਨੇ ਪਾਰਲੀਮੈਂਟ ਨੂੰ ਦੱਸਿਆ ਕਿ ਨਿਰੰਕਾਰੀ ਮੁਖੀ ਦੇ ਕਤਲ ਵਿਚ ਭਿੰਡਰਾਂਵਾਲੇ ਦਾ ਕੋਈ ਹਥ ਨਹੀਂ ਹੈ ਭਾਵੇਂ ਉਹਦਾ ਨਾਂ ਗ੍ਰਹਿ ਮੰਤਰਾਲੇ ਦੀਆਂ ਫਾਈਲਾਂ ਵਿਚ ਸੀ।

(ਚਲਦਾ)

ਦੋਸ਼ੀ ਕੌਣ ਹਨ?

(ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਪਿਛੋਂ ਦਿੱਲੀ ਵਿਚ 31 ਅਕਤੂਬਰ ਤੋਂ 10 ਨਵੰਬਰ ਤੱਕ ਹੋਏ ਦੰਗੇ ਫਸਾਦਾਂ ਦੇ ਕਾਰਨ ਅਤੇ ਅਸਰ ਬਾਰੇ ਪੀਪਲਜ਼ ਯੂਨੀਅਨ ਫਾਰ ਡੈਮੋਕਰੈਟਿਕ ਰਾਈਟਸ (ਪੀ. ਯੂ. ਡੀ. ਆਰ.) ਅਤੇ ਪੀਪਲਜ਼ ਯੂਨੀਅਨ ਫਾਰ ਸਿਵਲ ਲਿਬਰਟੀਜ਼(ਪੀ. ਯੂ. ਸੀ. ਐਲ.) ਸਾਂਝੀ ਜਾਂਚ ਕਮੇਟੀ ਦੀ ਰੀਪੋਰਟ ਜੋ ਪਹਿਲਾਂ ਅੰਗਰੇਜ਼ੀ ਵਿਚ ਛਪੀ ਸੀ ਉਸਦਾ ਸਹੀ ਅਨੁਵਾਦ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ: ਜਗਮੋਹਨ ਸਿੰਘ ਹੋਰਾਂ ਨੇ ਕੀਤਾ ਹੈ ਅਤੇ 'ਕੈਨੇਡਾ ਦਰਪਣ' ਨੂੰ 'ਕੈਨੇਡਾ ਦਰਪਣ' ਦੇ ਇਕ ਸੁਹਿਰਦ ਹਿਤੈਸ਼ੀ ਰਾਹੀਂ ਪ੍ਰਾਪਤ ਹੋਇਆ ਹੈ। ਇਹ ਰੀਪੋਰਟ 'ਕੈਨੇਡਾ ਦਰਪਣ' ਦੇ ਪਾਠਕਾਂ ਦੀ ਜਾਣਕਾਰੀ ਲਈ ਲੜੀਵਾਰ ਛਪੇਗੀ। ਅਸੀਂ ਪ੍ਰੋ: ਜਗਮੋਹਣ ਸਿੰਘ ਹੋਰਾਂ ਦੇ ਧੰਨਵਾਦੀ ਹਾਂ ਅਤੇ ਜਮਹੂਰੀ ਅਧਿਕਾਰ ਸਭਾ, ਪੰਜਾਬ ਦੇ ਰਿਣੀ ਹਾਂ — ਸੰਪਾਦਕ)

(ਲੜੀ ਜੋੜਨ ਲਈ 'ਕੈਨੇਡਾ ਦਰਪਣ' ਦਾ ਮਾਰਚ 8 ਵਾਲਾ ਅੰਕ ਦੇਖੋ।)

ਇਸ ਤਰ੍ਹਾਂ ਲਗਦਾ ਹੈ ਕਿ ਉਚ ਪੱਧਰ ਦੇ ਫੈਸਲਾ ਕਰਨ ਵਾਲਿਆਂ ਨੇ ਪੁਲਿਸ ਨੂੰ ਕਿਹਾ ਕਿ ਉਹ ਕਥਿਤ ਮੁਜਰਮਾ ਨੂੰ ਕੁਝ ਨਾ ਕਹੇ। ਕੁਝ ਪੁਲਿਸ ਥਾਣਿਆਂ ਤੋਂ ਪੁੱਛ ਪੜਤਾਲ ਦੌਰਾਨ ਪਤਾ ਲੱਗਿਆ ਕਿ ਪੁਲਿਸ ਵਲੋਂ ਇਹ ਐਲਾਨ ਕੀਤਾ ਗਿਆ ਕਿ ਮਿਥੇ ਸਮੇਂ ਅੰਦਰ ਲੁਟਿਆ ਮਾਲ ਜਮਾਂ ਕਰਾਉਣ ਵਾਲਿਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਏਗੀ। ਇਕ ਉਚ ਪੁਲਿਸ ਅਫਸਰ ਨੇ ਸਾਨੂੰ ਕਿਹਾ ਕਿ ਉਨਾਂ ਨੇ ਇਹ "ਵਲੰਟਰੀ ਡਿਸਕਲੋਜਰ ਸਕੀਮ" (ਲੁੱਟ ਦਾ ਮਾਲ ਖੁਦ ਦਸਣ ਦੀ ਸਕੀਮ) ਚਲਾਈ ਹੈ। ਅਸੀਂ ਸਮਝਦੇ ਹਾਂ ਕਿ ਇਨਸਾਫ ਕਰਨ ਦਾ ਇਹ ਅਜੀਬ ਤਰੀਕਾ ਹੈ। ਲੁਟ ਦਾ ਮਾਲ ਵਾਪਸ ਦੇਣਾ ਮੁਜ਼ਰਮਾ ਲਈ ਕੋਈ ਸਜ਼ਾ ਨਹੀਂ। ਮੁਜ਼ਰਮਾਂ ਨਾਲ ਇਸ ਕਿਸਮ ਦੇ ਸਲੂਕ ਦੀ ਹੋਰ ਕੋਈ ਤੁਕਬੰਦੀ ਨਹੀਂ ਬਣਦੀ। ਇਸ ਨਾਲ ਇਹ ਸ਼ੱਕ ਹੋਰ ਪੱਕਾ ਹੋ ਜਾਂਦਾ ਹੈ ਕਿ ਉਨ੍ਹਾਂ ਨੂੰ ਇਕ ਸੋਚੀ ਸਮਝੀ ਵਿਉਂਤ ਅਧੀਨ ਉਚ ਅਧਿਕਾਰੀਆਂ ਨੇ ਬਚਾਇਆ।

ਕਾਂਗਰਸ (ਆਈ) ਦੀ ਹਾਈ ਕਮਾਂਡ ਵਲੋਂ ਆਪਣੇ ਕੌਂਸਲਰਾਂ ਅਤੇ ਲੀਡਰਾਂ ਵਿਰੁੱਧ ਜਾਂਚ-ਪੜਤਾਲ ਕਰਨ ਤੋਂ ਕਤਰਾਉਣਾ ਸਾਡੇ ਸ਼ੱਕ ਨੂੰ ਹੋਰ ਯਕੀਨੀ ਬਣਾਉਂਦਾ ਹੈ। ਇਥੋਂ ਤੱਕ ਕਿ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੇ ਵੀ ਆਪਣੀ ਪਾਰਟੀ ਦੇ ਬੰਦਿਆਂ ਵਿਰੁੱਧ ਲੱਗੇ ਗੰਭੀਰ ਦੋਸ਼ਾਂ ਨੂੰ ਰੱਦ ਕਰ ਦਿੱਤਾ। 6 ਨਵੰਬਰ ਨੂੰ ਜਦੋਂ ਚੌਧਰੀ ਚਰਨ ਸਿੰਘ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਦਾ ਇਕ ਵਫਦ, ਸ੍ਰੀ ਗਾਂਧੀ ਕੋਲ ਲੈ ਕੇ ਗਿਆ ਤਾਂ ਉਸ ਨੇ ਸ੍ਰੀ ਗਾਂਧੀ ਦਾ, ਇੰਡੀਅਨ ਐਕਸਪਰੈਸ ਵਿਚ ਕੁਝ ਦਿਨ ਪਹਿਲਾਂ ਛਪੀ ਰਿਪੋਰਟ ਵੱਲ ਧਿਆਨ ਦੁਆਇਆ, ਜਿਸ ਵਿਚ ਦੋਸ਼ ਲਾਇਆ ਗਿਆ ਸੀ ਕਿ ਕਾਂਗਰਸ (ਆਈ) ਦੇ ਨੇਤਾ ਆਪਣੇ ਹਮਾਇਤੀਆਂ ਨੂੰ ਰਿਹਾ ਕਰਾਉਣ ਲਈ ਪੁਲਿਸ ਤੇ ਦਬਾਅ ਪਾ ਰਹੇ ਹਨ। ਸ੍ਰੀ ਗਾਂਧੀ ਨੇ ਮੰਨਿਆ ਕਿ ਉਸ ਨੇ ਇਸ ਬਾਰੇ ਸੁਣਿਆ ਹੈ ਅਤੇ ਜੁਆਬ ਦਿਤਾ ਕਿ ਇੰਡੀਅਨ ਐਕਸਪ੍ਰੈਸ ਵਿਰੋਧੀ ਪਾਰਟੀਆਂ ਦਾ ਅਖਬਾਰ ਹੈ ਜਿਵੇਂ ਨੈਸ਼ਨਲ ਹੈਰਾਲਡ ਕਾਂਗਰਸ (ਆਈ) ਦਾ। ਅਗਲੇ ਦਿਨ ਆਲ ਇੰਡੀਆ ਕਾਂਗਰਸ ਕਮੇਟੀ (ਆਈ) ਨੇ ਬਿਆਨ ਦਿਤਾ ਕਿ ਇਹ ਦੋਸ਼ ਬਿਲਕੁਲ ਬਦਨਾਮ ਕਰਨ ਵਾਸਤੇ ਹੈ। 8 ਨਵੰਬਰ ਨੂੰ ਸ੍ਰੀ ਗਾਂਧੀ ਨੇ ਆਪਣੀ ਰੀਪੋਰਟ ਦੇ ਸੀਨੀਅਰ ਸਾਥੀਆਂ ਨੂੰ ਕਿਹਾ ਕਿ ਉਹ ਫਸਾਦਾਂ ਵਿਚ ਕਾਂਗਰਸ(ਆਈ) ਦੇ ਕਾਰਕੁਨਾਂ ਦੀ ਸ਼ਮੂਲੀਅਤ ਬਾਰੇ ਪੁੱਛ-ਪੜਤਾਲ ਕਰਨ। ਪਰ ਅੱਜ ਤੱਕ ਕਿਸੇ ਨੂੰ ਨਹੀਂ ਪਤਾ ਕਿ ਇਹ ਪੜਤਾਲ ਕਿਸ ਕਿਸਮ ਦੀ ਹੋਵੇਗੀ।

ਅਸਲ ਵਿਚ ਸ੍ਰੀ ਜੇ. ਕੇ. ਮੂਪਾਨਰ ਜਿਹੜਾ ਆਲ ਇੰਡੀਆ ਕਾਂਗਰਸ ਕਮੇਟੀ (ਆਈ) ਦੀ ਜਥੇਬੰਦੀ ਦਾ ਇਨਚਾਰਜ ਹੈ, ਨੇ 9 ਨਵੰਬਰ ਨੂੰ ਅਖਬਾਰਾਂ ਨੂੰ ਦੱਸਿਆ ਕਿ ਉਸ ਲੋਕ ਇਸ ਕਿਸਮ ਦੀ ਪੁੱਛ-ਪੜਤਾਲ ਬਾਰੇ ਕੋਈ ਇਤਲਾਹ ਨਹੀਂ।

ਇਹ ਮੰਨਣਾ ਔਖਾ ਹੈ ਕਿ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਆਪ ਵੀ ਪਾਰਟੀ ਦੇ ਅਹਿਮ ਆਗੂ ਅਤੇ ਜਾਣੇ ਪਛਾਣੇ ਮੈਂਬਰਾਂ ਦੀਆਂ ਇਨ੍ਹਾਂ ਪੰਜ ਦਿਨਾਂ(31 ਅਕਤੂਬਰ ਤੋਂ 5 ਨਵੰਬਰ) ਦੌਰਾਨ ਕਾਰਵਾਈਆਂ ਤੋਂ ਅਣਜਾਣ ਹੋਣ। ਸ੍ਰੀ ਗਾਂਧੀ 1982 ਤੋਂ ਆਲ ਇੰਡੀਆ ਕਾਂਗਰਸ ਕਮੇਟੀ(ਆਈ) ਦੇ ਜਨਰਲ ਸਕੱਤਰ ਅਤੇ ਪਾਰਟੀ ਨੂੰ ਮੁੜ-ਜਥੇਬੰਦ ਕਰਨ ਦੇ ਇਨਚਾਰਜ ਰਹੇ ਹਨ ਉਹ ਵੱਖ ਵੱਖ ਥਾਂਵਾਂ ਤੇ ਕਾਂਗਰਸ (ਆਈ) ਦੇ ਕਾਰਕੁਨਾਂ ਦੇ ਸਿਖਲਾਈ ਕੈਂਪਾਂ ਦੀ ਪ੍ਰਧਾਨਗੀ ਕਰਦੇ ਰਹੇ ਹਨ। ਸਾਨੂੰ ਹੈਰਾਨੀ ਹੁੰਦੀ ਹੈ ਕਿ ਸ੍ਰੀਮਤੀ ਗਾਂਧੀ ਦੀ ਪਾਰਟੀ ਦੇ ਮੈਂਬਰ ਐਨੀ ਲੰਮੀ ਸਿੱਖਿਆ ਤੋਂ ਬਾਅਦ ਅਜਿਹੇ ਕਤਲੇਆਮ ਕਿਵੇਂ ਕਰ ਸਕੇ।

7. ਸੰਚਾਰ ਸਾਧਨਾਂ ਅਤੇ ਵਿਰੋਧੀ ਪਾਰਟੀਆਂ ਦਾ ਰੋਲ:

ਭਾਵੇਂ ਅਜੇ ਅਸੀਂ ਫਸਾਦਾਂ ਦੌਰਾਨ ਸੰਚਾਰ ਸਾਧਨਾਂ ਦੇ ਰੋਲ ਬਾਰੇ ਚਰਚਾ ਨਹੀਂ ਕਰਨਾ ਚਾਹੁੰਦੇ। ਇਸ ਸਬੰਧ ਵਿਚ ਕੁਝ ਸ਼ਬਦ ਕਹਿਣੇ ਜ਼ਰੂਰੀ ਬਣਦੇ ਹਨ। ਵੱਖ-ਵੱਖ ਅਖਬਾਰਾਂ ਨੇ 31 ਅਕਤੂਬਰ ਦੀ ਸ਼ਾਮ ਦੇ ਵਿਸ਼ੇਸ਼ ਬੁਲੇਟਿਨਾਂ ਵਿਚ ਧਿਆਨ ਇਸ ਗੱਲ ਤੇ ਕੇਂਦਰਿਤ ਕੀਤਾ ਕਿ ਸ੍ਰੀ ਮਤੀ ਗਾਂਧੀ ਦੇ ਕਾਤਲਾਂ ਵਿਚ "ਦੋ ਸਿੱਖ ਅਤੇ ਇਕ ਮੋਨਾ ਸਿੱਖ ਹੈ।" ਪੱਤਰ ਪ੍ਰੇਰਕਾਂ ਨੇ ਇਹ ਨਾਂ ਸਪਸ਼ਟ ਕੀਤਾ ਕਿ ਖਬਰ ਦੇ ਸੂਤਰ ਸਰਕਾਰੀ ਸਨ ਜਾਂ ਗੈਰ ਸਰਕਾਰੀ। ਨਾ ਹੀ ਇਹ ਸਮਝ ਆਉਂਦਾ ਸੀ ਕਿ ਮੋਨੇ ਦੀ ਸਿੱਖ ਦੇ ਤੌਰ ਤੇ ਸ਼ਨਾਖਤ ਕਿਵੇਂ ਕੀਤੀ? ਅਗਲੇ ਦਿਨਾਂ ਦੀਆਂ ਰਿਪੋਰਟਾਂ ਵਿਚ ਸਾਨੂੰ ਇਹ ਦਸਿਆ ਗਿਆ ਕਿ ਕਾਤਲ ਸਿਰਫ ਦੋ ਹੀ ਸਨ ਅਤੇ ਦੋਵੇਂ ਸਿੱਖ। ਤੀਸਰੇ ਮੋਨੇ ਸਿੱਖ ਦਾ ਕੀ ਬਣਿਆ? ਕਿਸੇ ਅਖਬਾਰ ਨੇ ਇਸ ਭੇਦ ਬਾਰੇ ਅਜੇ ਤੀਕ ਕੋਈ ਗੱਲ ਨਹੀਂ ਕੀਤੀ।

ਪਰ ਤੁਰੰਤ ਅਤੇ ਜ਼ਰੂਰੀ ਸਵਾਲ ਇਹ ਹੈ: ਕੀ ਅਖਬਾਰਾਂ ਨੂੰ ਚਾਹੀਦਾ ਸੀ ਕਿ ਕਾਤਲਾ ਨੂੰ ਇਕਦਮ ਸਿੱਖ ਕਰਾਰ ਦਿੰਦੇ? ਪੰਜਾਬ ਦੇ ਮੌਜੂਦਾ ਹਾਲਾਤ ਦੇ ਪਿਛੋਕੜ ਵਿਚ ਇਸ ਤਰ੍ਹਾਂ ਕਿਸੇ ਫਿਰਕੇ ਦਾ ਜ਼ਿਕਰ ਕਰਨਾ ਫਿਰਕੂ ਜ਼ਜਬਾਤ ਭੜਕਾ ਸਕਾ ਸੀ ਅਤੇ ਫਿਰਕੂ ਨਫਰਤ ਦੇ ਭਾਂਬੜ ਬਾਲ ਸਕਦਾ ਸੀ। ਇਸ ਸੰਬੰਧ ਵਿਚ ਨਵੰਬਰ 1970 ਵਿਚ ਨਵੀਂ ਦਿਲੀ ਵਿਚੇ ਪ੍ਰੈਸ ਇੰਨਸਟੀਚਿਊਟ ਆਫ ਇੰਡੀਆ ਅਤੇ ਭਾਰਤ ਸਰਕਾਰ ਦੀ ਪ੍ਰੈਸ ਇਨਫਾਰਮੇਸ਼ਨ ਬਿਓਰੋ ਦੀ ਸਾਂਝੀ ਸਰਪ੍ਰਸਤੀ ਹੇਠ ਫਿਰਕੂ ਲਿਖਤਾਂ ਤੇ ਹੋਏ ਇਕ ਸੈਮੀਨਾਰ ਦੀਆਂ ਸਿਫਾਰਸ਼ਾਂ ਵੱਲ ਧਿਆਨ ਦੇਣਾ ਲਾਹੇਵੰਦ ਹੈ। ਇਹ ਸਲਾਹ ਦਿੱਤੀ ਗਈ ਕਿ ਕੁਝ ਤੱਥ ਜਿੰਨਾਂ ਨੂੰ ਸਿੱਧਾ ਛਾਪਣ ਤੇ ਹਾਲਾਤ ਵਿਗੜ ਸਕਦੇ ਹਨ ਉਨ੍ਹਾਂ ਨੂੰ ਕੁਝ ਦੇਰ ਮਿੱਥੇ ਸਮੇਂ ਤਕ ਰੋਕਣ ਬਾਅਦ ਛਾਪਿਆ ਜਾਏ।

ਤੀਨ ਮੂਰਤੀ ਹਾਊਸ ਵਿੱਚ ਭੀੜ ਵਲੋਂ ਐਨੇ ਭੜਕਾਊ ਨਾਹਰੇ ਜਿਵੇਂ "ਖੂਨ ਕਾ ਬਦਲਾ ਖੂਨ" ਦਾ ਪ੍ਰਸਾਰਨ ਟੀ. ਵੀ. ਤੋਂ ਸਾਨੂੰ ਸਮਝ ਨਹੀਂ ਆਉਂਦਾ।

ਬਹੁਤੇ ਪੱਤਰਕਾਰਾਂ ਨੇ ਆਪਣਾ ਧਿਆਨ ਕੁੱਝ ਵਿਅਕਤੀਆਂ ਅਤੇ ਗਰੁਪਾਂ ਵੱਲੋਂ ਕੀਤੇ ਜਾ ਰਹੇ ਸਹੀ ਉਪਰਾਲਿਆਂ ਵੱਲ ਕੇਂਦਰਿਤ ਕਰਨ ਦੀ ਥਾਂ, ਮਸ਼ਹੂਰ ਸਿਆਸਤਦਾਨਾਂ ਤੇ ਰੱਖਿਆ। ਦੋ ਨਵੰਬਰ ਨੂੰ ਦੱਖਣੀ ਦਿੱਲੀ ਵਿਚ ਕੁਝ ਹਮਦਰਦ ਸ਼ਹਿਰੀਆਂ ਨੇ ਅਮਨ ਜਲੂਸ ਕਢਿਆ ਜਿਸ ਵਿਚ ਜਨਤਾ ਪਾਰਟੀ ਦੇ ਨੇਤਾ ਸ੍ਰੀ ਚੰਦਰ ਸੇਖਰ ਅਤੇ ਉਸਦੇ ਸਾਥੀ ਸ਼ਾਮਲ ਹੋਏ। ਕੁਝ ਅਖਬਾਰਾਂ ਨੇ ਇਸਨੂੰ ਜਨਤਾ ਪਾਰਟੀ ਦਾ ਮਾਰਚ ਕਰਾਰ ਦੇ ਦਿੱਤਾ। ਇਸਨੇ ਭੁਲੇਖੇ ਖੜੇ ਕੀਤੇ ਜੋ ਸਿਆਸੀ ਪਾਰਟੀਆਂ ਤੋਂ ਆਜ਼ਾਦ ਗਰੁਪਾਂ ਦੀਆਂ ਸਾਰੇ ਸ਼ਹਿਰੀਆਂ ਨੂੰ ਇਕ ਪਲੇਟਫਾਰਮ ਤੇ ਇਕੱਠੇ ਕਰਨ ਦੀਆਂ ਕੋਸ਼ਿਸ਼ਾਂ ਦੇ ਰਾਹ ਵਿਚ ਰੁਕਾਵਟ ਬਣੇ। ਇਨ੍ਹਾਂ ਵਿਚੋਂ ਬਹੁਤੇ ਲੋਕ ਆਪਣੇ ਆਪ ਨੂੰ ਕਿਸੇ ਵੀ ਸਿਆਸੀ ਪਾਰਟੀ ਨਾਲ ਜੋੜਨਾ ਨਹੀਂ ਸਨ ਚਾਹੁੰਦੇ। ਫਸਾਦਾਂ ਨੂੰ ਰੋਕਣ ਵਾਸਤੇ ਅਮਨ ਮਾਰਚ ਵਰਗੇ ਕੰਮਾਂ ਤੋਂ ਪਾਰਟੀ ਸਿਆਸਤ ਨੂੰ ਪਰੇ ਰੱਖਣ ਦੀ ਜ਼ਰੂਰਤ ਨੂੰ ਸਾਡੇ ਪੱਤਰਕਾਰਾਂ ਨੇ ਅਜੇ ਸਮਝਣਾ ਹੈ, ਜਿਨ੍ਹਾਂ ਦੇ ਸਿਰ ਤੇ ਸਿਆਸੀ ਸ਼ਖਸੀਅਤਾਂ ਦਾ ਭੂਤ ਸਵਾਰ ਰਹਿੰਦਾ ਹੈ।

ਹੁਣ ਅਸੀਂ ਵਿਰੋਧੀ ਪਾਰਟੀਆਂ ਦੇ ਰੋਲ ਦਾ ਜ਼ਿਕਰ ਕਰਦੇ ਹਾਂ। ਸਾਨੂੰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ 31 ਅਕਤੂਬਰ ਤੋਂ ਪੰਜ ਨਵੰਬਰ ਤੱਕ ਦੇ ਨਾਜ਼ੁਕ ਦਿਨਾਂ ਵਿਚ ਉਹ ਆਮ ਤੌਰ ਤੇ ਮੌਕੇ ਦੀ ਜ਼ਰੂਰਤ ਮੁਤਾਬਿਕ ਪੂਰੇ ਨਾਂ ਉਤਰੇ। ਜਦੋਂ ਲੁੱਟਮਾਰ, ਸਾੜ-ਫੂਕ ਅਤੇ ਕਤਲੇਆਮ ਦੀਆਂ ਖਬਰਾਂ ਹਰ ਘੜੀ ਸਿਆਸੀ ਪਾਰਟੀਆਂ ਦੇ ਦਫਤਰਾਂ ਵਿਚ ਧੜਾ-ਧੜ ਪੁੱਜ ਰਹੀਆਂ ਸਨ, ਉਨ੍ਹਾਂ ਨੇ ਆਪਣੇ ਕਾਡਰ ਨੂੰ ਨਾਲ ਲੈ ਕੇ ਘਟਨਾਵਾਂ ਵਾਲੀ ਥਾਂ ਤੇ ਪਹੁੰਚਣ, ਹਿੰਸਾ ਨੂੰ ਰੋਕਣ ਅਤੇ ਅਮਨ ਮਾਰਚ ਅਤੇ ਕਮੇਟੀਆ ਜੱਥੇਬੰਦ ਕਰਨ ਦੀ ਕੋਈ ਕੋਸ਼ਿਸ਼ ਨਾ ਕੀਤੀ। ਉਹ ਸਿਰਫ ਪ੍ਰਧਾਨ ਮੰਤਰੀ ਨਾਲ ਰਲ ਕੇ ਅਮਨ ਅਤੇ ਸਦਭਾਵਨਾ ਦੀ ਸਾਂਝੀ ਅਪੀਲ ਕਰਕੇ ਸੁਤੰਸ਼ਟ ਹੋ ਗਏ।

ਤਿੰਨ ਨਵੰਬਰ ਨੂੰ ਤਰਲੋਕਪੁਰੀ ਦੇ ਕਤਲੇਆਮ ਤੋਂ ਬਾਅਦ ਹਮਦਰਦ ਸ਼ਹਿਰੀਆਂ ਨੂੰ ਮਿਲਿਆ। ਕੁੱਝ ਲੋਕਾਂ ਨੇ ਜਨਤਾ ਪਾਰਟੀ ਦੇ ਨੇਤਾ ਸ੍ਰੀ ਚੰਦਰ ਸ਼ੇਖਰ ਨੂੰ ਤੀਨ ਮੂਰਤੀ ਵਿਖੇ ਪ੍ਰਧਾਨ ਮੰਤਰੀ ਕੋਲ ਉਨ੍ਹਾਂ ਦੇ ਵਫਦ ਨੂੰ ਲੈ ਕੇ ਜਾਣ ਲਈ ਕਿਹਾ। ਸ੍ਰੀ ਚੰਦਰ ਸ਼ੇਖਰ ਜੀ ਉਠੇ, ਹੱਥ ਜੋੜੇ ਅਤੇ ਉਚਰੇ: "ਮੈਂ ਇਹ ਨਹੀਂ ਕਰ ਸਕਦਾ। ਮੈਂ ਨਹੀਂ ਚਾਹੁੰਦਾ ਕਿ ਮੇਰੇ ਤੇ ਪ੍ਰਧਾਨ ਮੰਤਰੀ ਦੇ ਮਾਤਮ ਨੂੰ ਖਰਾਬ ਕਰਨ ਦਾ ਦੋਸ਼ ਲੱਗੇ।"

ਲੋਕਾਂ ਦਾ ਰੋਲ:

ਦਿਲੀ ਵਿਚ 31 ਅਕਤੂਬਰ ਤੋਂ 5 ਨਵੰਬਰ ਤੱਕ ਹੋਈਆਂ ਵਾਰਦਾਤਾਂ ਇਕ ਅਜਿਹੀ ਜਥੇਬੰਦ ਗੜਬੜ ਦਾ ਹਿੱਸਾ ਹਨ ਜਿਸ ਨੂੰ ਕੁਝ ਗਰੁਪਾਂ ਦੁਆਰਾ ਬੇਹੱਦ ਬਰੀਕੀ ਨਾਲ ਯੋਜਨਾਬੰਦ ਕੀਤਾ ਗਿਆ। ਇਸ ਲਈ ਜਿੱਥੇ ਪ੍ਰਬੰਧਕੀ ਢਾਂਚੇ ਵੱਲੋਂ ਜਾਣ ਬੁਝ ਕੇ ਦਿਤੀ ਢਿਲ ਅਤੇ ਸੀਨੀਅਰ ਮੰਤਰੀਆ ਅਤੇ ਵਿਰੋਧੀ ਪਾਰਟੀਆਂ ਵਲੋਂ ਵੱਡੇ ਪੱਧਰ ਤੇ ਕੀਤੀ ਅਣਗਹਿਲੀ ਜੁੰਮੇਵਾਰ ਹੈ ਉਥੇ ਪਿਛਲੇ ਦੋ ਸਾਲਾਂ ਦੌਰਾਨ ਪੰਜਾਬ ਵਿਚ ਵਾਪਰੀਆ ਘਟਨਾਵਾ ਕਾਰਨ ਹਿੰਦੂਆਂ ਦੇ ਇਕ ਵੱਡੇ ਹਿੱਸੇ ਦੇ ਮੱਨਾਂ ਵਿਚ ਪਏ ਸਿੱਖਾਂ ਵਿਰੋਧੀ ਸ਼ੱਕ ਅਤੇ ਵੈਰ—ਭਾਵ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਪੰਜਾਬ ਦੇ ਪ੍ਰਮੁਖ ਆਰਥਿਕ ਤੇ ਰਾਜਨੀਤਕ ਮਸਲਿਆਂ ਨੂੰ ਹੱਲ ਨਾ ਕਰਕੇ ਸਿੱਖ ਅੱਤਵਾਦ ਤੇ ਹਿੰਦੂ ਫਿਰਕਾਪ੍ਰਸਤੀ ਨੂੰ ਇਕ ਦੂਜੇ ਤੋਂ ਬਲ ਲੈ ਵੱਧਣ ਫੁਲਣ ਦਾ ਮੌਕਾ ਦੇਕੇ ਅਤੇ ਹਰਿਮੰਦਰ ਸਾਹਿਬ ਤੇ ਫੌਜੀ ਹਮਲੇ ਤੱਕ ਨੌਬਤ ਪੁਚਾ ਕੇ ਹਾਕਮ ਪਾਰਟੀ ਨੇ ਸਿੱਖਾਂ ਵਿਚ ਫਿਰਕੂ ਪਾੜੇ ਦੇ ਬੀ ਬੀਜ ਦਿੱਤੇ ਸਨ।

ਨਤੀਜੇ ਦੇ ਤੌਰ ਤੇ ਜਦੋਂ 31 ਅਕਤੂਬਰ ਨੂੰ ਸਿੱਖਾਂ ਉਤੇ ਜਥੇਬੰਦਕ ਹਮਲੇ (ਨਾ ਕਿ ਆਪ ਮੁਹਾਰਾ ਜਨਤਕ ਉਭਾਰ ਜਿਵੇਂ ਕੁਝ ਲੋਕ ਇਹ ਦਰਸਾਉਣ ਦੀ ਕੋਸ਼ਿਸ਼ ਕਰ ਰਹੇ ਹਨ) ਸ਼ੁਰੂ ਹੋਏ, ਹਿੰਦੂ ਜਨਤਾ ਦੀ ਵੱਡੀ ਗਿਣਤੀ ਇਸ ਨਾਲ ਸਹਿਮਤੀ ਦੀ ਮਨੋਵਰਤੀ ਦਾ ਸ਼ਿਕਾਰ ਹੋ ਗਈ। ਦਿੱਲੀ ਦੇ ਜੁੰਮੇਵਾਰ ਸ਼ਹਿਰੀਆਂ ਦੇ ਵਿਚਾਰ ਕਿਸੇ ਹੱਦ ਤੱਕ ਇਸ ਪ੍ਰਚੱਲਤ ਮਨੋ-ਅਵਸਥਾ ਨੂੰ ਪ੍ਰਗਟਾਉਂਦੇ ਹਨ। ਪੁਲਿਸ ਦਾ ਇਕ ਉਚ ਅਧਿਕਾਰੀ ਇਹ ਕਹਿੰਦਾ ਸੁਣਿਆਂ ਗਿਆ ਕਿ ਸਰਕਾਰ ਹਿੰਸਾ ਨੂੰ ਇਸ ਕਰਕੇ ਨਹੀਂ ਰੋਕ ਰਹੀ ਤਾਂ ਜੋ ਲੋਕ ਆਪਣੀ ਭੜਾਸ ਕੱਢ ਸਕਣ ਅਤੇ ਪੰਜਾਬ ਦੇ ਸਿੱਖਾਂ ਨੂੰ "ਸਬਕ ਸਿਖਾਇਆ ਜਾ ਸਕੇ।" ਜਨੇਵਾ ਵਿਚ ਯੂ. ਐਨ. ਓ. ਲਈ ਕੰਮ ਕਰ ਰਹੇ ਇਕ ਭਾਰਤੀ ਜਿਹੜਾ ਕਿ ਦਿੱਲੀ ਵਿਚ ਸ੍ਰੀ ਮਤੀ ਗਾਂਧੀ ਦੇ ਅੰਤਮ ਸੰਸਕਾਰ ਵਿਚ ਸ਼ਾਮਿਲ ਹੋਣ ਲਈ ਆਇਆ ਸੀ, ਨੇ ਸਾਡੀ ਟੀਮ ਦੇ ਇਕ ਮੈਂਬਰ ਨੂੰ ਦੱਸਿਆ ਕਿ ਇਸ ਭਿਆਨਕ ਹਿੰਸਾ ਦੀ ਖੁੱਲ੍ਹ "ਸਿੱਖਾਂ ਨੂੰ ਸਬਕ ਸਿਖਾਉਣ" ਲਈ ਹੀ ਦਿੱਤੀ ਗਈ ਸੀ। ਜਦੋਂ ਸਾਧਾਰਨ ਲੋਕਾਂ ਦੇ ਦੁਖਾਂਤ ਦੀ ਗਲ ਕੀਤੀ ਤਾਂ ਉਸ ਕਿਹਾ: "ਕੌਣ ਮੁਸੀਬਤ ਵਿਚ ਹੈ?" ਪੰਜਾਬ ਵਿਚ ਸਿੱਖ ਅੱਤਵਾਦੀਆਂ ਵਲੋਂ ਬੇਰੋਕ ਤਬਾਹੀ ਦੇ ਲੰਮੇ ਰਿਕਾਰਡ ਨੇ ਸੰਭਵ ਤੌਰ ਤੇ ਬਦਲਾ ਲਊ ਭਾਵਨਾ ਪੈਦਾ ਕੀਤੀ, ਜਿਸ ਤੋਂ ਉਹ ਲੋਕ ਵੀ ਨਹੀਂ ਬਚ ਸਕੇ ਜਿਹੜੇ ਹਿੰਦੂਆਂ ਵਿਚ ਜੁੰਮੇਵਾਰ ਬੰਦਿਆਂ ਦੇ ਤੌਰ ਤੇ ਜਾਣੇ ਜਾਂਦੇ ਹਨ।

(ਬਾਕੀ ਪੰਨਾ 12 ਤੇ)

(ਪੰਨਾ 11 ਦੀ ਬਾਕੀ)

ਸ਼ਿਕਾਰ ਹੋਏ ਸਿੱਖਾਂ ਦੇ, ਆਪਣੇ ਹਿੰਦੂ ਗੁਆਂਢੀਆਂ ਦੇ ਅਜਿਹੇ ਵਤੀਰੇ ਬਾਰੇ ਕੀ ਵਿਚਾਰ ਹਨ ? ਗੁੜਗਾਉਂ ਵਿਚ ਪੀੜਤ ਸਿੱਖਾਂ ਨੇ ਕਿਹਾ, "ਸਾਡੇ ਸੜ ਰਹੇ ਘਰਾਂ ਨੂੰ ਕੁਝ ਲੋਕ ਛੱਤਾਂ ਉਤੇ ਚੜ੍ਹ ਕੇ ਉਂਵੇਂ ਵੇਖਦੇ ਰਹੇ, ਜਿਵੇਂ ਆਜ਼ਾਦੀ ਦਿਵਸ ਦੀ ਪਰੇਡ ਵੇਖ ਰਹੇ ਹੋਣ ।"

ਇਕ ਵਾਰ ਫੇਰ ਇਸ ਮਨੋਦਸ਼ਾਂ ਨੇ ਹੀ ਹਿੰਦੂ ਜਨਤਾ ਵਿਚ, ਪਾਣੀ ਵਿਚ ਜ਼ਹਿਰ ਘੋਲਣ ਤੋਂ ਲੈ ਕੇ ਹਥਿਆਰਬੰਦ ਸਿੱਖਾਂ ਵਲੋਂ ਗੱਡੀਆ ਵਿਚ ਹਿੰਦੂਆਂ ਤੇ ਖੁਲ੍ਹੇਆਮ ਹਮਲੇ ਕਰਨ ਤੱਕ ਦੀਆਂ ਅਫਵਾਹਾਂ ਉਤੇ ਵਿਸਵਾਸ਼ ਕਰਨ ਲਈ ਰਾਹ ਖੋਹਲਿਆ । ਅਫਵਾਹਾਂ ਉਤੇ ਅਜਿਹੇ ਵਿਸ਼ਵਾਸ਼ ਦਾ ਹੀ ਅਗਲਾ ਕਦਮ ਸੀ, ਉਸ ਹੁੱਲੜਬਾਜੀ ਨੂੰ ਹੁੰਗਾਰਾ ਅਤੇ ਕੁੱਝ ਥਾਵਾਂ ਤੇ ਨੌਜਵਾਨ ਤੇ ਗੁਸੈਲ ਹਿੰਦੂਆਂ ਦੀ ਸਰਗਰਮ ਸ਼ਮੂਲੀਅਤ, ਜਿਹੜੀ 31 ਅਕਤੂਬਰ ਦੀ ਸ਼ਾਮ ਨੂੰ ਸ਼ੁਰੂ ਹੋਈ ।

ਸਿੱਖਾਂ ਵਿਰੋਧੀ ਫਿਰਕੂ ਪਖਪਾਤ ਦੀਆ ਭਾਵਨਾਵਾਂ ਪ੍ਰਬੰਧਕੀ ਢਾਂਚੇ ਦੀਆਂ ਹੇਠਲੀਆਂ ਪਰਤਾਂ ਤੱਕ ਵੀ ਫੈਲ ਚੁੱਕੀਆਂ ਸਨ, ਜਿਵੇਂ ਕਿ ਪੁਲੀਸ ਕਰਮਚਾਰੀਆ ਦੇ ਵਤੀਰੇ ਤੋਂ ਪ੍ਰਤੱਖ ਹੈ, ਜਿਹਨਾਂ ਦੀਆਂ ਲਗਾਮਾਂ ਉਪਰਲੇ ਅਫਸਰਾਂ ਨੇ ਤਿੰਨ—ਚਾਰ ਦਿਨਾਂ ਲਈ ਖੁਲ੍ਹੀਆਂ ਛੱਡ ਦਿੱਤੀਆਂ ਸਨ ।

ਸਿੱਖਾਂ ਦੀ ਇਸ ਦੁਰਦਿਸ਼ਾ ਤੇ, ਆਮ ਜੰਤਾ ਦੇ ਪਰਾਈ ਪੀੜ ਤੇ ਖੁਸ਼ ਹੋਣ ਦੇ ਇਸ ਮੂਡ ਨੇ, ਹਾਕਮ ਪਾਰਟੀ ਦੀ ਸਰਪ੍ਰਸਤੀ ਮਾਣਦੇ ਉਸ ਗਰੁਪ ਦਾ ਸਿਖਾਂ ਦੀ ਵਿਉਂਤਬੰਦ ਤਬਾਹੀ ਤੇ ਕਤਲੇਆਮ ਦਾ ਕੰਮ ਅਸਾਨ ਕਰ ਦਿੱਤਾ ।

ਕੁੱਝ ਸਿੱਖਾਂ ਵਲੋਂ ਸ੍ਰੀ ਮਤੀ ਗਾਂਧੀ ਦੀ ਮੌਤ ਤੇ ਟਾਂਵੇਂ-ਟਾਵੇਂ ਖੁਸ਼ੀ ਦੇ ਪ੍ਰਗਟਾਵੇ ਅਤੇ ਹਿੰਦੂ ਟੋਲਿਆਂ ਵਲੋਂ ਕੀਤੀ ਜਾ ਰਹੀ ਤਬਾਹੀ ਦਾ ਬਹਾਦਰੀ ਨਾਲ ਟਾਕਰਾ ਕਰਨ ਦੀਆਂ ਕੋਸ਼ਿਸ਼ਾਂ ਨੇ ਸਿੱਖਾ ਵਿਰੋਧੀ ਜਜ਼ਬਾਤਾ ਉਤੇ ਕੁੱਝ ਇਲਾਕਿਆਂ ਵਿਚ ਬਲਦੀ ਤੇ ਤੇਲ ਦਾ ਕੰਮ ਕੀਤਾ । ਸੰਭਵ ਹੈ ਕਿ ਟਾਕਰੇ ਦੀਆਂ ਕੋਸ਼ਿਸ਼ਾਂ ਲੁਟੇਰੀ ਭੀੜ ਦੁਆਰਾ ਇਕ ਚੁਣੌਤੀ ਵਜੋਂ ਲਾਈਆ ਗਈਆਂ ਹੋਣ, ਜਿਸਨੂੰ ਕਿ ਹਰ ਕਦਮ ਤੇ ਪੁਲਿਸ ਦੀ ਮੱਦਦ ਦਾ ਭਰੋਸਾ ਸੀ । 31 ਅਕਤੂਬਰ ਦੀ ਰਾਤ ਨੂੰ ਸਿੱਖਾਂ ਵਲੋਂ ਭੰਗੜਾ ਪਾਉਣ ਬਾਰੇ ਵੀ ਸਾਨੂੰ ਕੁੱਝ ਕੁ ਜੁੰਮੇਂਵਾਰ ਗੁਆਂਢੀ ਵਸਨੀਕਾਂ ਕੋਲੋਂ ਰਿਪੋਰਟਾਂ ਮਿਲੀਆਂ । ਅਜਿਹੀਆਂ ਘਟਨਾਵਾਂ ਨੇ ਧੁਖ ਰਹੀ ਸਿੱਖ ਵਿਰੋਧੀ ਦੁਸਮਣੀ ਵਿਚ ਹੋਰ ਵੀ ਵਾਧਾ ਕੀਤਾ ।

ਪਰ ਇਹ ਇਕਾ-ਦੁਕਾ ਘਟਨਾਵਾਂ ਐਨੀਆ ਅਹਿਮ ਨਹੀਂ ਸਨ ਅਤੇ ਸਾਰੇ ਭਾਰਤ ਵਿਚ ਓਸੇ ਤਰੀਖ ਅਤੇ ਓਸੇ ਸਮੇਂ ਸਿੱਖਾ ਵਿਰੁੱਧ ਵੱਡੀ ਪੱਧਰ ਤੇ ਅੰਧਾ-ਧੁੰਦ ਹਿੰਸਾ ਦੇ ਭੜਕ ਉਠਣ ਦੀ ਵਿਆਖਿਆ ਨਹੀਂ ਕਰਦੀਆ ਜਿਹੜੀ ਕਿ ਸਿਰੇ ਦੀ ਵਿਉਂਤ -ਬੱਧ ਦਾਅ ਪੇਚ ਦਾ ਹੀ ਸਿੱਟਾ ਹੋ ਸਕਦੀ ਹੈ ।

ਇਨ੍ਹਾਂ ਬਦਸ਼ਗਨ ਘੜੀਆਂ ਵਿਚ ਹੌਂਸਲੇ ਅਤੇ ਪਹਿਲਕਦਮੀ ਦੇ ਸੰਕੇਤ ਉਹ ਹਿੰਦੂ ਅਤੇ ਮੁਸਲਮਾਨ ਗੁਆਂਢੀ ਸਨ ਜਿਨ੍ਹਾਂ ਨੇ ਮਾਰ ਥਲੇ ਆਏ ਇਲਾਕਿਆਂ ਵਿਚ ਸਿੱਖ ਪਰਿਵਾਰਾਂ ਦੀ ਮੱਦਦ ਕੀਤੀ । ਅਸੀਂ ਰਾਹਤ ਕੈਂਪਾਂ ਵਿਚ ਬਹੁਤ ਸਾਰੇ ਸਿੱਖ ਸ਼ਰਨਾਰਥੀਆ ਨੂੰ ਮਿਲੇ ਜਿਨ੍ਹਾਂ ਨੇ ਵਾਰ ਵਾਰ ਸਾਨੂੰ ਦੱਸਿਆ ਕਿ ਜੇ ਉਨ੍ਹਾਂ ਦੇ ਗੁਆਂਢੀਆ ਨੇ ਮਦਦ ਨਾ ਕੀਤੀ ਹੁੰਦੀ ਤਾ ਉਨ੍ਹਾਂ ਸਾਰਿਆਂ ਦਾ ਕਤਲੇਆਮ ਹੋ ਜਾਂਦਾ ।

3 ਨਵੰਬਰ ਨੂੰ ਕਲਿਆਣਪੁਰੀ ਪੁਲਿਸ-ਸ਼ਟੇਸ਼ਨ ਦੇ ਸਾਹਮਣੇ ਇਕ ਆਰਜ਼ੀ ਕੈਂਪ ਵਿਚ ਅਸੀਂ ਇਕ ਹਿੰਦੂ ਪਰਿਵਾਰ ਨੂੰ ਮਿਲੇ, ਜਿਨ੍ਹਾਂ ਦਾ ਘਰ ਗੁੰਡਿਆਂ ਨੇ ਫੂਕ ਦਿਤਾ ਸੀ ਕਿਉਂਕਿ ਉਨ੍ਹਾਂ ਨੇ ਗੁਆਂਢੀ ਸਿੱਖਾਂ ਨੂੰ ਪਨਾਂਹ ਦਿਤੀ ਸੀ ।

ਭੋਗਲ ਦੇ ਵਸਨੀਕ ਇਕ ਡਾਕ-ਤਾਰ ਮੁਲਾਜ਼ਮ ਨੇ ਸਾਨੂੰ ਦੱਸਿਆ ਕਿ ਕਿਵੇਂ ਓਸ ਦਾ ਮਕਾਨ ਢਾਹ ਕੇ ਆਗ ਲਾ ਦਿੱਤੀ ਗਈ ਸੀ ਕਿਉਂਕਿ ਉਸ ਨੇ ਦੋ ਸਿੱਖਾ ਦੀ ਮੱਦਦ ਕੀਤੀ ਸੀ । ਬਾਅਦ ਵਿਚ ਫੌਜ ਦੀ ਮੱਦਦ ਨਾਲ ਉਸਨੇ ਸਿੱਖਾਂ ਨੂੰ ਫਰੀਦਾਬਾਦ ਆਪਣੇ ਪਿੰਡ ਪੁਚਾ ਦਿੱਤਾ ।

ਇਕ ਵਲੰਟਰੀ ਜਥੇਬੰਦੀ ਦੇ ਮੈਂਬਰਾਂ ਨੇ ਦੋ ਸਿੱਖ ਪ੍ਰੀਵਾਰਾਂ ਨੂੰ ਖੋਜਨ ਦਾ ਕੰਮ ਕੀਤਾ ਜਿਨ੍ਹਾਂ ਨੂੰ ਖਿਚਰੀਪੁਰ ਵਿਖੇ ਹਿੰਦੂਆਂ ਨੇ 3 ਨਵੰਬਰ ਨੂੰ ਸ਼ਰਨ ਦਿਤੀ ਸੀ । ਗਲੀਆਂ ਦੇ ਮੂਹਰੇ ਖੜੀ, ਭੜਕੀ ਹੋਈ ਭੀੜ ਦੀ ਪਰਵਾਹ ਨਾਂ ਕਰਦਿਆ, ਇਕ ਲੋਕਲ ਹਿੰਦੂ ਨੌਜੁਆਨ ਜਥੇਬੰਦੀ ਦੇ ਮੈਂਬਰਾ ਨੂੰ ਉਸ ਗਰੀਬ ਹਿੰਦੂ ਦੇ ਘਰ ਲੈ ਗਿਆ ਜਿਥੇ ਉਨ੍ਹਾਂ ਪਰਿਵਾਰਾਂ ਨੇ ਸ਼ਰਣ ਲੈ ਰਖੀ ਸੀ । ਤੇ ਇਸ ਤਰ੍ਹਾਂ ਉਨ੍ਹਾਂ ਨੂੰ ਬਚਾ ਲਿਆ । ਅਗਲੇ ਦਿਨ ਵਲੰਟੀਅਰ ਰਾਹਤ ਕੈਂਪ ਵਿਚੋਂ ਇਕ ਮਾਤਾ ਦੀ ਬੇਨਤੀ ਉਤੇ ਤ੍ਰਿਲੋਕਪੁਰੀ ਵਿਚ ਉਸ ਦੀ ਧੀ ਨੂੰ ਲੱਭਣ ਗਏ, ਜਿਸਦੀ ਦੇਖਭਾਲ ਇਕ ਹਿੰਦੂ ਪਰਿਵਾਰ ਕਰ ਰਿਹਾ ਸੀ । ਹਿੰਦੂ ਪਰਿਵਾਰ ਨੇ ਕੁੜੀ ਤਾਂ ਵਲੰਟੀਅਰਾਂ ਦੇ ਸਪੁਰਦ ਕਰ ਦਿਤੀ ਪਰ ਦੋ ਸਿੱਖ ਬੱਚੇ ਜਿਨ੍ਹਾਂ ਦੇ ਮਾਪਿਆਂ ਦਾ ਹਾਲੇ ਕੋਈ ਬਹੁਪਤਾ ਨਹੀਂ ਸੀ ਆਪਣੇ ਪਾਸ ਹੀ ਰੱਖ ਲਏ । "ਇਨ੍ਹਾਂ ਦੀ ਦੇਖਭਾਲ ਸਾਡਾ ਇਖਲਾਕੀ ਫਰਜ਼ ਹੈ," ਉਨ੍ਹਾਂ ਕਿਹਾ ।

ਅਜ਼ਾਦਪੁਰਾ ਨੇੜੇ ਇਕ ਹਿੰਦੂ ਮਾਲਕ ਨੇ ਇਕ ਸਿੱਖ ਨੂੰ ਆਪਣੀ ਫੈਕਟਰੀ ਦੇ ਅਹਾਤੇ ਵਿਚ ਲੁਕਾ ਕੇ ਰੱਖਿਆ । ਜਦੋਂ ਭੜਕੀ ਭੀੜ ਨੇ ਸਿੱਖ ਨੂੰ ਹਵਾਲੇ ਕਰ ਦੇਣ ਲਈ ਘੇਰਾ ਪਾ ਲਿਆ ਤਾਂ ਫੈਕਟਰੀ ਮਾਲਕ ਨੇ ਉਸ ਸਿੱਖ ਨੂੰ ਸ਼ੇਵ ਕਰ ਲੈਣ ਦੀ ਸਲਾਹ ਦਿੱਤੀ, ਆਪਣਾ ਸਾਈਕਲ ਉਸ ਨੂੰ ਦਿਤਾ ਜਿਸਦੀ ਮਦਦ ਨਾਲ ਉਹ ਭੀੜ ਦੇ ਵਿਚੋਂ ਦੀ ਲੰਘ ਕੇ ਬਚਣ ਵਿਚ ਸਫਲ ਹੋ ਗਿਆ ।

ਕਰਨਾਲ ਜੀ. ਟੀ. ਰੋਡ ਉਤੇ ਹਿੰਦੂਆਂ ਨੇ ਇਕ ਸਿੱਖ ਡਾਕਟਰ ਦੀ ਕਲੀਨਿਕ ਅਤੇ ਗੁਰਦੁਆਰੇ ਨੂੰ ਅੱਗ ਲਗਣੋ ਬਚਾਇਆ । ਉਸੇ ਏਰੀਏ ਵਿਚ 1 ਤੋਂ 5 ਨਵੰਬਰ ਤੱਕ, ਦਿੱਲੀ ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਵਿਦਿਆਰਥੀਆ ਨੇ ਉਸ ਇਲਾਕੇ ਦੀਆਂ ਗਲੀਆਂ ਨੂੰ ਜਾਂਦੇ ਰਸਤਿਆਂ ਤੇ ਨਿਗਰਾਨੀ ਰਖੀ ਜਿਥੇ ਸਿੱਖ ਵਸਦੇ ਸਨ ।

ਮੁਨੀਰਕਾ ਪਿੰਡ ਅਤੇ ਮੁਨੀਰਕਾ ਕਲੋਨੀ ਵਿਚ ਵਸਦੇ ਹਿੰਦੂਆਂ ਨੂੰ ਦਸ ਸਿੱਖ ਪ੍ਰੀਵਾਰਾਂ ਨੂੰ ਆਪਣੇ ਘਰਾਂ ਵਿਚ ਸੁਰੱਖਿਆ ਦਿਤੀ ।

ਗੁਆਂਢੀ ਹਿੰਦੂ ਨੌਜਵਾਨਾਂ ਨੇ ਇਸ ਸਾਰੇ ਸਮੇਂ ਦੌਰਾਨ ਮਿਓਰ ਵਿਹਾਰ ਦੇ ਤੀਹ ਸਿੱਖ ਪਰਿਵਾਰਾਂ ਦੀ ਰਾਖੀ ਕੀਤੀ । ਉਨ੍ਹਾਂ ਨੇ ਬਾਹਰੋਂ ਆਏ ਗਰੁਪਾਂ ਦੀਆਂ ਹਮਲਾ ਕਰਨ ਦੀਆਂ ਕੋਸ਼ਿਸ਼ਾਂ ਦਾ ਵੀ ਡਟ ਕੇ ਮੁਕਾਬਲਾ ਕੀਤਾ ।

ਵੱਖ ਵੱਖ ਵਸੀਲਿਆਂ ਤੋਂ ਮਿਲੀ ਸੂਚਨਾ ਤੇ ਅਧਾਰਤ ਇਕ ਮੋਟੇ ਅੰਦਾਜ਼ੇ ਮੁਤਾਬਕ ਤਿਰਲੋਕਪੁਰੀ ਵਿੱਚ ਘੱਟੋ ਘੱਟ 600 ਸਿੱਖਾਂ ਦੀਆਂ ਜਾਨਾਂ ਹਿੰਦੂਆਂ ਨੇ ਬਚਾਈਆਂ ਸ਼ਾਹਦਰਾ ਵਿਖੇ ਤਾਇਨਾਤ ਇਕ ਫੌਜੀ ਅਫਸਰ ਅਨੁਸਾਰ ਉਸ ਵਲੋਂ ਵੱਖ ਵੱਖ ਇਲਾਕਿਆਂ ਵਿਚੋਂ ਬਚਾਏ ਸਿੱਖ ਪਰਿਵਾਰਾਂ ਵਿਚੋਂ ਘੱਟੋ ਘੱਟ 70 ਪ੍ਰਤੀਸ਼ਤ ਹਿੰਦੂਆਂ ਦੀ ਹਿਫਾਜ਼ਤ ਵਿੱਚ ਸਨ ।

ਬਹਾਦਰੀ ਦੇ ਇਹ ਕਾਰਨਾਮੇ, ਭਾਵੇਂ ਥੋੜੇ ਹੀ ਸਹੀ, ਸਾਨੂੰ ਯਕੀਨ ਦੁਆਉਂਦੇ ਹਨ ਕਿ ਸਾਡੇ ਦੇਸ਼ ਵਿਚ ਹਾਲੇ ਲੋਕਾਂ ਨੇ ਹੋਸ਼ ਨਹੀਂ ਗੁਆਏ ।

(ਚਲਦਾ)



PRESS RELEASE

The World Sikh Organization (W S O) of Canada's National Executive met here in Ottawa to discuss policy and organizational matters.

In order to speed up the communication process among the Sikhs, the WSO of Canada was formed at the all Canada Sikh Convention held in Toronto on December 1, 1984. It's primary objective is to coordinate the activities of all Sikhs and Sikh organizations; and to work towards acheiving the aspirations of the Sikh Nation for a soveriegn state Khalistan, in order to protect the Sikh identity and faith as ordained by the GURU PANTH.

In persuit of its objectives, the WSO of Canada is committed to conducting its activities in a peaceful manner while chesishing and respecting the legal and democrataic frame work of Canada.

The National Executive of WSO noticed lack of concern expressed by the Canadian Government and the media about the continuing and the blatant denial of the human and civil rights of the Sikhs in Punjab and other parts of India.

The Canadian Sikhs plead for action by our Canadian government, media, and the public at large to help restore human rights and democratic freedoms for the Sikhs in India.

The family members, relatives and co-religionists of the Canadian Sikhs are living in fear in Punjab under the arbitrary powers of arrest and detention of by the Indian government. Untold atrocities, tortures, killings of the Sikhs, particularly of the Sikh Youth are being committed by the Indian government. Trials under draconian laws where the accused is presumed guilty and onus is on the accused to prove his innocence making a mockery of justice and democratic rights of the Sikhs.

These tragic events are taking place well hidden from the free world under censorship of news from Punjab. Foriegn media is not allowed into Punjab and the homeland of the Sikhs remains off limits to all foriegners.

We urge the Canadian government, media and all Canadians to assign and support our sturggle for human, democratic and religious rights for the Sikhs in India by undertaking and calling for investigation of the plight of Sikhs by the international media and other impartial bodies.

The Canadian Sikhs have full faith in the responsiveness of our democratic institutions, media and our fellow Canadians to respond positively to our call for fundamental freedoms and justice for the Sikhs in India.

If the atrocities committed by the Indian government in Punjab are not as severe and of the same nature as the recent pogrom of Sikhs outside of Punjab, there is no reason for this veil of secrecy.

OTTAWA

ਸਾ ਹਿ ਤ ਦ ਰ ਪ ਣ

ਕਹਾਣੀ

ਕਤਲ

ਜਸਵੰਤ ਸਿੰਘ ਵਿਰਦੀ

ਵਾਤਾਵਰਣ ਵਿੱਚ ਜਿਹੜੀ ਸਰਸਰਾਹਟ ਸੀ, ਉਸ ਦਾ ਸ਼ਾਇਦ ਇਹੋ ਹੀ ਮਤਲਬ ਸੀ ਕਿ ਦਰਿਆ ਦੇ ਕਿਨਾਰੇ ਕੋਲ ਕੋਈ ਕਤਲ ਹੋ ਗਿਆ ਸੀ। ਪਰ ਅਗਲੇ ਪਲ ਹੀ ਜਾਪਦਾ ਸੀ ਕਿ ਇਸ ਸਰਸਰਾਹਟ ਦਾ ਕਤਲ ਨਾਲ ਕੋਈ ਸਬੰਧ ਨਹੀਂ ਹੈ।

ਪਰ ਜੇਕਰ ਸਰਸਰਾਹਟ ਨੂੰ ਗਹੁ ਨਾਲ ਸੁਣਿਆ ਜਾਂਦਾ ਤਾਂ ਮਹਿਸੂਸ ਹੁੰਦਾ ਸੀ ਕਿ ਉਸ ਦੇ ਸਾਹਾਂ ਵਿੱਚ ਕੋਈ ਕਹਾਣੀ ਜ਼ਰੂਰ ਥਿਰਕ ਰਹੀ ਹੈ।

ਉਸ ਦਿਨ ਸ਼ਾਮੀਂ ਦਰਿਆ ਕਿਨਾਰੇ ਦੀ ਮਹਿਫ਼ਲ ਮਗਰੋਂ ਥਾਣੇਦਾਰ ਪੁਲ ਉਪਰ ਆ ਕੇ ਸੜਕ ਵਿਚਕਾਰ ਖਲੋ ਗਿਆ ਸੀ, ਭੁੰਨੀ ਹੋਈ ਮੱਛੀ ਨੂੰ ਚਰੂੰਡਦਾ ਹੋਇਆ। ਉਸ ਵੇਲੇ ਉਹਦੀਆਂ ਅੱਖਾਂ ਨਾ 'ਤੇ ਖੁਲ੍ਹੀਆਂ ਸਨ ਅਤੇ ਨਾ ਹੀ ਬੰਦ ! ਪੁਲ ਉਪਰ ਖਲੋਤੇ ਸੁਰਖਿਆ ਦਲ ਦੇ ਸੈਨਿਕ ਨੇ ਉਹਨੂੰ ਬੜੇ ਅਦਬ ਨਾਲ ਸੜਕ ਖੁਲ੍ਹੀ ਛਡ ਦੇਣ ਲਈ ਕਿਹਾ ਤਾਂ ਥਾਣੇਦਾਰ ਉਹਦੇ ਗਲ ਪੈ ਗਿਆ: 'ਓਏ ਮੈਂ ਤਾਂ ਸ਼ਾਮ ਤੋਂ ਪਹਿਲਾਂ ਹੀ ਪੁਲ ਨੂੰ ਖਰੀਦ ਕੇ ਬੋਝੇ ਵਿੱਚ ਪਾ ਲਵਾਂ ! ਤੂੰ ਇਹ ਕੀ ਬਕਵਾਸ ਕਰ ਰਿਹਾ ਏਂ, ਕੁੱਤੇ ਦਿਆ ਤੁਖਮਾਂ !'

ਪਰ ਇਸ ਤੋਂ ਮਗਰਲੀਆਂ ਉਸ ਦੀਆਂ ਆਵਾਜ਼ਾਂ ਕਿਸੇ ਨੇ ਨਹੀਂ ਸੁਣੀਆਂ।

ਥਾਣੇਦਾਰ ਇਕ ਮੱਛੀ ਵਾਂਗ ਫੜਕ ਕੇ ਸੜਕ ਵਿਚਕਾਰ ਡਿੱਗ ਪਿਆ ਸੀ ... ਅਤੇ ਪਲਾਂ ਵਿੱਚ ਹੀ ਜਿਹੜੇ ਖੋਖਿਆਂ ਵਾਲੇ ਤੇ ਟਿੰਬਰ ਦੇ ਆੜ੍ਹਤੀਏ ਉਥੇ ਇਕੱਠੇ ਹੋ ਗਏ ਉਨ੍ਹਾਂ ਨੇ ਸੜਕ ਉਪਰ ਲਹੂ ਦੀ ਝਲਾਰ ਅਤੇ ਵਾਤਾਵਰਨ ਵਿੱਚ ਸ਼ਰਾਬ ਦੀ ਬੂਦੇ ਇਲਾਵਾ ਜੇਕਰ ਕੁਝ ਹੋਰ ਵੀ ਮਹਿਸੂਸ ਕੀਤਾ ਤਾਂ ਉਹ ਕੇਵਲ ਡਰ ਸੀ। ...ਕਿਉਂਕਿ ਇਨ੍ਹਾਂ ਲੋਕਾਂ ਵਿੱਚੋਂ ਕਈਆਂ ਨੇ ਉਹਦੇ ਕੋਲੋਂ ਮੌਰ ਤੁੜਵਾਏ ਹੋਏ ਸਨ ... ਤੇ ਕੀ ਪਤਾ ਹੁਣ ਵੀ ਉਹ ਪਲਾਂ ਵਿੱਚ ਹੀ ਖਲੋ ਕੇ... ? ਪਰ ਦਨਦਨਾਉਂਦੇ ਟਰੱਕ ਨੇ ਉਹਨੂੰ ਇਸ ਕਾਬਿਲ ਨਹੀਂ ਸੀ ਛੱਡਿਆ। ... ਮਹਿਫ਼ਲ ਦੇ ਉਸ ਨਾਲ ਦੇ ਸਾਥੀ ਪਤਾ ਨਹੀਂ ਕਿਧਰ ਗਏ। ਪਤਾ ਨਹੀਂ ਉਹ ਮਰਦ ਸਨ ਕਿ ਜ਼ਨਾਨੀਆਂ।

ਵਾਤਾਵਰਣ ਵਿੱਚ ਹਾਲੇ ਤਕ ਵੀ ਸਰਸਰਾਹਟ ਸੀ ਅਤੇ ਸੜਕ ਲਗਾਤਾਰ ਵਗ ਰਹੀ ਸੀ। ਕੋਈ ਕੋਈ ਗੱਡੀ ਲੰਘ ਜਾਂਦੀ ਅਤੇ ਕੋਈ ਰੁਕ ਵੀ ਜਾਂਦੀ। ਸਿੱਧੀ ਲੰਘਣ ਵਾਲੀ ਬੱਸ ਦੇ ਲੋਕ ਪਤਾ ਨਹੀਂ ਕੀ ਸੋਚਦੇ ਸਨ, ਪਰ ਉਥੇ ਖਲੋਣ ਵਾਲੀ ਬੱਸ ਵਿੱਚ ਅੱਜ ਉਸੇ ਖੂਨ ਦੀ ਚਰਚਾ ਹੋ ਰਹੀ ਸੀ:

ਚੁਗਿਰਦੇ ਵਿੱਚ ਹਾਲੇ ਤੱਕ ਵੀ ਤਲਖੀ ਦਾ ਪ੍ਰਭਾਵ ਫੈਲਿਆ ਹੋਇਆ ਸੀ ਅਤੇ ਲੋਕ ਬੋਲਣਾ ਵੀ ਪਸੰਦ ਨਹੀਂ ਸਨ ਕਰਦੇ ! ਪਰ,

—ਬੱਸ ਵਿੱਚੋਂ ਇਕ ਸਾਂਵਲੀ ਜਿਹੀ ਅਧਖੜ ਜ਼ਨਾਨੀ ਨੇ ਖਲੋ ਕੇ ਕਿਹਾ — 'ਪੁਲਿਸ ਨੇ ਉਸ ਟਰੱਕ ਦੇ ਡਰਾਈਵਰ ਨੂੰ ਜਿਵੇਂ ਬੁਚੜਾਂ ਵਾਂਗ ਕੁਟਿਆ, ਉਸ ਤਰ੍ਹਾਂ ਕਦੀ ਕਸਾਈਆਂ ਨੇ ਵੀ ਬੱਕਰਿਆਂ ਨਾਲ ਨਹੀਂ ਕੀਤੀ।'

'ਚੁਪ ਕਰ ਭੈਣੇ !' ਇਕ ਕੋਨੇ 'ਚੋਂ ਆਵਾਜ਼ ਆਈ — 'ਹਾਲਾਤ ਤਾਂ ਵੇਖ ਕਿਹੜੇ ਨੇ ?'

'ਹਾਲਾਤ ! ਸੱਚ ਬੋਲਣ ਵਿਚ ਕੀ ਭੈੜ ਐ ! ਸੱਚ ਬੋਲਣੋਂ ਤਾਂ ਮੈਂ ਨਹੀਂ ਰਹਿ ਸਕਦੀ ! ਭਾਵੇਂ ਕੋਈ ਮੇਰੀ ਬੋਟੀ-ਬੋਟੀ ਕਰ ਦੇਵੇ !'

'ਇਹ ਜ਼ਨਾਨੀ ਫੜੀ ਜਾਣੀ ਐ !4

'ਕਿਉਂ ?'

'ਸੱਚ ਜੁ ਬੋਲ ਰਹੀ ਐ !'

'ਹਾਂ, ਗੱਲ ਤਾਂ ਠੀਕ ਐ ! ਜਿਹੜੇ ਲੋਕ ਚਰਖੜੀਆਂ ਨਾਲ ਚੀਰੇ ਗਏ, ਜੇਕਰ ਸੱਚ ਨਾ ਬੋਲਦੇ ਤਾਂ ਬਚ ਸਕਦੇ ਸੀ !'

'ਝੱਲੇ ਸਨ ਕਿ ...'

'ਤੇ ਇਹ ਜ਼ਨਾਨੀ ਵੀ....'।

ਪਰ ਉਸ ਜ਼ਨਾਨੀ ਦੇ ਚਿਹਰੇ 'ਤੇ ਕਿਸੇ ਤਰ੍ਹਾਂ ਦਾ ਵੀ ਡਰ ਭਉ ਨਹੀਂ ਸੀ। ਸਗੋਂ ਉਸ ਦੇ ਸਾਂਵਲੇ ਚਿਹਰੇ 'ਤੇ ਲਿਸ਼ਕਦੀਆਂ ਸਵੇਦ ਅੱਖਾਂ ਹੋਰ ਵੀ ਚਮਕੀਲੀਆਂ ਹੋ ਗਈਆਂ ਜਾਪਦੀਆਂ ਸਨ। ਉਹ ਫੇਰ ਬੋਲੀ: 'ਮੇਰਾ ਆਪਣਾ ਮਾਲਿਕ ਵੀ ਪੁਲਿਸ 'ਚ ਈ ਐ ! ਪਰ ਇਹਦੇ ਨਾਲ ਕੀ ਫਰਕ ਪੈਂਦਾ ! ਉਹ ਵੀ ਤਾਂ ਦਿਨੇ ਰਾਤੀਂ ਮੇਰੇ ਹੱਡ ਸੇਕਦਾ !'

'ਤਦੇ ਹੀ...'।

'ਨਹੀਂ...'।

'ਭੈਣ ਮੇਰੀਏ ਚੁੱਪ ਕਰ !'

'ਕਿਉਂ ਚੁਪ ਕਰਾਂ ! ਮੈਂ ਤਾਂ ਸੱਚ ਬੋਲਾਂਗੀ, ਤੁਸੀਂ ਭਾਵੇਂ ਮੈਨੂੰ ਵੀ ਅੰਦਰ ਕਰਵਾ ਦਿਓ !'

'ਤੈਨੂੰ ਅੰਦਰ ਹੋਣ ਦਾ ਬੜਾ ਸ਼ੌਕ ਐ ?'

ਕਿਸੇ ਨੇ ਮਲਕੜੇ ਜਿਹੇ ਕਿਹਾ : 'ਪਤਾ ਨਹੀਂ ਉਹ ਬੰਦੇ ਨਾਲ ਅੰਦਰ ਕੀ ਵਰਤਾਰਾ ਕਰਦੇ ਨੇ ?'

'ਹੌਲੀ ਬੋਲ ! ਅੱਜ ਕਲ੍ਹ ਤਾਂ ਹਵਾ ਵੀ ਸਾਜ਼ਸ਼ੀ ਐ !'

ਇਸ ਗੱਲ ਤੋਂ ਬਾਅਦ ਇਕ ਪਲ ਲਈ ਤਾਂ ਜਾਪਿਆ ਜਿਵੇਂ ਕਿ ਲੋਕ ਸਾਜ਼ਸ਼ੀ ਹਵਾ ਵਿੱਚ ਸਾਹ ਲੈਣੋਂ ਵੀ ਡਰ ਗਏ ਹੋਣ ! ਪਰ ਸਾਹ ਤਾਂ ਲੈਣਾ ਹੀ ਪੈਣਾ ਸੀ ਨਾ ! ...ਅਗਲੇ ਪਲ ਹੀ ਹਵਾ 'ਚ ਆਵਾਜ਼ ਗੂੰਜ ਗਈ:

'ਫੜੋ ਇਹਨੂੰ ! ਇਹ ਬਾਹਰੋਂ ਆਏ ਚਿੱਟ-ਕਪੜੀਏ ਤੇ ਵਰਦੀ ਵਾਲੇ ਪੁਲਸੀਆਂ ਦੀ ਲਲਕਾਰ ਸੀ।

'ਕਿਹੜੀ ਸੀ ?'

ਬੱਸ ਵਿੱਚ ਬਹੁਤੀਆਂ ਜ਼ਨਾਨੀਆਂ ਹੀ ਸਨ।

'ਇਹਨਾਂ 'ਚੋਂ ਹੁਣ ਕਿਵੇਂ ਪਤਾ ਲੱਗੇ ਕਿ ਕਿਹੜੀ ਸੀ ?'

ਸਭਨਾਂ ਜ਼ਨਾਨੀਆਂ ਨੇ ਇਕ-ਦੂਸਰੀ ਵੱਲ ਤੱਕਿਆ, ਪਰ ਕੋਈ ਵੀ ਬੋਲ ਨਾ ਸਕੀ। ਔਰਤ ਕਦੀ ਵੀ ਦਿਲ ਦੀ ਗੱਲ ਨਹੀਂ ਦਸਦੀ।

'ਸਭਨਾਂ ਜ਼ਨਾਨੀਆਂ ਦੇ ਚਿਹਰੇ ਇਕੋ ਜਿਹੇ ਹੀ ਹੁੰਦੇ ਨੇ !' ਕਿਸੇ ਇਕ ਨੇ ਕਿਹਾ।

'ਸਾਰੀਆਂ ਨੂੰ ਹੀ ਲਾਹ ਲਵੋ !' ਕੋਈ ਹੋਰ !—

—'ਤੇ ਚਾੜ੍ਹੋ ਕੁਟਾਪਾ !'

'ਕੋਡੀਆਂ ਕਰਕੇ ਸਾਰੀਆਂ ਦੇ ਹੀ ਪੁੜੇ ਸੇਕ ਦਿਓ !'

—'ਹੇ ਸੱਚੇ ਪਾਤਸ਼ਾਹ' ਬੁੜਬੁੜਾਹਟ ਜਿਹੀ ਫੈਲੀ ਅਤੇ ਬਹੁਤੀਆਂ ਜ਼ਨਾਨੀਆਂ ਨੇ ਪਲ 'ਚ ਹੀ ਮਹਿਸੂਸ ਕੀਤਾ ਜਿਵੇਂ ਉਹਨਾਂ ਦੇ ਪੁੜੇ ਸੇਕੇ ਜਾ ਰਹੇ ਹੋਣ ! ...ਪਰ ਉਹ ਲੋਕ ਕੇਵਲ ਘੂਰੀ ਪਾ ਕੇ ਹੀ ਵਾਪਸ ਪਰਤ ਗਏ। ਉਹਨਾਂ ਦੀ ਉਹ ਘੂਰੀ ਹਾਲੇ ਤਕ ਵੀ ਬਸ ਦੇ ਵਾਤਾਵਰਣ ਵਿੱਚ ਲਟਕ ਰਹੀ ਸੀ।

ਕਿਸੇ ਬਜ਼ੁਰਗ ਨੇ ਉਸ ਘੂਰੀ ਨੂੰ ਜਾਂ ਪਰਤ ਰਹੇ ਸਿਪਾਹੀਆਂ ਨੂੰ ਕਿਹਾ:

—'ਚਲੋ ਫੇਰ ਵੀ ਜ਼ਨਾਨੀਆਂ ਹੀ ਨੇ !'

'ਫੇਰ, ਉਹਨਾਂ ਦੇ ਜਾਣ ਤੋਂ ਬਾਅਦ ਇਕ ਆਵਾਜ਼ ਨੇ ਕਿਹਾ —'ਵੇਖ ਲਿਆ, ਹਾਲਾਤ ਕਿਹੜੇ ਨੇ ?'

'ਹਾਲਾਤ ? ਮੈਂ ਤਾਂ ਸ਼ਹੀਦਾ ਦੇ ਦਰਸ਼ਨਾਂ ਨੂੰ ਚਲੀ ਹਾਂ ...ਹੁਣ ਵੀ ਝੂਠ ਬੋਲਾਂ ਤਾਂ ਲੱਖ ਲਾਹਣਤ ਹੈ ਜੀਉਣੇ ਤੇ।'

ਬਸ ਵਿੱਚ ਉਦਾਸੀ ਫੈਲ ਗਈ।

ਜਦੋਂ ਕੋਈ ਇਕ ਹੋਰ ਬੰਦਾ ਬੋਲਣ ਲੱਗਾ ਤਾਂ ਦੂਸਰੇ ਨੇ ਕਿਹਾ:

'ਚੁਪ ਕਰੋ ... ! ਬਸ ਸ਼ਹੀਦਾਂ ਨੂੰ ਯਾਦ ਕਰੋ !' ●

ਵਿਅੰਗ ਨਹੀਂ:

ਤਾਊ ਖੜ੍ਹਾ ਮੇਨ ਤੇ, ਨਹੀਂ ਕਿਸੇ ਦੀ ਖੈਰ!

- ਹਰਭਜਨ ਹਾਂਸ

ਜਦੋਂ ਮੈਨੂੰ ਪਤਾ ਚਲਿਆ ਕਿ ਇੰਡੀਆ ਤੋਂ ਮੇਰਾ ਸਾਹਿਤਕ ਤਾਊ ਕੁੱਝ ਦਿਨਾਂ ਵਾਸਤੇ ਕੈਨੇਡਾ ਬਹੁੜਿਆ ਹੋਇਆ ਤਾਂ ਚਿੱਤ ਬੜਾ ਖੁਸ਼ ਹੋਇਆ। ਆਹ ਕੁਚੱਜੇ ਜਿਹੇ ਮੁਲਕ 'ਚ ਮਨ ਚੱਜ ਦੀ ਗੱਲ ਕਰਨ ਖੁਣੋਂ ਵੀ ਤਰਸਿਆ ਪਿਆ ਸੀ। ਊਂ ਤਾਂ ਇਸ ਤਾਊ ਨੇ ਪੁਰਾਤਨ-ਯੁੱਗ ਦੇ ਛਟੇ ਹੋਏ ਦਿਮਾਗਾਂ ਵਾਲੇ ਕਈ ਮੁੰਡੇ-ਕੁੜੀਆਂ ਦੇ, ਜਿਨ੍ਹਾਂ ਨੂੰ ਸਾਹਿਤਕ-ਬੋਲੀ 'ਚ ਆਸ਼ਕ-ਮਸ਼ੂਕ ਕਹਿੰਦੇ ਨੇ, ਕਿੱਸੇ ਕਲਮ-ਬੱਧ ਕੀਤੇ। ਪਰ ਨਾਂ ਤਾਂ ਤਾਊ ਦਾ ਦਿਮਾਗ ਕਦੇ ਅੱਗ-ਲਾਊ-ਸਾਹਿਤ ਵੱਲ ਗਿਆ ਤੇ ਨਾ ਵਿਚਾਰੇ ਕੋਲ ਕੈਨੇਡਾ, ਅਮਰੀਕਾ ਜਾਂ ਇੰਗਲੈਂਡ ਦੇ ਡਾਲਰ ਜਾਂ ਪੌਂਡ ਸਨ ਕਿ ਕਿਸੇ ਪਬਲਿਸ਼ਰ ਦੇ ਮੱਥੇ ਮਾਰ ਭਾਵੇਂ ਕਿਸੇ ਵੀ ਅੰਟ-ਸੰਟ ਨੂੰ ਕਿਤਾਬਾਂ ਦੇ ਪੰਨਿਆਂ ਤੇ ਕੈਦ ਕਰ ਦਿੰਦਾ। ਨਤੀਜਾ ਇਹ ਕਿ ਕਈ ਸੁਹਣੀਆਂ ਕ੍ਰਿਤਾਂ ਦਾ ਖਾਲਕ ਹੋਣ ਦੇ ਬਾਵਜੂਦ ਉਹ ਸਾਰੀ ਉਮਰ ਸਾਹਿੱਤਕਾਰ ਤਾਊ ਨਾ ਬਣ ਸਕਿਆ, ਬਸ ਮੇਰੇ ਵਰਗੇ ਚੰਦ ਕੁ ਭਤੀਜਿਆਂ ਨੇ ਉਹਨੂੰ ਸਾਹਿਤਕ ਤਾਊ ਦਾ ਖਿਤਾਬ ਬਖਸ਼ ਦਿੱਤਾ ਸੀ। ਭਾਵੇਂ ਸਾਨੂੰ ਪਤਾ ਸੀ ਕਿ ਸਾਡਾ ਬਖਸ਼ਿਆ ਇਹ ਖਿਤਾਬ ਓਨਾ ਹੀ ਥੋਥਾ ਹੈ, ਜਿੰਨਾਂ ਕਿ ਕੈਨੇਡਾ ਦੀਆਂ ਕਈ ਸਾਹਿਤ-ਸਭਾਵਾਂ ਦੇ ਵਧੀਆ ਲਿਖਾਰੀਆਂ ਨਾਲ ਜੁੜੇ ਪੰਜ-ਪੰਜ ਸੌ ਡਾਲਰ ਵਾਲੇ ਘਟੀਆ ਨਾਮਾਂ ਵਾਲੇ ਘਟੀਆ ਇਨਾਮ!

"ਤੇ ਤਾਊ, ਇਹਨੂੰ ਆਂਹਦੇ ਆ ਮੇਨ ਸਟਰੀਟ ਗੋਇਆ ਪੰਜਾਬੀ ਮਾਰਕੀਟ ਯਾਨਿ ਵੈਨਕੂਵਰ ਦਾ ਚੌੜਾ ਬਾਜ਼ਾਰ!" ਐਤਵਾਰ ਦੀ ਇਕ ਸ਼ਾਮ ਨੂੰ ਮੇਨ ਤੇ ਕਾਰ 'ਚੋਂ ਉਤਰਦਿਆਂ ਮੈਂ ਤਾਊ ਨੂੰ ਮੁਖਾਤਿਬ ਹੋਇਆ।

"ਵਾਹ ਉਏ ਭਤੀਜ! ਕਿਆ ਬਾਤਾਂ!!" ਤੇਜ਼ ਚਲਦੀਆਂ ਕਾਰਾਂ 'ਚ ਬਿਰਤੀ ਗੁੰਮ ਗਈ ਤਾਊ ਦੀ। "ਆ ਤਾਊ, ਤੈਨੂੰ ਆਪਣੇ ਪਿੰਡ ਆਲ੍ਹੇ ਕਰਮੇਂ ਦੇ ਮੁੰਡੇ ਨੂੰ ਮਲ੍ਹਾਵਾਂ! ਜਿਹੜਾ ਐਥੇ ਕੱਪੜੇ ਦੀ ਦੁਕਾਨ ਕਰਦਾ!"

"ਕਰਮੇ ਦਾ ਮੁੰਡਾ ਤੇ ਕੱਪੜੇ ਦੀ ਦੁਕਾਨ?" ਤਾਊ ਦਾ ਮੂੰਹ ਟੱਡਿਆ ਰਹਿ ਗਿਆ, "ਉਏ ਕਰਮੇਂ ਨੂੰ ਤਾਂ ਲੱਠੇ ਤੇ ਪਾਪਲੀਨ ਦੇ ਫਰਕ ਦਾ ਨੀਂ ਸੀ ਪਤਾ, ਤੇ.......!"

"ਤੇ ਇੱਥੇ ਓਹਦਾ ਲਖਤੇ-ਜਿਗਰ ਗਜਾਂ ਦੇ ਗਜ ਚੰਨ-ਪ੍ਰਦੇਸੀ ਤੇ ਲੌਂਗ ਦੇ ਲਿਸ਼ਕਾਰੇ ਵੇਚਦਾ!" "ਉਹ ਕੀ ਹੁੰਦੇ ਆ, ਭਤੀਜ?" "ਲੱਠਾ ਤੇ ਪਾਪਲੀਨ!

ਅਗਾਂਹ ਗਏ ਤਾਂ ਇੱਕ ਟੈਕਸੀ ਵਾਲਾ ਬੁੱਢੀ ਗੋਰੀ ਦੀ ਗਰੋਸਰੀ ਬੱਘੀ 'ਚੋਂ ਚੁੱਕ ਟੈਕਸੀ ਵਿੱਚ ਰੱਖ ਰਿਹਾ ਸੀ। "ਤਾਊ ....ਔਹ ਬੰਦੇ ਨੂੰ ਪਛਾਣਦਾ?" ਇਸ਼ਾਰਾ ਕਰਦੇ ਮੈਂ ਕਿਹਾ, "ਸੂਜਾਪੁਰ ਆਲੇ ਮੁਹਿੰਦਰ ਸਿਓਂ ਦਾ ਮੁੰਡਾ!" ,,ਕੀ "ਕੀ ਕਿਹਾ? ਮੁਹਿੰਦਰ ਸਿਓਂ ਦਾ ਮੁੰਡਾ?" ਤਾਊ ਲਈ ਜਿਵੇਂ ਕੋਈ ਅਣਹੋਣੀ ਵਾਪਰ ਗਈ ਸੀ, "

ਉਏ ਭਤੀਜ ! ਸੂਜਾਪੁਰ ਆਲੇ ਸਰਦਾਰ ਮੁਹਿੰਦਰ ਸਿਓਂ ਦਾ ਮੰਡਾ ਗੋਰੀ ਦਾ ਸੌਦਾ-ਪੱਤਾ ਜਾ ਕੇ ਕਾਰ 'ਚ ਰਖਦਾ....ਓਏ ਇਹਦੇ ਪਿਓ ਨੇ ਤਾਂ ਕਦੇ ਹਥੀਂ ਨਲਕਾ ਗੇੜਕੇ ਪਾਣੀ ਨਹੀਂ ਸੀ ਪੀਤਾ !"

"ਵੈਸੇ ਤਾਊ ਜੀ, ਸੂਜਾਪੁਰੀਏ ਸਰਦਾਰ ਦਾ ਮੰਡਾ ਆਵਦੇ ਪਿਓ ਤੋਂ ਘੱਟ ਨੀਂ....ਇਥੇ ਨਲਕਾ ਗੇੜਕੇ ਹੱਥੀ ਪਾਣੀ ਇਹਨੇ ਵੀ ਨੀਂ ਪੀਤਾ !....ਤਾਊ, ਆਹ ਲੇਖਕਾਂ-ਲੂਖਕਾਂ ਨੂੰ ਮਿਲਣਾ-ਗਿਲਣਾ," ਮੇਨ ਦੀ ਵਾਅਵਾ ਧੂੜ ਫੱਕਣ ਬਾਅਦ ਮੈਂ ਕਿਹਾ।

"ਕਿਉਂ ਨੀਂ ਭਤੀਜ ! ਲੇਖਕਾਂ ਦੇ ਦਰਸ਼ਣ ਕਰਾਂਦੇ ਤਾਂ ਧੰਨ-ਭਾਗ ! ਨਾਲੇ ਲੇਖਕ ਤੇ ਨਾਲੇ ਕੇਨੇਡਾ ਦੇ......ਓਏ ਹਰੇਕ ਦੀਆਂ ਪੰਜ-ਪੰਜ, ਛੇ-ਛੇ ਕਿਤਾਬਾਂ ਛਪੀਆਂ ਪਈਆਂ ...... ਭਤੀਜ, ਨਿਗ੍ਹਾ ਕੰਮਜੋਰ ਆ,, ਪੜ੍ਹੀ ਤਾਂ ਹੁਣ ਕਿਤੇ ਕੋਈ ਕਿਤਾਬ ਹੈਨੀਂ, ਪਰ ਕਿਤਾਬਾਂ ਕੇਨੇਡਾ ਆਲੇ ਲੇਖਕਾਂ ਦੀਆਂ .... ਕਿਆ ਦੱਖ ਆ !"

"ਚੰਗਾ ਰਿਹਾ ਤਾਊ, ਕੰਮਜੋਰ ਨਿਗ੍ਹਾ ਦਾ ਆਵੀ ਫਾਇਦਾ ! ਬੱਸ ਦੱਖਈ ਦੱਖ ਆ, ਕਿਉਂਕਿ ਅੰਦਰ ਤਾਂ ਝੱਖਈ ਝੱਖ ਆ। ਤਾਊ, ਤੂੰ ਕਦੇ ਕੁੜੀਆਂ ਬੋਲੀ ਪਉਂਦੇ ਸੁਣੀਆਂ ...... ਅਖੇ, ਰਾਮ-ਸੱਤ ਕੁੜੀਆਂ ਦੀ, ਤੂੰ ਕੀ ਜਾਣਦਾ, ਪਤੀਲੇ ਦਿਆ ਢੱਕਣਾ ! ਸੋ ਓਹੀ ਗੱਲ ਹੈ ......, ਆਖੇ, ਕਵਿਤਾ ਕੈਨੇਡਾ ਦੀ, ਤੂੰ ਕੀ ਸਮਝੇਂ ਬਠਿੰਡੇ ਆਲੇ ਤਾਊ ਜੀ !'

"ਫੇਰ ਵੀ ਭਤੀਜ ...... ਕੈਨੇਡੇ ਆਲੇ ਲਿਖਾਰੀ ਲਿਖਦੇ ਕਹਿਜਾ ?"

"ਤਾਊ, ਆਪਣੇ ਪਿੰਡ ਆਲਾ ਸੀ ਨਾ ਚੰਦ ਬਾਹਮਣ ਦਾ ਮੁੰਡਾ ...... ਜਗਰਾਵਾਂ ਆਲੇ ਕੁਲਵੰਤ ਡਾਕਟਰ ਕੋਲ ਛੇ ਕੁ ਮਹੀਨੇ ਲਾਕੇ ਦੋ ਗਜ਼ ਦਾ ਫੱਟਾ ਲਾਕੇ ਦੁਕਾਨ ਪਾਕੇ ਬਹਿ ਗਿਆ ...... ਕੈਂਸਰ ਤੋਂ ਲੈਕੇ ਜੁਕਾਮ ਤੱਕ ਦਾ ਸਪੈਸ਼ਲਿਸਟ ਸੀ ਉਹ ! ਭਾਵੇਂ ਜਿਹੜਾ ਉਹਤੋਂ ਦਵਾਈ ਲੈਂਦਾ, ਪਿਛਲਿਆਂ ਨੂੰ ਇਹੀ ਕਹਿਣਾ ਪੈਂਦਾ ......'ਉਹ ਜੀ ਕਿਸਮਤ ਅੱਗੇ ਕਾਹਦਾ ਜੋਰ ! ਐਨੀ ਕੁ ਲਿਖੀ ਦੀ !! ਉਹੀ ਹਾਲ ਇਥੋਂ ਦੇ ਸਾਹਿਤ-ਡਾਕਟਰਾਂ ਦਾ ......ਕਵਿਤਾ, ਕਹਾਣੀ, ਨਾਟਕ, ਨਜਮ...... ਬਸ ਪੁਛ ਨਾ ਤਾਊ ਇਥੋਂ ਦੀ ਸਾਹਿਤ-ਮੰਡੀ ਦੀ ਬਾਤ ! ਐਨੀਆਂ ਤਾਂ ਸੇਫ.-ਵੇ 'ਚ ਤਰਕਾਰੀਆਂ ਦੀਆਂ ਕਿਸਮਾਂ ਨੀਂ ਹੁੰਦੀਆਂ, ਜਿੰਨੀਆਂ ਇਥੇ ਸਾਹਿਤ-ਵੰਨਗੀਆਂ ਨੇ ! ਇਥੋਂ ਦੇ ਕੁਝ ਭਦਰ-ਪੁਰਸ਼ਾਂ ਨੇ ਤਾਂ ਪੰਜਾਬੀ ਸਾਹਿਤ ਨੂੰ ਗਾਲੀ-ਗਲੋਚ ਦਾ ਸਾਹਿਤ ਵੀ ਪ੍ਰਦਾਨ ਕੀਤਾ ਹੈ। ਗਿਆਨੀ ਜੈਲ ਸਿਉਂ ਨੂੰ ਤਾਂ ਚਾਹੀਦਾ ਕਿ ਏਸ ਬੰਦਿਆਂ ਨੂੰ ਸਾਹਿਤ-ਰਤਨ ਦੀ ਉਪਾਧੀ ਬਖਸ਼ੇ। ਪਿਛੇ ਜਿਹੇ ਕੁਝ ਸੱਜਣਾ ਨੇ ਤਾਂ ਗੁਰੂ ਗੋਬਿੰਦ ਸਿੰਘ ਮਹਾਰਾਜ ਦੇ ਨਾਮ ਹੇਠ ਗੁਰਬਾਣੀ ਵੀ ਰਚਣੀ ਸ਼ੁਰੂ ਕਰਤੀ ...... ਇਕ ਬਾਤ ਹੋਰ ਤਾਊ ?"

ਉਹ ਵੀ ਬੋਲ, ਭਤੀਜ !"

"ਇਥੇ ਪੰਜਾਬੀ ਦੇ ਕੁਝ ਪਰਚੇ ਛਪਦੇ ਨੇ। ਤਾਊ, ਆਪਣੇ ਪਿੰਡ ਆਲੇ ਰੰਜੋ ਦੀਆਂ ਦੋਨੇ ਤੀਵੀਆਂ ਆਪਸ 'ਚ ਓਨੀਆਂ ਨੀ ਸੀ ਲੜਦੀਆਂ, ਜਿੰਨੇ ਇਥੇ ਦੇ ਅਖਬਾਰ ! ਵੈਸੇ ਤਾਊ ਜੀ, ਅਖਬਾਰ ਦਾ ਸੰਪਾਦਕ ਹੋਕੇ ਗਾਲ੍ਹਾਂ ਕਢਣੀਆਂ ਤੇ ਲਿਖਣੀਆਂ ਸੰਕੀਰਣਤਾ ਦੀ ਨਿਸ਼ਾਨੀਆਂ, ਘਟੀਆ ਮਨੁੱਖ ਹੋਣ ਦਾ ਚਿੰਨ ਹੈ ...... ਪਰ ਜੀਹਨੇ ਬਜਾਰ 'ਚ ਵਿਕਣਾ, ਜੇ ਉਹ ਚੰਗੀ ਗਲ ਲਿਖਣ ਜੋਗਾ ਨਹੀਂ, ਤਾਂ ਗਾਲ੍ਹਾਂ ਈ ਕੱਢੂ ! ਤੇ ਇਥੋਂ ਦੇ ਲੇਖਕ ? ਤਾਊ, ਲੇਖਕ ਦਾ ਧਰਮ, ਲੇਖਕ ਦਾ ਕਰਮ, ਲੇਖਕ ਦੀ ਜਾਤ, ਲੇਖਕ ਦੀ ਰਹਿਤ ਸਭ ਉਹਦੀ ਲਿਖਤ ਹੁੰਦਾ। ਪਰ ਕੈਨੇਡਾ ਦੇ ਥੋੜੇ ਜਿਹੇ 'ਉਤਕ੍ਰਿਸ਼ਟ' ਲੇਖਕ ਕਹਾਣੀ ਦੇ ਸੀਰਸਕ 'ਚ ਜੋ ਊਲ-ਜਲੂਲ ਲਿਖਦੇ ਨੇ, ਉਹ ਪੜ੍ਹਕੇ ਸੋਚੀਦਾ, ਜੇ ਇਹ ਕਹਾਣੀ ਆ ਤਾਂ ਊਲ-ਜਲੂਲ ਕੀ ਹੁੰਦਾ ? ਇੰਜ ਸਮਝ ਤਾਊ, ਗਾਲੂ -ਅਖਬਾਰ ਵੇਸਵਾ ਹੈ, ਤੇ ਏਸ ਤਰ੍ਹਾਂ ਦੇ ਲੇਖਕ ਵੇਸਵਾ ਦੇ ਦਲਾਲ ਯਾਣਿ ਪਿੰਪ ! ਮੈਂ ਐਥੋਂ ਦੇ ਇਨਾਮ-ਜੇਤੂ ਲੇਖਕਾਂ ਦੀਆਂ ਕਹਾਣੀਆਂ ਪੜ੍ਹਕੇ ਇਕ ਵੀ ਪੰਜਾਬੀ ਲਫਜ ਨੀਂ ਸਿਖਿਆ, ਹਾਂ ਗਾਲਾਂ ਕਢਣੀਆਂ ਜਰੂਰ ਸਿਖ ਗਿਆ ...... ਕਹੋਂ ਤੇ ਖਿਦਮਤ 'ਚ ਪੇਸ਼ ਕਰਾਂ ?"

"ਚਲ ਛੱਡ, ਜਿਥੇ ਹੈਣ, ਢਕੇ ਰਹਿਣ !......ਭਲਾ ਔਹ ਮੁੰਡੇ-ਖੁੰਡੇ ਕੌਣ ਆ ?" ਮੇਨ ਤੇ ਇਕ ਹੋਟਲ ਲਾਗੇ ਜੀਨ-ਜੈਕਟਾਂ ਪਹਿਨੀ ਕੁਝ ਨੌ-ਜੁਆਨਾਂ ਵਲ ਇਸ਼ਾਰਾ ਕਰਦਾ ਤਾਊ ਬੋਲਿਆ।

"ਕੀ ਵਿਸ਼ੇਸ਼ਣ ਦਵਾਂ ਇਹਨਾਂ ਨੂੰ ਤਾਊ ? ਇਹ ਇੰਡਿਆ ਤੋਂ ਇਮਪੋਰਟਡ ਹੋਏ ਮਿਰਜੇ ਦੇ ਭਾਣਜੇ ਨੇ, ਪੁੰਨੂੰ ਦੇ ਭਤੀਜੇ ਨੇ। ਕਹਿੰਦੇ ਨੇ ਕੁੱਤੇ ਦੀ ਪੂਛ ਬਾਰਾਂ ਸਾਲ ਬੋਤਲ 'ਚ ਪਾਈ ਰੱਖੀ, ਕੱਢੀ ਤਾਂ ਵਿੰਗੀ ਦੀ ਵਿੰਗੀ ! ਆਹ ਗੋਰਿਆਂ ਦੇ ਮੁਲਕ 'ਚ ਅਸੀਂ ਯਾ, ਓ.ਕੇ. ਕਹਿਣ ਸਿਖਗੇ, ਬੇਵੀ-ਸ਼ਾਵਰ ਵਰਗੀਆਂ ਫੂਹੜ-ਰਸਮਾਂ ਦੇ ਸ਼ੁਕੀਨ ਹੋਗੇ, ਮੈਰਿਜ-ਐਨੇਵਰਸਰੀਆਂ ਹੋਟਲਾਂ 'ਚ ਮਨਾਣ ਲਾਗੇ, ਬਰਥਡੇ ਮਨਾਉਣ ਲਾਗੇ ਭਾਵੇ ਸਾਡੇ ਚੋਂ ਅੱਧਿਆਂ ਦੀ ਬਰਥ-ਡੇਟ ਕੈਨੇਡਾ 'ਚ ਘੁਮਣ ਖਾਤਰ ਜਾਅਲੀ ਹੈ ...... ਸਾਡੇ ਬਲਵਿੰਦਰ ਸਿੰਘ ਮਿਸਟਰ ਬਿੱਲ ਬਣਗੇ ਤੇ ਹਰਚਰਨ ਸਿੰਘ ਮਿਸਟਰ ਹੈਰੀ ! ਚਮੜੀ ਵੀ ਥੋੜ੍ਹੀ-ਬਾਹਲੀ ਚਿੱਟੀ ਹੋਗੀ, ਪਰ ਦਿਮਾਗ ਪੱਖੋਂ ਕਾਲੇ ਈ ਰਹੇ। ਆਪਣੇ ਮੁਲਕ ਦੀਆਂ ਕੁੜੀਆਂ-ਚਿੜਿਆਂ ਨੂੰ ਸੀਟੀਆਂ ਤੇ ਸੈਨਤਾਂ ਮਾਰਨਾਂ ਇਹਨਾਂ ਰਾਂਝੇ ਦੇ ਚੇਲਿਆਂ ਦਾ ਸ਼ੌਕ ਹੈ !"

ਛੱਡ ਭਤੀਜ, ਕਰੂ ਤੇ ਭਰੂ।"

"ਮਕੋ ਕਲਯੁਗੀ ਜੀਵਾਂ ਦੀ ਬਾਤਾਂ, ਤਊ ! ਚਲ ਗੁਰੂ-ਘਰ ਚੱਲੀਏ, ਕੁਝ ਮਨ ਨੂੰ ਸ਼ਾਂਤੀ ਮਿਲੇ।" ਕਹਿ ਤਾਊ ਨੂੰ ਮੈਂ ਗੁਰੂ-ਘਰ ਲੈ ਤੁਰਿਆ। ਵਾਹਵਾ ਰੌਣਕ ਸੀ। ਕੋਈ ਤਖਤ ਕੇਸਗੜ੍ਹ ਦਾ ਰਾਗੀ ਕੋਈ ਸੀਸ਼ਗੰਜ ਦਾ ਪਾਠੀ। ਵਾਹਵਾ ਰੰਗ ਬੰਨਿਆ ਸੀ। ਪੀਰੀ ਦਾ ਗਲ ਮੁਕੀ, ਮੀਰੀ ਦੀ ਸ਼ੁਰੂ ਹੋ ਗਈ। ਸਟੇਜ ਤੇ ਹੁਣ ਇੰਡਿਆ ਤੋਂ ਭਗੌੜਾ ਫੌਜੀ ਤੇ ਕੈਨੇਡਾ 'ਚ ਇਲਲੀਗਲੀ ਘੁਮਿਆਂ ਬੰਦਾ ਕਹਿ ਰਿਹਾ ਸੀ-ਸਿਖਾਂ ਤੇ ਤਸ਼ੱਦਦ ਦੀ ਗੱਲ, ਹਰਮੰਦਰ ਸਾਹਬ ਤੇ ਹਮਲੇ ਦੀ ਗੱਲ, ਭਿੰਡਰਾ ਆਲੇ ਦੀ ਕੁਰਬਾਨੀ ਦੀ ਗੱਲ, ਖਾਲਿਸਤਾਨ ਦੀ ਗੱਲ।

"ਭਤੀਜ ! ਆਹ ਖਾਲਿਸਤਾਨ ਕਿਥੇ ਕੁ ਆ ?"

"ਦੋ ਥਾਂਈਂ ...... ਅਮਰੀਕਾ 'ਚ ਕੈਲੇਫੋਰਨੀਆਂ ਦੇ ਇਕ ਤਕੜੇ ਫਾਰਮਰ ਲਿਵਿੰਗ-ਰੂਮ 'ਚ ....ਕੈਨੇਡਾ 'ਚ ਬੀ. ਸੀ. ਦੇ ਇਕ ਬੰਦੇ ਦੇ ਵਾਸ਼ਿੰਗ-ਰੂਮ 'ਚ ! ਵਾਹ ਉਏ ਭੋਲੇ ਨਾਥ ਤਾਊ ਜੀ ! ਜਿਥੇ ਤੂੰ ਰਹਿਨਾ, ਸਾਡੀਆਂ ਨਜਰਾਂ 'ਚ ਓਹੀ ਖਾਲਿਸਤਾਨ ਆ।"

"ਤਾਂ ਸ਼ੇਖ-ਚਿਲੀ ਐਥੇ ਵੀ ਆ ਵੜੇ। ਖੈਰ, ਭਤੀਜ ! ਇਥੇ ਫੇਰ ਵੀ ਸਿੱਖੀ-ਜਜਬਾ ਹੈ। ਸੰਤ ਭਿੰਡਰਾਂ ਆਲੇ ਦੇ ਕਤਲ ਦਾ ਬਦਲਾ ਲੈਣ ਆਲੇ ਕਿਵੇਂ ਕਮਰ-ਕਸੇ ਕਰੀ ਬੈਠੇ ਆ। ਆਪਣੇ ਓਧਰ ਤਾਂ ਪੂਜਾ ਦੇ ਧਾਨ ਪਿਛੇ ਥਪੜੋ-ਥਪੜੀ ਹੋਈ ਜਾਂਦੇ ਨੇ।"

"ਤਾਊ, ਜੋ ਉਪਰ ਤੈਨੂੰ ਲਿਪਿਆ-ਪੋਚਿਆ ਦੀਂਹਦਾ, ਹੇਠ ਕਿੰਨਾ ਕੋਹਜ ਹੈ ਤੂੰ ਕੀ ਜਾਣੇ ? ਪੂਜਾ ਦੇ ਧਾਨ ਪਿਛੇ ਜੋ ਜੁਤੀ-ਪਤਾਣ ਐਥੇ ਹੁੰਦਾ, ਉਧਰਲੀ ਥਪੜੋ-ਥਪੜੀ ਤਾਂ ਊਈ ਫਿੱਕੀ ਪੈਜੂ। ਖੂਨ ਵਹਿ ਗਿਆ ਭਿੰਡਰਾ ਆਲੇ ਬਾਬੇ ਦਾ, ਫਾਇਦਾ ਖੱਟਦੇ ਨੇ ਏਥੇ ਦੇ ਸਿੱਖੀ ਤੇ ਸਿਖਾਂ ਦੇ ਠੇਕੇਦਾਰ ! ਤਾਊ, ਜੇ ਤੈਨੂੰ ਚੇਤਾ ਹੋਵੇ, ਭਿੰਡਰਾ ਆਲੇ ਬਾਬੇ ਤੇ ਜਲੰਧਰ ਦੇ ਛਾਪਕ ਨੇ ਇਕ ਕਿਤਾਬ ਛਾਪਤੀ ! ਜਦੋਂ ਲੱਗਿਆ ਬਾਬੇ ਨੂੰ ਪਤਾ, ਤਾਂ ਛਾਪਕ ਪ੍ਰਸਾਦ ਨੂੰ ਸੱਦ ਲਿਆ ਨਾਨਕ-ਨਿਵਾਸ 'ਚ ! ਛਾਪਕ ਨੂੰ ਕਿਤਾਬ ਵਾਪਸ ਕਰਨੀ ਪਈ ਤੇ ਮੁਆਫੀ ਮੰਗਦੇ ਦਾ ਨੱਕ ਘਸ ਗਿਆ। ਹੁਣ ਉਹ ਪ੍ਰਲੋਕ ਸਿਧਾਰੇ ਨੀਂ ਤੇ ਕਿਤਾਬਾਂ ਤੇ ਕਿਤਾਬਾਂ। ਅੱਜ ਭਿੰਡਰਾਂ ਆਲੇ ਜਿਉਂਦੇ ਹੁੰਦੇ ਤਾਂ ਜਲੰਧਰ ਆਲੇ ਦਾ ਤਾਂ ਨੱਕ ਵੀ ਘਸਿਆ ਸੀ, ਵੈਨਕੂਵਰ ਆਲੇ ਦਾ ਉਹਨਾਂ ਨੱਕ ਈ ਲਾਹ ਦੇਣਾ ਸੀ। ਕੋਈ ਉਹਨਾਂ ਦੀਆਂ ਸ਼ਰਤਾਂ ਵੇਚਦਾ, ਕੋਈ ਉਹਨਾਂ ਦੀਆਂ ਮੂਰਤਾਂ ਵੇਚਦਾ, ਕੋਈ ਵੀਡੀਓ-ਟੇਪਾਂ। ਵੈਸੇ ਤਾਊ ਜੀ, ਦੇਸ਼ੋਂ ਪ੍ਰਦੇਸ਼ ਹੋਏ ਆਂ, ਪੈਸੇ ਦੀ ਖਾਤਰ ! ਕੋਈ ਫੱਟੇ ਖਿਚਕੇ ਬਣਾਏ, ਕੋਈ ਕਿਸੇ ਦਾ ਨਾਂ ਵੇਚਕੇ ! ਕੱਲ੍ਹ ਕਿਸੇ ਹੋਰ ਦਾ ਖੂੰਨ ਡੁਲ ਗਿਆ, ਅਸੀ ਉਹਦੇ ਚੇਲੇ-ਬਾਲੇ ਬਣ ਜਾਣਾ ......ਅਸੀਂ ਕੈਨੇਡਾ ਆਲ੍ਹੇ ਖਚਰੇ ਆਂ ਤਾਊ, ਜਿਥੋਂ ਸਾਡੀ ਗਰਜ ਸਰਦੀ ਆ, ਉਥੇ ਗਧਾ ਵੀ ਸਾਡਾ ਬਾਪ ਹੈ, ਤੇ ਜੇ ਪਿਓ ਕਾਸੇ ਕੰਮ ਦਾ ਨੀਂ, ਤਾਂ ਉਹ ਗਧੇ ਤੋਂ ਵੀ ਗਿਆ ਗੁਜਰਿਆ।"

"ਦੇਖ ਉਏ ਭਤੀਜ ! ਮਾਇਆ ਸਹੁਰੀ ਚੀਜਈ ਐਸੀ ਆ, ਕੋਈ ਮਾਝੇ ਦਾ, ਕੋਈ ਮਾਲਵੇ ਦਾ ..... ਕੋਈ ਹਾਸਾਂ ਦਾ ਤੇ ਕੋਈ ਹਿਮਤਪੁਰੇ ਦਾ .....ਥੋਡੇ 'ਚ ਪਿਆਰ ਤਾਂ ਹੈ, ਭਾਈਚਾਰਾ ਤਾਂ ਕਾਇਮ ਆ।"

"ਦੇਖ ਤਾਊ, ਬਾਤ ਲੰਬੀ ਆ, ਕਹੇ ਬਿਨ ਰਹਿ ਨੀਂ ਹੁੰਦਾ ! ਓਨ ਸਾਡੇ ਗੋਰੇ ਦੋਖੀ ਨੀਂ, ਜਿੰਨੇਂ ਅਸੀਂ ਪੰਜਾਬੀ ਇਕ-ਦੂਜੇ ਦੇ ਆਂ ! ਊਂ ਤਾਂ ਉਪਰ ਆਲੇ ਦੀ ਮਿਹਰ ਆ, ਪੰਜਾਬੀਆਂ ਦੇ ਫਾਰਮ ਨੇ, ਪਰ ਆਪਣੇ ਪੰਜਾਬੀ ਭਰਾਵਾਂ ਤੋਂ ਵਗਾਰਾਂ

(ਬਾਕੀ ਪੰਨਾ 14 ਤੇ)

ਮਿੰਨੀ ਕਹਾਣੀ:

ਸਿੱਟਾ

ਸੁਖਪਾਲ

ਇਕ ਵਾਰ ਇਕ ਪਤਨੀ ਆਪਣੇ ਪਤੀ ਨੂੰ ਬੜੇ ਵੇਰਵੇ ਪਾ ਪਾ ਕੇ ਇਕ ਕਹਾਣੀ ਸੁਣਾ ਰਹੀ ਸੀ। ਕਹਾਣੀ ਕੁਝ ਇਸ ਤਰ੍ਹਾਂ ਸੀ:—

ਇਕ ਆਦਮੀ ਦਾ ਆਪਣੀ ਪਤਨੀ ਤੋਂ ਇਲਾਵਾ ਕਿਸੇ ਹੋਰ ਔਰਤ ਨਾਲ ਇਹੋ ਜਿਹਾ ਸਬੰਧ ਕਾਇਮ ਹੋ ਗਿਆ ਜਿਸਨੂੰ "ਪਿਆਰ" ਕਿਹਾ ਜਾਂਦਾ ਹੈ। ਇਕ ਦਿਨ ਉਹ ਆਦਮੀ ਆਪਣੀ ਮਹਿਬੂਬ ਔਰਤ ਨਾਲ "ਪਿਆਰ" ਦੀ ਖੇਡ ਖੇਡਣ ਵਿਚ ਮਗਨ ਸੀ ਕਿ ਕਿਸੇ ਮਨਚੱਲੇ ਨੇ ਮੌਕਾ ਹੱਥ ਲੱਗਿਆ ਵੇਖ ਕੇ ਉਨ੍ਹਾਂ ਦੀਆਂ ਫੋਟੋਆਂ ਖਿਚ ਲਈਆਂ ਤੇ ਡਾਕ ਰਾਹੀਂ ਆਦਮੀ ਦੀ ਪਤਨੀ ਨੂੰ ਭੇਜ ਦਿਤੀਆਂ। ਫੋਟੋਆਂ ਵੇਖਦਿਆਂ ਹੀ ਪਤਨੀ ਨੂੰ ਜਾਪਿਆ ਕਿ ਜਿਵੇਂ ਉਸਦੇ ਪੈਰਾਂ ਥੱਲੇ ਦੀ ਜ਼ਮੀਨ ਪੈਰਾਂ ਸਮੇਤ ਉਸਦੇ ਉੱਪਰ ਪੁੱਠੀ ਉਲਟ ਗਈ ਹੈ ਤੇ ਅਸਮਾਨ ਉਸਦੇ ਸਿਰ ਸਮੇਤ ਥੱਲੇ ਆ ਗਿਆ ਹੈ ਤੇ ਉਹ ਬਾਕੀ ਸਭ ਚੀਜ਼ਾਂ ਵਾਂਗ ਸਿਰ ਪਰਨੇ ਚੱਲ ਰਹੀ ਹੈ ! ਉਹ ਬੌਂਦਲਾ ਕੇ ਚੁੱਪ ਗੜੁੱਪ ਹੋ ਗਈ, ਪਥਰਾ ਜਿਹੀ ਗਈ, ਕੁਝ ਨਾ ਸੁੱਝੇ ਕਿ ਕੀ ਕਰੇ ! ਜਦੋਂ ਉਸਨੂੰ ਕੁਝ ਕਰਨ ਦੀ ਸੋਝੀ ਆਈ ਤਾਂ ਪਹਿਲਾਂ ਕੰਮ ਜੋ ਉਸਨੇ ਕੀਤਾ, ਉਹ ਸੀ ਆਤਮ ਹੱਤਿਆ, ਮਰ ਗਈ ਗਲ ਚ ਫਾਹਾ ਪਾ ਕੇ !

ਕਹਾਣੀ ਸੁਣਾਉਣ ਤੋਂ ਬਾਅਦ ਪਤਨੀ ਨੇ ਪਤੀ ਵੱਲ ਬੜੀਆ ਆਸ ਭਰੀਆਂ ਨਜ਼ਰਾਂ ਨਾਲ ਵੇਖਦੇ ਹੋਏ ਕਿਹਾ, "ਹੁਣ ਦੱਸੋ, ਕਹਾਣੀ ਦਾ ਸਿੱਟਾ ਕੀ ਨਿੱਕਲਿਆ।"

ਉਹ ਪਤੀ ਕੋਲੋਂ ਇਹ ਸੁਣਨ ਲਈ ਉਤਾਵਲੀ ਪਈ ਸੀ ,ਸਿੱਟਾ ਇਹੀ ਨਿੱਕਲਿਆ ਕਿ ਵਿਆਹੇ ਆਦਮੀਆਂ ਨੂੰ ਦੂਜੀਆਂ ਖੁਰਲੀਆਂ ਵਿਚ ਮੂੰਹ ਨਹੀਂ ਮਾਰਨਾ ਚਾਹੀਦਾ। ਪਤੀ ਸਾਹਿਬ ਪਲ ਭਰ ਸੋਚਣ ਤੋਂ ਬਾਅਦ ਬੋਲੇ,

"ਸਿੱਟਾ ? ਸਿੱਟਾ ਇਹੀ ਨਿੱਕਲਿਆ ਜਦੋਂ ਤੁਹਾਡੇ ਕਿਸੇ ਹੋਰ ਔਰਤ ਨਾਲ ਸਬੰਧਾਂ ਬਾਰੇ ਤੁਹਾਡੀ ਪਤਨੀ ਨੂੰ ਪਤਾ ਚੱਲ ਜਾਏ ਤਾਂ ਫਟਾ ਫਟ ਪੁਲੀਸ ਨੂੰ ਸੂਚਿਤ ਕਰ ਦਿਉ ਕਿ ਤੁਹਾਡੇ ਘਰ ਵਿਚ ਕੋਈ ਆਤਮ ਹੱਤਿਆ ਕਰਨ ਵਾਲਾ ਹੈ।"

(ਪੰਨਾ 13 ਦੀ ਬਾਕੀ)

ਕਰਾਕੇ ਪੈਸੇ ਨਾ ਦੇਣਾ ਇਨ੍ਹਾਂ ਦਾ ਭਾਈਚਾਰਾ ਹੈ ! ਪੰਜਾਬੀ ਮਿਲ-ਮਾਲਕਨੇ, ਪਰ ਆਪਣੀ ਕੌਮ ਦਾ ਚੰਮ ਲਾਹਕੇ ਉਹਨਾਂ ਦੇ ਹੱਕਾਂ ਤੇ ਛਾਪਾ ਮਾਰਨਾ ਸਾਡਾ ਭਾਈਚਾਰਾ ਹੈ। ਤਾਊ, ਜਿਥੇ ਦੁਆਬੇ ਕੇ ਆ, ਮਜਾਲ ਆ ਮਾਲਵੇ ਆਲਾ ਕੰਮ ਕਰਕੇ ਰੋਟੀ ਖਾਲੇ ...... ਜਿਥੇ ਮਾਲਵੇ ਆਲਾ, ਉਥੇ ਮਾਝੇ ਆਲ਼ੇ ਦੇ ਪੈਰ ਨੀਂ ਲਗਦੇ। ਹਾਂ ਸਾਡਾ ਭਾਈਚਾਰਾ ਉਦੋਂ ਕਾਇਮ ਹੈ ਜਦੋਂ ਪੰਜਾਬ ਦੇ ਸ਼ਹੀਦਾਂ ਦੇ ਨਾਂ ਕਿਸੇ ਆਪ ਬਣੇ ਕਨਵੀਨਰ ਨੇ ਫੰਡ ਕੱਠਾ ਕਰਕੇ ਲਾਟ ਲੈਣੀ ਹੋਵੇ .....ਸਾਡਾ ਭਾਈਚਾਰਾ ਉਦੋਂ ਹੋਂਦ,ਚ ਆ ਜਾਂਦਾ, ਜਦੋਂ ਪੰਜਾਬੀ ਭਾਸ਼ਾ ਦੇ ਪਸਾਰ ਲਈ ਚੇਅਰ ਦੀ ਸਥਾਪਤੀ ਲਈ ਲੱਖਾਂ ਡਾਲਰ ਕੱਠੇ ਕਰਨੇ ਹੋਣ, ਤੇ ਬਾਂਅਦ'ਚ ਚੇਅਰ ਤੇ ਚੇਅਰ-ਮੈਨ ਹੌਲੀ-ਹੌਲੀ ਇਜ ਗਾਇਬ ਹੋ ਜਾਂਦੇ ਨੇ ਜਿਵੇਂ ਗਧੇ ਦੇ ਸਿਰ ਤੋਂ ਸਿੰਗ।"

● ਘੁੱਟਣ

ਸੁਹਾਗ-ਕਮਰੇ 'ਚ ਪਤਨੀ ਨੇ ਕਿਹਾ, "ਮੈਂ ਮੰਨਣਾ ਚਾਹੁੰਦੀ ਹਾਂ ਕਿ ਮੇਰੇ ਸਾਰੇ ਦੰਦ ਬਨਾਵਟੀ ਨੇ।" "ਉਹ!" ਪਤੀ ਨੇ ਸੁੱਖ ਦਾ ਡੂੰਘਾ ਸਾਹ ਲਿਆ - "ਮੈਂ ਵੀ ਲੱਕੜ ਦੀ ਟੰਗ, ਸ਼ੀਸ਼ੇ ਦੀ ਅੱਖ ਤੇ ਵਿਗ ਲਾਈ ਲਾਈ ਘੁੱਟ ਮਹਿਸੂਸ ਕਰ ਰਿਹਾ ਹਾਂ।"

ਦਿੱਲੀ ਦੀ ਹਕੂਮਤ ਦੇ ਨਾਂਅ—

ਸੁਖਪਾਲ

ਚੁੱਪ ਕਰ ਨੀ ਦਿੱਲੀਏ ਦਲੀਏ
ਨਾ ਬੋਲ ਤੂੰ ਮੰਦੜੇ ਬੋਲ ਨੀ !
ਪਾ ਛੱਡਿਆ ਗਹਿਣੇ ਹਿੰਦ ਨੂੰ
ਤੂੰ ਸਾਮਰਾਜ ਦੇ ਕੋਲ ਨੀ !
ਦਿੱਲੀਏ ਦੱਲੀਏ !

ਹੱਤ ਰਾਣੀਏਂ ਰੁੜ੍ਹ ਪੁੜ ਜਾਣੀਏਂ
ਤੇਰੇ ਮਹਿਲੀਂ ਵਸਦੇ ਚੋਰ ਨੀਂ !
ਉਹ ਸਿਖਰ ਦੁਪਹਿਰੇ ਲੁੱਟਦੇ
ਤੇਰੀ ਰਾਜ ਗੱਦੀ ਦੇ ਜ਼ੋਰ ਨੀ !
ਦਿੱਲੀਏ ਖੋਟੀਏ !

ਸੁਣ ਦਿੱਲੀਏ ਦਿਲ ਦੀਏ ਖੋਟੀਏ
ਤੇਰੇ ਕਣ ਕਣ ਵਸਿਆ ਖੋਟ ਨੀਂ !
ਤੇਰਾ "ਦੇਸ਼" ਤਾਂ ਤੇਰਾ "ਤਖਤ" ਹੈ !
ਬੰਦੇ ਦਾ ਮਤਲਬ ਵੋਟ ਨੀਂ !
ਦਿੱਲੀਏ ਖੋਟੀਏ !

ਤੇਰਾ ਭੱਠ ਪੈਣਾ ਸਵਰਾਜ ਹੈ
ਤੇਰਾ ਵਹਿਸ਼ੀਪੁਣਾ ਕਾਨੂੰਨ ਨੀ।
ਜੋ ਚੋਣਾ ਜਿੱਤਣ ਵਾਸਤੇ
ਨਦੀਆਂ 'ਚ ਵਹਾ ਦਏ ਖੂਨ ਨੀ !
ਦਿੱਲੀਏ — ਬੇਦਿਲੀਏ !

ਕਦੀ ਫਿਰਕੂ ਨਾਗ ਤੂੰ ਪਾਲਦੀ
ਕਦੀ ਚਾੜ੍ਹੇਂ ਫੌਜੀ ਸਾੜ ਨੀਂ !
ਤੂੰ ਬਹੁਰੂਪੀ ਕੋਈ ਡਾਇਣ ਹੈਂ
ਨਿੱਤ ਬਦਲੇਂ ਰੰਗ ਹਜ਼ਾਰ ਨੀ।
ਦਿੱਲੀਏ ਵਹਿਸ਼ੀਏ !

ਤੇਰੇ ਅਫਸਰ ਕੁੱਤੇ ਹੋ ਗਏ
ਤੇਰੇ ਹਕਮ ਹਨ ਬਘਿਆੜ ਨੀਂ !
ਉਹ ਜਾਕੇ ਵਸਦੇ ਘਰਾਂ ਵਿਚ
ਮਾਨਵ ਦਾ ਕਰਨ ਸ਼ਿਕਾਰ ਨੀਂ !
ਦਿੱਲੀਏ ਬਾਘੜੇ !

ਇਹ ਕਿੰਨਾ ਕੁ ਚਿਰ ਦਿੱਲੀਏ
ਤੇਰਾ ਕੀਕੁਣ ਚੱਲੂ ਰਾਜ ਨੀਂ !
ਜਿਹਦੀ ਲਾਸ਼ਾਂ ਤੇ ਬੁਨਿਆਦ ਹੈ
ਜਿਹਦੇ ਲਹੂ 'ਚ ਭਿੱਜੇ ਤਾਜ ਨੀਂ !
ਦਿੱਲੀਏ ਪਿਲੀਏ !

ਤੈਨੂੰ ਵਕਤ ਦੀ ਘੁੰਮਣ ਘੇਰੀਆਂ
ਦੇਣਾ ਉਨ੍ਹਾਂ ਕਬਰਾਂ ਵਿਚ ਸੁੱਟ ਨੀਂ !
ਜੋ ਰੱਖੀਆਂ ਹੋਰਾਂ ਵਾਸਤੇ
ਤੂੰ ਆਪਣੇ ਹੱਥੀਂ ਪੁੱਟ ਨੀ !
ਦਿੱਲੀਏ ਨਹਿਸ਼ੀਏ !

ਸੁਣ ਦਿੱਲੀਏ ਸੁਣ ਨੀਂ ਬੋਲੀਏ
ਜਿਹੜੀ ਕੁਚਲੀ ਉਹੀ ਆਵਾਜ਼ ਨੀਂ !
ਅੱਜ ਹੱਕਾਂ ਵਾਲੇ ਜਾਗ ਪਏ
ਤੇਰੇ ਕੱਖੀਂ ਰੁਲਨੇ ਤਾਜ ਨੀਂ !
ਦਿੱਲੀਏ ਦੌਲੀਏ !

ਤੂੰ ਦੇਸ਼ ਦੀ ਮੁਜ਼ਰਮ ਮੁੱਖ ਨੀ
ਲਿਆ ਕੁੱਲ ਮੁਲਖ ਨੇ ਤੱਕ ਨੀ !
ਤੇਰੇ ਤਖਤ ਜਲਾਏ ਜਾਣਗੇ
ਹੁਣ ਵਿਚ ਚੌਰਾਹੇ ਰੱਖ ਨੀਂ !
ਦਿੱਲੀਏ ਜ਼ਾਬਰੇ !

ਲੋਕਾਂ ਦੀ ਮਿਹਨਤ ਲੁੱਟ ਕੇ
ਤੂੰ ਪਹਿਲੀਂ ਕਰੇਂ ਕਲੋਲ ਨੀਂ !
ਧਰ ਛੱਡਿਆ ਗਹਿਣੇ ਹਿੰਦ ਨੂੰ
ਤੂੰ ਸਮਰਾਜ ਦੇ ਕੋਲ ਨੀ !
ਦਿੱਲੀਏ ਦੱਲੀਏ !

ਇਕ ਪੰਜਾਬੀ ਦੰਦ ਕਥਾ
ਕਸਮ


ਸੁਖਪਾਲ

ਇਕ ਆਦਮੀ ਨੇ ਗੁਰਦੁਆਰੇ ਮੱਥਾ ਟੇਕ ਕੇ ਬੁੜਬੜਾਉਂਦੇ ਹੋਏ ਕਸਮ ਖਾਧੀ:

"ਹੇ ਕਲਗੀਧਰ ਜੀ ਦਸਮੇਂ ਪਾਤਿਸ਼ਾਹ ਮੈਂ ਆਪ ਜੀ ਦੀ ਹਜ਼ੂਰੀ ਵਿਚ ਕਸਮ ਖਾਂਦਾ ਹਾਂ ਕਿ ਸ਼ਰਾਬ ਪੀਣੀ ਤਾਂ ਇਕ ਪਾਸੇ ਰਹੀ, ਇਸਨੂੰ ਹੱਥ ਤੱਕ ਨਹੀਂ ਲਗਾਵਾਂਗਾ !"

ਕਸਮ ਖਾਣ ਵਾਲਾ ਤਾਂ ਕਸਮ ਖਾ ਗਿਆ ਪਰ ਕੋਲ ਖੜ੍ਹੇ ਇਕ ਸੁਣਨ ਵਾਲੇ ਨੇ ਸੁਣ ਵੀ ਲਈ। ਉਹ ਖਬਦ ਗੁਰੂ ਨਾਨਕ ਦੇਵ ਜੀ ਦਾ ਨਾਮ ਲੈ ਕੇ ਸ਼ਰਾਬ ਛੱਡਣ ਦੀ ਕਸਮ ਖਾ ਕੇ ਹਟਿਆ ਸੀ। ਜਦੋਂ ਉਸਨੇ ਦੂਜੇ ਆਦਮੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਕਸਮ ਖਾਂਦੇ ਹੋਏ ਵੇਖਿਆ ਤਾਂ ਉਸਨੂੰ ਮਨ ਹੀ ਮਨ ਆਪਣੀ ਕਸਮ ਉੱਪਰ ਸ਼ੱਕ ਜਿਹਾ ਹੋਣ ਲੱਗ ਪਿਆ। ਉਹ ਪਹਿਲੇ ਆਦਮੀ ਦੇ ਮਗਰੇ ਮਗਰ ਹੋ ਤੁਰਿਆ। ਗੁਰਦੁਆਰੇ ਤੋਂ ਬਾਹਰ ਨਿੱਕਲਦਿਆਂ ਹੀ ਉਸਨੇ ਪੁੱਛਿਆ, "ਭਾਅ ਜੀ, ਤੁਸੀਂ ਸਿੱਧੀ ਦਸਮੇਂ ਪਾਤਿਸ਼ਾਹ ਦੀ ਕਸਮ ਕਿਉਂ ਖਾਧੀ, ਪਹਿਲੇ ਨੌਆਂ ਵਿਚੋਂ ਕਿਸੇ ਦੀ ਕਿਉਂ ਨਹੀਂ ?"

"ਉਨ੍ਹਾਂ ਅੱਗੇ ਮੈਂ ਪਹਿਲਾਂ ਹੀ ਸ਼ਰਮਿੰਦਾ ਹਾਂ।" ਕਸਮਾਂ ਖਾਣੇ ਨੇ ਜੁਆਬ ਦਿੱਤਾ !



"ਬਾਡੀ ਗਾਰਡ"

ਪਿਛਲੇ ਦਿਨੀਂ ਬੀਤੀਆਂ ਕਾਲੀਆਂ ਘੜੀਆਂ ਵਿਚ ਵੀ ਮੈਂ ਟਿਚਰ ਮਜ਼ਾਕ ਨਹੀਂ ਛੱਡਿਆ ਮਸਲਿਨ ਮੈਂ ਇਕ ਲਤੀਫਾ ਘੜ੍ਹਿਆ ਹੈ।"

"ਕਿਹੜਾ ਲਤੀਫਾ ?"

"ਇੰਦਰਾ ਗਾਂਧੀ ਦੇ ਕਾਤਲ ਬੇਅੰਤ ਸਿੰਘ ਬਾਰੇ। ਜਦੋਂ ਬੇਅੰਤ ਸਿੰਘ, ਉਪਰ ਗਿਆ ਤਾਂ ਉਸ ਨੇ ਸੰਤ ਭਿੰਡਰਾਂਵਾਲਾ ਨੂੰ ਜਾ ਫਤਿਹ ਬੁਲਾਈ ਤੇ ਆਖਿਆ, "ਬਾਬਾ ਜੀ, ਜੋ ਕੰਮ ਤੁਸੀ ਸਾਨੂੰ ਸੌਂਪਿਆ ਸੀ, ਮੈਂ ਪੂਰਾ ਕਰ ਆਇਆ ਹਾਂ।" ਸੰਤ ਜੀ ਨੇ ਖੁਸ਼ ਹੋ ਕੇ ਆਖਿਆ, 'ਅਸੀਂ ਬੜੇ ਪ੍ਰਸੰਨ ਹਾਂ ਤੇਰੇ 'ਤੇ। ਮੰਗ ਕੀ ਮੰਗਦਾ ਹੈਂ ਸਿੰਘਾ ?' ਬੇਅੰਤ ਸਿੰਘ ਬੋਲਿਆ, ' ਸਭ ਤੁਹਾਡਾ ਹੀ ਦਿਤਾ ਹੈ, ਕਿਸੇ ਚੀਜ਼ ਦੀ ਲੋੜ ਨਹੀਂ।' ਭਿੰਡਰਾਂਵਾਲੇ ਨੇ ਆਖਿਆ, ਕੁਝ ਤਾਂ ਮੰਗ ਅਸੀਂ ਤੇਰੇ ਤੇ ਬਹੁਤ ਪ੍ਰਸੰਨ ਹਾਂ।' ਬੇਅੰਤ ਸਿੰਘ ਨੇ ਫਿਰ ਆਖਿਆ, 'ਕੁਝ ਨਹੀਂ ਚਾਹੀਦਾ ਮਹਾਰਾਜ, ਤੁਹਾਡੀ ਬਹੁਤ ਬਖਸ਼ਿਸ਼ ਹੈ।' ਭਿੰਡਰਾਂਵਾਲੇ ਨੇ ਆਖਿਆ, "ਨਹੀਂ ਸਿੰਘਾ, ਕੁਝ ਤਾਂ ਮੰਗ।' ਬੇਅੰਤ ਸਿੰਘ ਬੋਲਿਆ, ਜੇ ਦੇਣਾ ਹੀ ਹੈ ਤਾ ਕੋਈ ਛੋਟੀ ਨੌਕਰੀ ਦੇ ਦਿਓ ਤਾਂ ਕਿ ਮੈਂ ਤੁਹਾਡੇ ਚਰਨਾਂ ਵਿਚ ਰਹਾਂ।' ਭਿੰਡਰਾਂਵਾਲੇ ਨੇ ਆਖਿਆ, 'ਛੋਟੀ ਨੌਕਰੀ ਕਿਉਂ ?' ਤੂੰ ਐਡਾ ਵੱਡਾ ਕੰਮ ਕੀਤਾ ਹੈ ਭਾਵੇਂ ਵੱਡੀ ਤੋਂ ਵੱਡੀ ਨੌਕਰੀ ਮੰਗ।' ਬੇਅੰਤ ਸਿੰਘ ਨੇ ਹੱਥ ਜੋੜ ਕੇ ਆਖਿਆ 'ਮਹਾਰਾਜ, ਮੈਨੂੰ ਆਪਣਾ ਬਾਡੀਗਾਰਡ ਬਣਾ ਲਉ।' ਭਿੰਡਰਾਂਵਾਲੇ ਦੇ ਚਿਹਰੇ ਦਾ ਰੰਗ ਉਡ ਗਿਆ ਤੇ ਉਹ ਬੋਲੇ, 'ਨਾਂ ਕਾਕਾ ਨਾਂ ! ਇਹ ਨਹੀਂ, ਹੋਰ ਜੋ ਚਾਹੇ ਮੰਗ। ਬਾਡੀਗਾਰਡ ਦੀ ਨੌਕਰੀ ਨਹੀਂ।"

ਇਹ ਗੱਲ ਸੁਣਾ ਕੇ ਖੁਸ਼ਵੰਤ ਸਿੰਘ ਉੱਚੀ ਉੱਚੀ ਹੱਸਣ ਲੱਗਾ।

ਖੁਸ਼ਵੰਤ

“ਬੋਲ ਕੇ ਲਬ ਆਜ਼ਾਦ ਹੈਂ ਤੇਰੇ ਬੋਲ ਕੇ ਜ਼ੁਬਾਂ ਅਬ ਤੱਕ ਤੇਰੀ ਹੈ” — ਫੈਜ਼

ਵਿਚਾਰ ਆਪੋ ਆਪਣੇ

ਸੁਰਜੀਤ ਕਲਸੀ

ਕਿਸ ਤਰ੍ਹਾਂ ਬੋਲਿਆ ਜਾਏ ? ਹਰ ਬੋਲਿਆ ਸ਼ਬਦ ਤੀਰ ਬਣ ਜਾਂਦਾ ਹੈ। ਕੁਝ ਵੀ ਹੋਵੇ ਸਚਾਈ ਉਘੜ ਕੇ ਸਾਹਮਣੇ ਆਈ ਹੈ ਤੇ ਚੁੱਪ ਰਹਿਣਾ ਉਨ੍ਹਾਂ ਦੀ ਸਾਜ਼ਿਸ਼ ਵਿਚ ਸ਼ਾਮਿਲ ਹੋਣ ਦੇ ਬਰਾਬਰ ਹੈ ਜਿਹੜੇ ਕੁਝ ਬਾਜ਼ਿੱਦ ਲੋਕ ਉਹੋ ਕੁਝ ਕੈਨੇਡਾ ਦੀ ਧਰਤੀ ਉਤੇ ਵੇਖਣਾ ਚਾਹੁੰਦੇ ਹਨ ਜੋ ਸਾਡੇ ਲੋਕਾਂ — ਸਾਡੀਆਂ ਮਾਵਾਂ, ਭੈਣਾਂ, ਭਰਾਵਾਂ ਤੇ ਬੱਚਿਆਂ ਨਾਲ ਦਿੱਲੀ ਤੇ ਪੰਜਾਬ ਅਤੇ ਹੋਰਨਾਂ ਥਾਵਾਂ ਉਤੇ ਕੋਝਾ ਕੁੱਝ ਵਾਪਰ ਚੁੱਕਾ ਹੈ।

24 ਫਰਵਰੀ ਨੂੰ ਬੋਲਣ ਅਤੇ ਲਿਖਣ ਦੀ ਆਜ਼ਾਦੀ ਅਤੇ ਫਿਰਕੂ ਸਦਭਾਵਨਾ ਲਈ ਬੁਲਾਈ ਗਈ ਪਬਲਿਕ ਮੀਟਿੰਗ ਦਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਮੁਅਤਲ ਹੋ ਜਾਣਾ ਕੀ ਸਾਡੀ ਕੌਮ ਵਲੋਂ ਅਪਨਾਏ ਖੁਦਕੁਸ਼ੀ ਦੇ ਰਾਹ ਵੱਲ ਅਗਲੇਰਾ ਕਦਮ ਨਹੀਂ ਸੀ ? ਨਤੀਜਾ: ਨਾਰਥ ਅਮਰੀਕਾ ਦੀਆਂ ਅਖਬਾਰਾਂ ਤੇ ਟੀ. ਵੀ. ਉਤੇ ਕੱਸੇ ਗਏ ਬੋਲ ਜਿਨ੍ਹਾਂ ਵਿਚ ਪੁਰਜ਼ੋਰ ਸ਼ਬਦਾਂ ਵਿਚ ਕਿਹਾ ਗਿਆ ਕਿ ਹੁਣ ਸੁਆਲ ਹੈ ਸਿੱਖ ਕੌਮ ਦਾ ਜੋ ਆਪਸ ਵਿਚ ਏਨੀ ਪਾਟੀ ਹੋਈ ਹੈ ਕਿ ਕੋਈ ਗੱਲਬਾਤ ਜਾਂ ਕੋਈ ਪਬਲਿਕ ਮੀਟਿੰਗ ਸੰਭਵ ਹੀ ਨਹੀਂ ਹੋ ਸਕਦੀ।

ਜਾਪਿਆ ਜਿਵੇਂ ਫਿਰਕੂ ਸਦਭਾਵਨਾ ਦਾ ਨਾਅਰਾ ਸੁੰਘੜ ਕੇ ਸਿਰਫ ਸਿੱਖ ਫਿਰਕੇ ਦੀ ਸਦਭਾਵਨਾ ਤੱਕ ਹੀ ਸੀਮਿਤ ਹੋ ਗਿਆ ਹੋਵੇ। ਜਦੋਂ ਕੌਮ ਤੇ ਭੀੜ ਪਈ ਹੈ ਇਹ ਭਾਵਨਾ ਉਦੋਂ ਹੀ ਆਪ-ਵਿਦਰੋਹੀ ਹੋਈ ਹੈ। ਇਤਿਹਾਸ ਗਵਾਹ ਹੈ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਜਾਣਾ ਤੇ ਭਾਰਤ ਦੀ ਆਜ਼ਾਦੀ ਦੇ ਅੰਦੋਲਨ ਵਿਚ ਗੋਰੇ ਦੀ “ਪਾੜੋ ਤੇ ਰਾਜ ਕਰੋ” ਦੀ ਨੀਤੀ ਬੜੇ ਅਸਰਦਾਰ ਢੰਗ ਨਾਲ ਕੰਮ ਕਰਦੀ ਰਹੀ। ਅਖੀਰ ਨੂੰ ਸੱਚ ਦੀ ਤਾਕਤ ਦੀ ਜਿੱਤ ਹੋਈ, ਮੁੱਠੀ ਭਰ ਲੋਕ ਕਿਸੇ ਕੌਮ ਦਾ ਕੁਝ ਨਹੀਂ ਵਿਗਾੜ ਸਕਦੇ।

ਹੁਣ ਵੀ ਰਾਜ ਦੇ ਮੋਹਰੇ ਹੀ ਬਦਲੇ ਹਨ ਖੇਡ ਅਜੇ ਵੀ ਜਾਰੀ ਹੈ ਦੇਖਣਾ ਹੈ ਕਿ ਦੁਸ਼ਮਨ ਦੀ ਚਾਲ ਵਿਚ ਅਸੀਂ ਕਿੰਨੇ ਕੁ ਬੇਵਕੂਫ ਸਿੱਧ ਹੁੰਦੇ ਹਾਂ। ਭਾਰਤ ਸਰਕਾਰ ਨੇ ਆਪਣੀਆਂ ਸੁਆਰਥੀ ਨੀਤੀਆਂ ਨੂੰ ਬਣਾਈ ਰਖਣ ਲਈ ਪੰਜਾਬ ਦੀ ਧਰਤੀ ਵਿਚ ਫਿਰਕੂ ਅੱਗ ਦੀ ਚਿੰਗਾਰੀ ਸੁਟੀ ਅਤੇ ਅਸੀਂ ਸਰਕਾਰ ਦੇ ਰਵੱਈਏ ਨੂੰ ਭੰਡਦੇ ਭੰਡਦੇ ਇਕ ਦੂਸਰੇ ਦੇ ਹੀ ਦੁਸ਼ਮਨ ਹੋ ਬੈਠੇ। ਇਸ ਤਰ੍ਹਾਂ ਕਿਉਂ ਹੁੰਦਾ ਹੈ, ਅਕਸਰ ਅਸੀਂ ਦੁਸ਼ਮਨ ਨਾਲ ਲੜਨ ਦੀ ਬਜਾਏ ਆਪਸ ਵਿਚ ਹੀ ਲੜ ਮਰ ਖਪਦੇ ਹਾਂ। ਮਿਸਾਲ ਦੂਰ ਨਹੀਂ, ਇਹੀ ਕੋਈ ਤਿੰਨ ਕੁ ਸਾਲ ਪਹਿਲਾਂ ਇਥੇ ਨਸਲੀ ਵਿਤਕਰੇ ਵਿਰੁਧ ਸੰਘਰਸ਼ ਕਰਦੇ ਕਰਦੇ ਅਸੀਂ ਆਪਣੇ ਹੀ ਭਰਾਵਾਂ ਦੇ ਸਿਰ ਖੋਲ੍ਹ ਇਕ ਦੂਜੇ ਨੂੰ ਜ਼ਖਮੀ ਕਰ, ਇਕ ਦੂਜੇ ਦੇ ਮੱਥੇ ਦੋਸ਼ ਮੜ੍ਹ ਝੱਗ ਵਾਂਗ ਬੈਠ ਗਏ, ਦੁਸ਼ਮਨ ਸਾਡੀ ਨਾਦਾਨੀ ’ਤੇ ਹੱਸਦਾ ਰਿਹਾ ਤੇ ਮੀਡੀਆ ਮੂੰਹ ਚਿੜਾਉਂਦਾ ਰਿਹਾ ਹੁਣ ਫਿਰ ਉਸੇ ਭਾਵਨਾ ਦਾ ਦੋਹਰਾਓ ਹੈ: ਜਿਸ ਕੌਮ ਦਾ ਇਤਿਹਾਸ ਬਾਰ ਬਾਰ ਆਪਣੀਆਂ ਗਲਤੀਆ ਹੀ ਦੋਹਰਾਉਂਦਾ ਹੈ ਕੋਈ ਸਬਕ ਨਹੀਂ ਸਿਖਦਾ, ਉਸ ਕੌਮ ਨੂੰ ਹਰ ਐਰਾ ਗੈਰਾ ਉਠ ਕੇ ਵਹਿਸ਼ੀਆਂ, ਅਤਿਵਾਦੀਆਂ, ਤੇ ਜਾਂਗਲੀਆ ਦੀ ਕੌਮ ਦੇ ਖਿਤਾਬਾਂ ਨਾਲ ਸਜਾ ਸਕਦਾ ਹੈ ਅਤੇ ਅਸੀਂ ਚੁਪ ਚਾਪ ਆਪਣੀ ਬੇਇਜ਼ਤੀ ਹੁੰਦੇ ਦੇਖਦੇ ਰਹਿੰਦੇ ਹਾਂ।

ਪਿਛਲੇ ਸਾਲ ਹਜ਼ਾਰਾਂ ਬੇਕਸੂਰੇ ਲੋਕਾਂ ਦੇ ਕਤਲ ਹੋਏ, ਹਜ਼ਾਰਾਂ ਮਾਸੂਮ ਔਰਤਾ, ਬੱਚਿਆਂ ਤੇ ਬਜ਼ੁਰਗਾਂ ਦੇ ਜਿਸਮ ਸਾੜੇ ਗਏ, ਬੇਇਜ਼ਤ ਕੀਤੇ ਗਏ, ਤਸੀਹੇ ਦਿੱਤੇ ਗਏ, ਇਸ ਸਾਰੇ ਤੋਂ ਦੂਰ ਬੈਠੇ ਸਿਰਫ ਲਹੂ ਦੇ ਅਥਰੂ ਰੋਏ, ਆਪਣੀ ਬੇਬਸੀ ਤੇ ਝੁਰੇ, ਆਪਣੀਆਂ ਦੁੱਖੀ ਤੇ ਜ਼ਖਮੀ ਹੋਈਆਂ ਭਾਵਨਾਵਾਂ ਦਾ ਦੋਸ਼ ਇਕ ਦੂਜੇ ਦੇ ਸਿਰ ਮੜ੍ਹਨ ਲਗੇ ਇਕ ਦੂਜੇ ਤੇ ਚਿੱਕੜ ਸੁਟਣ ਲਗੇ ਤੇ ਜ਼ਿਆਦਾ ਤੱਤੇ ਅਨਸਰ ਜਿਸਮਾਨੀ ਹਮਲੇ ਕਰਨ ਲਗੇ। ਆਖਰ ਕਿਉਂ ? ਬਜਾਏ ਇਸਦੇ ਕਿ ਹਿੰਦ ਸਰਕਾਰ ਵਿਰੁਧ ਇਕ ਮਜ਼ਬੂਤ ਤੇ ਸ਼ਕਤੀਸ਼ਾਲੀ ਬਹੁਮਤ ਰਾਏ ਕਾਇਮ ਕੀਤੀ ਜਾਂਦੀ ਤੇ ਉਸਦੀਆਂ ਨੀਤੀਆਂ ਦਾ ਪੁਰਜ਼ੋਰ ਸ਼ਬਦਾਂ ਨਾਲ ਸਾਰੇ ਹਿੰਦੂ ਸਿੱਖ, ਇਸਾਈ, ਇਸਮਾਇਲੀ, ਪਾਰਸੀ, ਗੁਜਰਾਤੀ, ਬੰਗਾਲੀ ਤੇ ਹੋਰ ਕਮਿਊਨਿਟੀਆਂ ਦੇ ਲੋਕ ਰਲ ਕੇ ਇਕ ਮੁੱਠ ਹੋ ਕੇ ਸਰਕਾਰ ਦਾ ਡੱਟ ਕੇ ਵਿਰੋਧ ਕਰਦੇ, ਪਰ ਅਸੀਂ ਤੰਗ-ਦ੍ਰਿਸ਼ਟੀ ਸਦਕਾ ਹਮਜਿਨਸਾਂ ਨੂੰ ਹੀ ਦੋਸ਼ੀ ਕਰਾਰ ਦੇਣ ਲੱਗੇ। ਜਦੋਂ ਅਸੀਂ ਆਪਣਾ ਦੁਸ਼ਮਨ ਪਹਿਚਾਨਣ ’ਚ ਉੱਕ ਜਾਂਦੇ ਹਾਂ, ਤੇ ਜਦੋਂ ਆਪਣੀ ਹੀ ਕੌਮ ਦੇ ਭਰਾ ਇਕ ਦੂਜੇ ਦੇ ਸਨਮੁੱਖ ਲੋਹੇ ਦੀਆਂ ਸਲਾਖਾ, ਟੂ—ਬਾਈ—ਫੋਰਾਂ ਸੋਟੀਆਂ ਤੇ ਹੋਰ ਪਤਾ ਨਹੀਂ ਕੀ ਕੁਝ ਲੈ ਕੇ ਅੱਖਾਂ ਵਿਚ ਨਫਰਤ ਦੀ ਜੁਆਲਾ ਭਰਕੇ ਬੜਕਾਂ ਮਾਰ ਉੱਠਦੇ ਹਨ ਉਹ ਕੌਮ ਖੁਦਕੁਸ਼ੀ ਦੇ ਰਾਹ ਤੇ ਤੁਰ ਰਹੀ ਹੁੰਦੀ ਹੈ, ਤਬਾਹੀ ਦੇ ਰਾਹ ਤੇ, ਬਰਬਾਦੀ ਦੇ ਰਾਹ ਤੇ, ਜਿਥੋਂ ਉਨ੍ਹਾਂ ਨੂੰ ਕੋਈ ਮੋੜ ਨਹੀਂ ਸਕਦਾ, ਬਾਹਰਵਾਲੇ ਤਮਾਸ਼ਾ ਦੇਖਦੇ ਹਨ ਤੇ ਹੋਰ ਲੜਨ ਦਾ ਉਤਸ਼ਾਹਤ ਦੇਂਦੇ ਹਨ।’

ਹੁਣ ਸੁਆਲ ਹੈ ਵਾਤਾਵਰਣ ਵਿਚ ਠਹਿਰ ਗਏ ਇਸ ਜ਼ਹਿਰ ਨੂੰ ਕਿਸ ਤਰ੍ਹਾਂ ਖੋਰਿਆ ਜਾਏ। ਆਸ ਪਾਸ ਇਕ ਦੂਜੇ ਤੇ ਹੁੰਦੇ ਕੋਝੇ ਸ਼ਬਦਾਂ ਦੇ ਹਮਲੇ ਹਨ ਜਾਂ ਜ਼ਹਿਰੀ ਖਾਮੋਸ਼ੀ ਜਿਸ ਵਿਚ ਨਫਰਤ ਦਾ ਭਾਰੀਪਨ ਵੀ ਹੈ ਭਾਵਨਾਵਾਂ ਦੇ ਜ਼ਖਮੀ ਹੋਣ ਦੀ ਨਮੋਸ਼ੀ ਤੇ ਦੁੱਖ ਦਰਦ ਵੀ ਹੈ। ਇਹ ਨਮੋਸ਼ੀ ਸਾਨੂੰ ਇਕ ਦੂਜੇ ਤੋਂ ਹੋਰ ਦੂਰ ਲੈ ਜਾ ਰਹੀ ਹੈ ਸਾਨੂੰ ਇਕ ਦੂਜੇ ਦੇ ਹੋਰ ਦੁਸ਼ਮਨ ਬਣਾ ਰਹੀ ਹੈ। ਗਲਤ ਫਹਿਮੀਆਂ ਦਾ ਸਹਿਮ ਹੈ ਅਫਵਾਹਾਂ ਦਾ ਬੋਲਬਾਲਾ ਹੈ।

ਇਕ ਦੂਜੇ ਦੇ ਮੱਥੇ ਦੋਸ਼ ਧਰਨ ਦੀ ਬਜਾਏ ਆਓ ਨਮੋਸ਼ੀ ਸਾਂਝੀ ਕਰੀਏ, ਆਓ ਮਨਾਂ ਦੀ ਨਫਰਤ ਜਿੱਤ ਲਈਏ ਤੇ ਕਮਿਊਨਿਟੀ ਵਿਚ ਫਿਰ ਤੋਂ ਅਮਨ ਚੈਨ ਬਣਾਉਣ ਦਾ ਹੀਲਾ ਕਰੀਏ। ਸਾਡੀ ਕੌਮ ਦਾ ਅਗੇ ਹੀ ਬਹੁਤ ਨੁਕਸਾਨ ਹੋਇਆ ਹੈ ਜਿਨ੍ਹਾਂ ਮਾਵਾਂ ਦੇ ਪੁੱਤ ਗੁਆਚੇ, ਜਿਨ੍ਹਾਂ ਦੇ ਜਵਾਨ ਭਰਾ ਨਹੀਂ ਥਿਆਏ, ਜਿਨ੍ਹਾਂ ਭੈਣਾਂ ਵਿਧਵਾਵਾਂ ਹੋਈਆਂ ਦੀਆਂ ਅੱਖਾਂ ਵਿਚ ਹੰਝੂ ਨਹੀਂ ਮੁੱਕੇ, ਜਿਨ੍ਹਾਂ ਮਾਵਾਂ ਦੇ ਕੰਨਾਂ ਵਿਚ ਤਰਾਹ ਕੇ ਦਮ ਤੋੜ ਰਹੇ ਬੱਚਿਆਂ ਦੀਆਂ ਚੀਕਾਂ ਅਜੇ ਵੀ ਗੂੰਜ ਰਹੀਆਂ ਹਨ, ਆਓ ਉਹਨਾਂ ਦੀਆਂ ਪੁਕਾਰਾਂ ਦਾ ਵਾਸਤਾ ਜੇ ਆਪਣੀ ਕੌਮ ਦੀ ਲਾਜ ਲਈ ਅਗੇ ਵਧੋ, ਹਿੰਮਤ ਕਰੋ, ਤੇ ਜ਼ਿੱਲਤ ਤੋਂ ਕੌਮ ਨੂੰ ਬਚਾਉਣ ਲਈ ਆਪਣੇ ਮੋਢਿਆਂ ਤੇ ਜ਼ਿੰਮੇਦਾਰੀ ਦਾ ਭਾਰ ਮਹਿਸੂਸ ਕਰੋ —

ਆਓ ਅਜੇ ਵੀ ਵਕਤ ਹੈ ਇਹ ਕਲੰਕ ਧੋ ਸੁਟੀਏ
ਆਓ ਹਰ ਉਸ ਲਿਖਤ ਨੂੰ ਪਾੜ ਮਾਰੀਏ ਜਿਸ ਵਿਚੋਂ
ਸਿਰਫ ਨਿਜੀ-ਵੈਰ ਵਿਰੋਧ ਦੀ ਬੂ ਆਉਂਦੀ ਹੋਵੇ।
ਆਓ ਕਮਿਊਨਿਟੀ ਵਿਚ ਹੋਏ ਜਿਸਮਾਨੀ ਹਮਲਿਆਂ ਤੇ
ਹਿੰਸਾ ਦਾ ਡੱਟ ਕੇ ਵਿਰੋਧ ਕਰੀਏ।
ਆਓ ਹਿੰਦ ਸਰਕਾਰ ਦੀਆਂ ਨੀਤੀਆਂ ਦਾ ਡੱਟ ਕੇ ਖੰਡਨ
ਕਰੀਏ ਤੇ ਆਪਣੇ ਹੱਕਾਂ ਲਈ ਪੁਰਜ਼ੋਰ ਮੰਗ ਕਰੀਏ
ਆਓ ਆਪਸੀ ਮੇਲਜੋਲ ਤੇ ਮਨੁਖਤਾ ਬਣਾਈ ਰਖਣ ਲਈ
“ਨਾ ਕੋ ਬੈਰੀ ਨਾ ਹੀ ਬੇਗਾਨਾ” ਦੀ ਤੁੱਕ ਸਨਮੁਖ ਰਖ
ਇਕ ਦੂਜੇ ਨੂੰ ਦੋਸ਼ੀ ਠਹਿਰਾਉਣਾ ਬੰਦ ਕਰੀਏ।

(ਪੰਨਾ 1 ਦੀ ਬਾਕੀ)

ਮਤੇ ਅਨੁਸਾਰ ਪ੍ਰਧਾਨ ਮੰਤਰੀ ਦਾ ਇਸ ਸਬੰਧ ਵਿਚ ਰਵੱਈਆ ਨਾ ਕੇਵਲ “ਨਿੰਦਣਯੋਗ” ਹੈ ਸਗੋਂ ਦੇਸ਼ ਦੀ ਏਕਤਾ ਤੇ ਧਰਮਨਿਰਪਖਤਾ ਲਈ ਵੀ “ਘਾਤਕ” ਹੈ।

ਮਤੇ ਵਿਚ ਕਿਹਾ ਗਿਆ ਹੈ ਕਿ ਪ੍ਰਧਾਨ ਮੰਤਰੀ ਵਲੋਂ ਅਕਾਲੀ ਦਲ ’ਤੇ ਲਾਏ ਜਾ ਰਹੇ ਝੂਠੇ ਦੋਸ਼ਾਂ ਤੋਂ ਪਤਾ ਲੱਗਦਾ ਹੈ ਕਿ ਉਹ ਇਸ ਉਚੇ ਅਹੁਦੇ ਦਾ ਮਾਣ ਘਟਾ ਰਹੇ ਹਨ। ਮਤੇ ਵਿਚ ਇਹ ਗੱਲ ਮੁੜ ਦੁਹਰਾਈ ਗਈ ਹੈ ਕਿ ਸਿੱਖ “ਅਤਿਵਾਦ ਅਤੇ ਵਖਵਾਦ” ਵਿਚ ਯਕੀਨ ਨਹੀਂ ਰਖਦੇ। ਪਾਰਟੀ ਦਾ 60 ਸਾਲਾਂ ਦਾ ਇਤਿਹਾਸ ਇਸ ਦੀ ਜਿਊਂਦੀ ਜਾਗਦੀ ਮਿਸਾਲ ਹੈ ਕਿ ਸਿੱਖਾਂ ਨੇ ਹਮੇਸ਼ਾ ਹੀ “ਪੁਰਅਮਨ” ਰਾਹ ਅਖਤਿਆਰ ਕੀਤਾ ਹੈ।

ਪੁਲੀਸ ਮੁਕਾਬਲੇ:

ਮਤੇ ਵਿਚ ਅੱਗੇ ਚਲ ਕੇ ਕਿਹਾ ਗਿਆ ਹੈ ਕਿ ਪੁਲੀਸ ਨੇ ਭੋਲੇ ਭਾਲੇ ਸਿੱਖਾਂ ਨੂੰ “ਝੂਠੇ ਮੁਕਾਬਲਿਆਂ” ਵਿਚ ਮਾਰ ਕੇ ਅਤਿਵਾਦ ਨੂੰ ਜਨਮ ਦਿਤਾ। ਹਰਿਮੰਦਰ ਸਾਹਿਬ ਉਤੇ ਹਮਲਾ ਅਤੇ ਹਜ਼ਾਰਾਂ ਸਿੱਖਾਂ ਦੇ ਕਤਲ ਨਾਲ ਅਤਿਵਾਦ ਉਭਰਿਆ। ਮਤੇ ਅਨੁਸਾਰ ਸਰਕਾਰ ਅਤੇ ਕਾਂਗਰਸ ਨੇ ਅਕਾਲੀ ਦਲ ਦੀ ਲਹਿਰ ਨੂੰ ਅਸਫਲ ਬਨਾਉਣ ਲਈ ਅਤਿਵਾਦ ਨੂੰ ਉਤਸ਼ਾਹਿਤ ਕੀਤਾ। ਮਤੇ ਵਿਚ ਪ੍ਰਧਾਨ ਮੰਤਰੀ ਨੂੰ ਕਿਹਾ ਗਿਆ ਹੈ ਕਿ ਉਹ ਨਿਕੇ ਨਿਕੇ ਰਾਜਸੀ ਉਦੇਸ਼ਾਂ ਲਈ ਲੋਕਾਂ ਨੂੰ ਗੁੰਮਰਾਹ ਨਾ ਕਰਨ।

ਇਕ ਹੋਰ ਮਤੇ ਰਾਹੀਂ ਮੀਟਿੰਗ ਨੇ ਮੰਗ ਕੀਤੀ ਕਿ ਪੰਜਾਬ ਨੂੰ ਗੜਬੜ ਵਾਲਾ ਖੇਤਰ ਕਰਾਰ ਦੇਣ ਵਾਲਾ ਕਾਨੂੰਨ ਵਾਪਸ ਲਿਆ ਜਾਵੇ, ਸਿੱਖ ਯੁਵਕਾਂ ਦੇ ਮੁਕੱਦਮੇ ਪੰਜਾਬੋਂ ਬਾਹਰਲੀਆਂ ਅਦਾਲਤਾ ਵਿਚ ਚਲਾਉਣ ਦੀ ਪ੍ਰਥਾ ਬੰਦ ਕੀਤੀ ਜਾਵੇ, ਅੰਮ੍ਰਿਤਧਾਰੀ ਸਿੱਖਾਂ ’ਤੇ “ਅਤਿਵਾਦੀ” ਹੋਣ ਦਾ ਠੱਪਾ ਲਾਉਣਾ ਅਤੇ ਉਨ੍ਹਾਂ ਨੂੰ ਝੂਠੇ ਕੇਸਾਂ ਵਿਚ ਫਸਾਉਣਾ ਬੰਦ ਕੀਤਾ ਜਾਵੇ।

ਮੀਟਿੰਗ ਨੇ ਸਰਕਾਰ ਨੂੰ ਕਿਹਾ ਕਿ ਉਹ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤੋਂ ਪਾਬੰਦੀ ਤੁਰੰਤ ਹਟਾਏ।

ਮੀਟਿੰਗ ਨੇ ਰਾਜਾ ਮਾਨ ਸਿੰਘ ਦੀ ਹੱਤਿਆ ਦੀ ਨਿਖੇਧੀ ਕੀਤੀ ਅਤੇ ਇਸ ਨੂੰ “ਸਿਆਸੀ ਕਤਲ” ਦਸਦਿਆ ਕਾਂਗਰਸ (ਆਈ) ’ਤੇ ਜਮੂਹਰੀਅਤ ਦੀ ਪਿੱਠ ਵਿਚ ਛੁਰਾ ਮਾਰਨ ਦਾ ਦੋਸ਼ ਲਾਇਆ।

ਮੀਟਿੰਗ ਨੇ ਸਰਕਾਰ ਨੂੰ ਚਿਤਾਵਨੀ ਦਿਤੀ ਕਿ “ਪੁਲੀਸ ਮੁਕਾਬਲਿਆਂ” ਦੀ ਪ੍ਰਥਾ ਸਮਾਪਤ ਕਰੇ। ਇਕ ਹੋਰ ਮਤੇ ਰਾਹੀਂ ਮੀਟਿੰਗ ਨੇ ਸਰਹੱਦ ਦੇ ਨਾਲ ਲਗਦੀ 500 ਮੀਟਰ ਦੀ ਪੱਟੀ ਨੂੰ ਸੁਰੱਖਿਅਤ ਕਰਾਰ ਦੇਣ ਦਾ ਵੀ ਵਿਰੋਧ ਕੀਤਾ।

(ਪੰਨਾ 1 ਦੀ ਬਾਕੀ)

ਸਿਕਮ

ਸਿਕਮ ਵਿਚ ਕਾਂਗਰਸ (ਆਈ) ਬੁਰੀ ਤਰ੍ਹਾਂ ਹਾਰ ਗਈ ਹੈ। ਕੁੱਲ 32 ਸੀਟਾਂ ਹਨ ਪਰ ਲੋਕਲ ਪਾਰਟੀ ਐਸ. ਐਸ. ਪੀ. ਨੇ 14 ਹਲਕਿਆਂ ਵਿਚੋਂ 13 ਹਲਕੇ ਜਿਤ ਲਏ ਹਨ। ਕੇਵਲ ਇਕ ਵਿਚ ਕਾਂਗਰਸੀ ਜਿਤਿਆ ਹੈ।

ਇਨ੍ਹਾਂ ਚੋਣਾਂ ਦੌਰਾਨ ਦੰਗਿਆਂ ਵਿਚ 70 ਵਿਅਕਤੀ ਮਰੇ ਹਨ ਅਤੇ 150 ਜ਼ਖਮੀ ਹੋਏ ਹਨ।

ਸਭਿਆਚਾਰਕ ਪ੍ਰੋਗਰਾਮ

ਪਿਛਲੇ ਹਫਤੇ 24 ਫਰਵਰੀ ਦੀ ਸ਼ਾਮ ਨੂੰ ਗੁਰਦਿਆਲ ਸਿੰਘ ਦਾ ਗ਼ਜ਼ਲਾਂ ਦਾ ਪ੍ਰੋਗਰਾਮ ਡਗਲਸ ਕਾਲਜ ’ਚ ਨਿਊਵੈਸਟ ਵਿਚ ਹੋਇਆ। ਤਿੰਨ ਘੰਟੇ ਤੋਂ ਜ਼ਿਆਦਾ ਦਾ ਇਹ ਪ੍ਰੋਗਰਾਮ ਕਾਫੀ ਰੌਚਿਕ ਰਿਹਾ। ਅਤੇ ਵਧੀਆ ਮਾਹੌਲ ਵਿਚ ਹੋਇਆ। ਗੁਰਦਿਆਲ ਸਿੰਘ ਰੰਧਾਵਾ ਨੇ ਉਚ ਪੱਧਰ ਦੀਆਂ ਗ਼ਜ਼ਲਾਂ ਸੁਣਾਈਆਂ

‘ਕਬ ਤਕ ਸ਼ਮਾਂ ਜਲੀ, ਯਾਦ ਨਹੀਂ
ਸ਼ਾਮੇ ਗਮ ਕੈਸੇ ਢਲੀ, ਯਾਦ ਨਹੀਂ

ਵਧੀਆ ਤਰਜ਼ਾਂ ਤੇ ਗ਼ਜ਼ਲਾਂ ਦਾ ਇਹ ਪ੍ਰੋਗਰਾਮ ਕੋਈ 400 ਸਰੋਤਿਆਂ ਨੇ ਮਾਣਿਆ। ਪ੍ਰੋਗਰਾਮ ਦਾ ਪ੍ਰਬੰਧ ਕਰਨ ਵਾਲੇ ਕਰਨੈਲ ਮਾਨ, ਸੁਰਿੰਦਰ ਤੂਰ, ਨਰਿੰਦਰ ਭਾਗੀ, ਭੂਪਿੰਦਰ ਧਾਲੀਵਾਲ ਅਤੇ ਇਨ੍ਹਾਂ ਦੇ ਸਾਥੀ ਵਧਾਈ ਦੇ ਪਾਤਰ ਹਨ। ਆਸ ਹੈ ਕਿ ਸਭ ਕਲਾ ਨਾਲ ਪਰੇਮ ਰੱਖਣ ਵਾਲੇ ਆਉਣ ਵਾਲੇ ਸਮੇਂ ਵਿਚ ਵੀ ਕਲਾ ਦੀ ਸੇਵਾ ਇਸੇ ਤਰਾਂ ਕਰਦੇ ਰਹਿਣਗੇ।

(ਪੰਨਾ 4 ਦੀ ਬਾਕੀ)

ਦਲੀਲਵਾਜੀ ਜਬਾਬ ਦਿਤਿਆਂ ਉਸ ਤੇ ਸਰੀਰਕ ਹਮਲੇ ਕਰਨ ਵਾਲਿਆਂ ਦਾ ਜੋਰਦਾਰ ਵਿਰੋਧ ਕਰਦੇ ਹੋਏ ਲੋਕਾਂ ਨੂੰ ਇਨ੍ਹਾਂ ਦੀਆਂ ਲੋਕ ਵਿਰੋਧੀ ਚਾਲਾਂ ਤੋਂ ਮੁਕਤ ਕਰਾਉਣ ਦਾ ਫੈਸਲਾ ਕੀਤਾ। ਸਾਰੇ ਇਨਸਾਨੀਅਤ ਨਾਲ ਹਮਦਰਦੀ ਰੱਖਣ ਵਾਲਿਆਂ ਨੂੰ ਜੋਰਦਾਰ ਅਪੀਲ ਕੀਤੀ ਗਈ ਕਿ ਆਉ ਸਭ ਇਕੱਠੇ ਹੋ ਕੇ ਇਨ੍ਹਾਂ ਠੱਗਾਂ ਦੀਆਂ ਭਾਜੜਾਂ ਲਵਾਈਏ। ਮੀਟਿੰਗ ਚ ਕਿਹਾ ਗਿਆ ਕਿ ਜਿਸ ਤਰ੍ਹਾਂ ਭਾਰਤ ਵਿਚ ਕੁਰਸੀ ਤੇ ਬੈਠੀਆਂ ਅਤੇ ਕੁਰਸੀ ਲਈ ਤਰਲੋਮੱਛੀ ਕਰਦੀਆਂ ਵਖੋ ਵਖਰੇ ਰੰਗਾਂ ਵਿਚਲੀਆਂ ਪਾਰਟੀਆਂ ਲੋਕਾਂ ਚ ਫੁੱਟ ਪਾਕੇ ਖਿਚੋਤਾਣ ਪੈਦਾ ਕਰਨ ਲਈ ਜੁੰਮੇਵਾਰ ਹਨ। ਉਸ ਤਰ੍ਹਾਂ ਇਥੇ ਕੈਨੇਡਾ ਚ ਵੀ ਵਗਦੀ ਸਾਰੀ ਭਾਰਤੀ ਕਮਿਊਨਿਟੀ ਚ ਵਖੋ-ਵਖਰੇ ਫੁੱਟ ਪਾਊ, ਖਿਚੋਤਾਣ ਪੈਦਾ ਕਰਨ ਵਾਲੇ ਸ਼ੋਸ਼ੇ ਛੱਡ ਕੇ ਉਹੀ ਸਾਰੀਆਂ ਪਾਰਟੀਆਂ ਗੜਬੜ ਕਰਨ ਲਈ ਜੁੰਮੇਵਾਰ ਹਨ ਉਨ੍ਹਾਂ ਚ ਭਾਵੇਂ ਕਾਂਗਰਸ ਆਈ ਦਾ ਹੱਥ ਹੋਵੇ, ਅਕਾਲੀਆਂ ਦਾ ਜਾਂ ਕਿਸੇ ਹੋਰ ਦਾ।

ਜਿਹੜੇ ਅੱਜ ਕੌਮ ਦੇ ਨੇਤਾ ਬਣੇ ਫਿਰਦੇ ਹਨ ਉਨ੍ਹਾਂ ਨੇ ਕਦੇ ਵੀ ਹਮਦਰਦੀ ਲਈ ਕੁਝ ਨਹੀਂ ਕੀਤਾ, ਨਾ ਹੀ ਹੁਣ ਕਰ ਰਹੇ ਹਨ ਅਤੇ ਪਿਛਲੇ ਕਾਫੀ ਸਮੇਂ ਤੋਂ ਗੁਰਦੁਆਰਿਆਂ ਦੀਆ ਗੋਲਕਾਂ ਅਤੇ ਸਰਕਾਰੀ ਗਰਾਂਟਾਂ ਦੇ ਵੱਧ ਤੋਂ ਵੱਧ ਹਿਸੇ ਹਿਕ ਦੂਸਰੇ ਕੋਲੋਂ ਖੋਹਣ ਲਈ ਪਾਏ ਗਏ ਖੌਰੂ (ਖੂਨ ਖਰਾਬੇ) ਸਾਨੂੰ ਅਤੇ ਸਭਨੂੰ ਸਾਫ ਜਾਹਿਰ ਕਰਦੇ ਹਨ ਕਿ ਇਨ੍ਹਾਂ ਨੇ ਕਿਸੇ ਲਈ ਕੁਝ ਕਰਨਾ ਵੀ ਨਹੀਂ ਹੈ। ਇਨ੍ਹਾਂ ਤੇ ਕਿਸੇ ਕਿਸਮ ਦੀ ਟਿੱਪਣੀ ਕਰਨ ਵਾਲਿਆਂ ਉਤੇ ਇਨ੍ਹਾਂ ਵਲੋਂ ਕੀਤੇ ਗਏ ਸਰੀਰਕ ਹਮਲੇ ਜਾਂ ਧਮਕੀਆਂ ਦਾ ਖਾਸ਼ ਨੋਟਿਸ ਲਿਆ ਗਿਆ। ਪਹਿਲਾਂ ਕੈਲੇਫੋਰਨੀਆਂ ਚ ਐਂਟੀ ਪਾ ਵਾਲਿਆਂ ਤੇ ਫਿਰ ਵੈਨਕੂਵਰ ਚ ਗੁਰਚਰਨ ਰਾਮਪੁਰੀ ਅਤੇ ਹੁਣ ਉੱਜਲ ਦੁਸਾਂਝ ਤੇ ਕੀਤੇ ਸਰੀਰਕ ਹਮਲਿਆਂ ਅਤੇ ਟੋਰੰਟੋ ਚ ਨਵੰਬਰ 82 ਨੂੰ ਇਨ੍ਹਾਂ ਦਾ ਵਿਰੋਧ ਕਰਨ ਵਾਲਿਆਂ ਤੇ ਗੋਲੀ ਚਲਾਉਣੀ, ਪੰਜਾਬੀ ਲੇਖਕ ਸੁਖਿੰਦਰ ਅਤੇ ਕਮਿਊਨਿਟੀ ਵਰਕਰ ਦੀਪ ਸਿੰਘ ਨੂੰ ਫੋਨਾਂ ਰਾਹੀਂ ਅਕਤੂਬਰ ਨਵੰਬਰ 84 ਚ ਕਤਲ ਕਰਨ ਦੀਆਂ ਧਮਕੀਆਂ ਨੂੰ ਮੱਦੇ ਨਜ਼ਰ ਰਖਦੇ ਹੋਏ ਕਿਹਾ ਗਿਆ ਕਿ ਇਹ ਭਾਵੇਂ ਸਾਡੇ ਕੋਈ ਵੀ ਨੁਕਸਾਨ ਕਿਉਂ ਨਾ ਕਰ ਦੇਣ ਪਰ ਆਪਣੇ ਨਿਸ਼ਾਨੇ ਤੋਂ ਪਿੱਛੇ ਨਹੀਂ ਹਟਣਾ। ਇਨ੍ਹਾਂ ਵਲੋਂ ਟੋਰੰਟੋ ਦੀਪ ਸਿੰਘ ਅਤੇ ਉਸ ਦੇ ਕੁਝ ਹੋਰ ਸਾਥੀਆਂ ਤੇ ਕਚਿਹਰੀ ਚ ਕੀਤੇ ਗਏ ਹੱਤਕ ਦੇ ਦੋ ਲੱਖ ਡਾਲਰ ਦੇ ਮੁਕਦਮੇਂ ਵੱਲ ਵੀ ਧਿਆਨ ਦਿਤਾ ਗਿਆ। ਜਿਨ੍ਹਾਂ ਸਾਥੀਆਂ ਦਾ ਕਿਸੇ ਕਿਸਮ ਦਾ ਵੀ ਨੁਕਸਾਨ ਹੋਵੇ ਉਨ੍ਹਾਂ ਦੇ ਮੋਢੇ ਨਾਲ ਮੋਢਾ ਲਾ ਕੇ ਚਲਣ ਲਈ ਫੈਸਲੇ ਕੀਤੇ ਗਏ।

ਕੈਨੇਡੀਅਨ ਸਰਕਾਰ ਨੂੰ ਵੀ ਤਾੜਨਾ ਕੀਤੀ ਗਈ ਕਿ ਪਹਿਲਾਂ ਹੀ ਇਨ੍ਹਾਂ ਖਰੂਦੀਆਂ ਵਲੋਂ ਕਾਫੀ ਖਿਚੋਤਾਣ ਪੈਦਾ ਕੀਤੀ ਹੋਈ ਹੈ, ਅਗਰ ਵੇਲੇ ਸਿਰ ਇਨ੍ਹਾਂ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਹਰੇਕ ਤਰ੍ਹਾਂ ਦੀ ਵਾਪਰੀ ਦੁਖਦਾਈ ਘਟਨਾ ਲਈ ਜੁਮੇਵਾਰ ਵੀ ਸਰਕਾਰ ਹੀ ਹੋਵੇਗੀ।

ਅਗਲੇ ਪਰੋਗਰਾਮ ਤਿਆਰ ਕਰਨ ਲਈ ਇਕ ਕਮੇਟੀ ਬਣਾਈ ਗਈ ਜਿਸ ਦੇ ਮੈਂਬਰ ਸ. ਮਹਿੰਦਰ ਸਿੰਘ ਉਪਲ, ਮੈਂਬਰ ਈ. ਆਈ. ਡਬਲਯੂ. ਏ. ਵਰਿੰਦਰ ਸ਼ਰਮਾ (ਇਪਾਨਾ), ਇਕਬਾਲ ਰਾਮੂਵਾਲੀਆ ਪੰਜਾਬੀ ਲੇਖਕ ਅਤੇ ਬਲਰਾਜ ਦਿਓਲ।

ਹਰੇਕ ਤਰ੍ਹਾਂ ਦੀ ਜਾਣਕਾਰੀ ਲਈ ਫੋਨ ਕੀਤਾ ਜਾਂ ਲਿਖਿਆ ਜਾ ਸਕਦਾ ਹੈ:—

ਦੀਪ ਸਿੰਘ — 745-9796
ਸੁਖਰਾਜ ਕਾਲਿਗੀ — 671-8738

P. O. BoX 1135
Station "B"
WESTON, ONT. Canada M9L 2R8

● **ਸ਼ਾਦੀ**

ਉਸ ਰਸਮ ਦਾ ਨਾਂ ਹੈ ਜਿਸ 'ਚ ਹਰ ਆਦਮੀ ਆਪਣੀ ਸਾਰੀ ਉਮਰ ਦੀ ਪੂੰਜੀ ਗੁਆ ਬਹਿੰਦਾ ਹੈ ਤੇ ਬਾਕੀ ਉਮਰ ਕਰਜ਼ ਉਤਾਰਨ 'ਚ ਬਿਤਾ ਦਿੰਦਾ ਹੈ।

● ਸੁਰਜੀਤ

ਦੋ ਕੰਨਿਆਵਾਂ ਦੀ ਲੋੜ

ਮਾਲਵੇ ਦੇ ਦੋ ਜੱਟ ਸਿਖ ਲੜਕੇ ਜਿੰਨ੍ਹਾਂ ਵਿਚੋਂ ਇਕ ਲੜਕਾ ਕੈਨੇਡੀਅਨ ਇਮੀਗਰੇਂਟ ਹੈ। ਉਮਰ 23 ਸਾਲ ਹੈ। ਕੱਦ 5 ਫੁੱਟ 8 ਇੰਚ ਹੈ। ਦੂਸਰਾ ਲੜਕਾ ਇੰਡੀਆ ਵਿਚ ਹੈ। ਜਿਸਦੀ ਉਮਰ 19 ਸਾਲ ਹੈ। ਕੱਦ 5 ਫੁੱਟ 9 ਇੰਚ ਹੈ। ਇੰਡੀਆ ਵਾਲੇ ਲੜਕੇ ਵਾਸਤੇ ਸਿਟੀਜਨ ਜਾਂ ਇਮੀਗਰੇਂਟ ਲੜਕੀ ਦੀ ਲੋੜ ਹੈ। ਕੈਨੇਡਾ ਵਾਲੇ ਲੜਕੇ ਲਈ ਲੜਕੀ ਭਾਵੇਂ ਇੰਡੀਆ ਵਿਚ ਹੋਵੇ। ਚਾਹਵਾਨ ਸੱਜਣ ਵੇਰਵੇ ਸਮੇਤ ਹੇਠ ਲਿਖੇ ਪਤੇ ਤੇ ਚਿੱਠੀ ਅਤੇ ਫੋਨ ਨੰਬਰ ਭੇਜਣ —

M.S.
C/o The Canada Darpan
Box 67344 Stn. O
Vancouver, B.C. V5W 3T1

ਨਿਊਵੈਸਟ ਗੁਰੂ ਘਰ ਵਿਚ ਅਜੀਤ ਸਿੰਘ ਧਾਮੀ ਤੇ ਹਮਲਾ

ਨਿਊਵੈਸਟ — 2 ਮਾਰਚ 1985 ਨੂੰ ਅਜੀਤ ਸਿੰਘ ਧਾਮੀ ਸ਼ਾਮ ਦੇ ਤਕਰੀਬਨ ਅੱਠ ਪਜੇ ਨਿਊਵੈਸਟ ਗੁਰਦੁਆਰੇ ਵਿਚ ਬੱਚਿਆਂ ਨੂੰ ਲੈ ਕੇ ਗਏ। ਜਦ ਉਹ ਲੰਗਰ ਵਿਚ ਪਹੁੰਚੇ ਤਾਂ ਇਥੇ ਕਿਸੇ ਸੱਜਣ ਪਾਸ ਬੈਠ ਗਏ। ਥੋੜੇ ਚਿਰ ਬਾਅਦ ਇਨ੍ਹਾਂ ਦਾ ਇਕ ਜਾਣੂ ਵਿਅਕਤੀ ਅੰਦਰ ਆਇਆ। ਹਾਲ ਚਾਲ ਪੁੱਛਣ ਤੋਂ ਬਾਅਦ ਉਸਨੇ ਦੱਸਿਆ ਕਿ ਉਹ ਆਪਣੀ ਜਥੇਬੰਦੀ ਦੀ ਖਾਸ ਮੀਟਿੰਗ ਵਿਚ ਜਾ ਰਿਹਾ ਸੀ। ਅਜੀਤ ਸਿੰਘ ਧਾਮੀ ਨੇ ਸਹਿਜ ਸੁਭਾਅ ਹੀ ਸੁਝਾਅ ਦਿਤਾ ਕਿ ਇਥੇ ਅਤੇ ਇੰਡੀਆ ਦੋਹਾਂ ਦੇਸ਼ਾਂ ਦੇ ਰਹਿਣ ਵਾਲੇ ਲੋਕਾਂ ਬਾਰੇ ਸੋਚੋ ਤੇ ਸਾਂਝੇ ਭਲੇ ਲਈ ਕੰਮ ਕਰੋ। ਉਸ ਵਿਅਕਤੀ ਬਿਨਾਂ ਚੇਹਰੇ ਦੇ ਪ੍ਰਭਾਵ ਦਿਤੇ ਕਿ ਆਪਾਂ ਬਾਹਰ ਗੱਲ ਕਰਦੇ ਹਾਂ। ਕਿਉਂਕਿ ਲੰਗਰ ਵਿਚ ਰੌਲੇ ਗੌਲੇ ਵਿਚ ਗੱਲ ਨਹੀਂ ਹੁੰਦੀ। ਅਜੀਤ ਸਿੰਘ ਧਾਮੀ ਸਹਿਜ ਸੁਭਾਅ ਹੀ ਦਰਵਾਜ਼ੇ ਦੇ ਬਾਹਰ ਚਲੇ ਗਏ। ਉਥੇ ਦੋ ਹੋਰ ਵਿਅਕਤੀ ਉਨ੍ਹਾਂ ਦੀ ਉਡੀਕ ਪਹਿਲਾਂ ਹੀ ਕਰ ਰਹੇ ਸਨ। ਬਿਨਾਂ ਕੁਝ ਕਹੇ ਹੀ ਇਕ ਨੇ ਬਾਂਹ ਫੜ ਕੇ ਤੇ ਦੂਜੇ ਦੋਹਾਂ ਨੇ ਧੌਲ ਲੱਫਾ ਕਰਦਿਆਂ ਅਜੀਤ ਸਿੰਘ ਧਾਮੀ ਨੂੰ ਥੱਲੇ ਸੁੱਟ ਲਿਆ। ਅਜੀਤ ਸਿੰਘ ਧਾਮੀ ਨੇ ਝੱਟ ਹਿੰਮਤ ਕਰਕੇ ਉਠਣ ਦੀ ਕੋਸ਼ਿਸ਼ ਕੀਤੀ ਅਤੇ ਇਕ ਦੇ ਲੱਤ ਮਾਰੀ ਜੋ ਡਿੱਗ ਪਿਆ। ਬਾਅਦ ਵਿਚ ਬਾਕੀ ਦੋਵਾਂ ਨੂੰ ਵੀ ਅਜੀਤ ਸਿੰਘ ਧਾਮੀ ਨੇ ਪਰੇ ਹਟਾਅ ਦਿਤਾ। ਤੇ ਉਨ੍ਹਾਂ ਨੂੰ ਗੇਟ ਦੇ ਪਾਸ ਜਾ ਕੇ ਲਲਕਾਰਿਆ ਕਿ ਮੈਂ ਤਿਆਰ ਹਾਂ ਜੇ ਕਿਸੇ ਵਿਚ ਹਿੰਮਤ ਹੈ ਤਾਂ ਮੇਰੇ ਨੇੜੇ ਆਓ। ਅਜੀਤ ਸਿੰਘ ਧਾਮੀ ਨੇ ਪੁਲੀਸ ਨੂੰ ਖਬਰ ਕਰ ਦਿਤੀ। ਇਕ ਵਿਅਕਤੀ ਨੂੰ ਤਾਂ ਅਜੀਤ ਸਿੰਘ ਧਾਮੀ ਜਾਣਦੇ ਹਨ ਤੇ ਉਹ ਨਿਊਵੈਸਟ ਹੀ ਰਹਿੰਦਾ ਹੈ। ਦੂਜੇ ਦੋਵਾਂ ਦੇ ਚੇਹਰੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਯਾਦ ਹਨ।

ਅਜੀਤ ਸਿੰਘ ਧਾਮੀ ਡਾ: ਅੰਬਦੇਕਰ ਯਾਦਗਾਰੀ ਐਸੋਸੀਏਸ਼ਨ ਦੇ ਮੈਂਬਰ ਹਨ। ਉਨ੍ਹਾਂ ਫਿਕਰ ਜ਼ਾਹਿਰ ਕੀਤੀ ਹੈ ਕਿ ਮੈਂ ਭਾਰਤੀ ਫੌਜ ਵਿਚ ਰਹਿਣ ਕਾਰਨ ਦਾਅ ਪੇਚ ਵਰਤ ਕੇ ਮਸਾਂ ਹੀ ਬਚਿਆ ਹਾਂ। ਅਜੀਤ ਸਿੰਘ ਧਾਮੀ ਸਕੂਲ ਬੋਰਡ ਵੈਨਕੂਵਰ ਵਿਚ ਮੁਲਾਜ਼ਮ ਹਨ।

ਹਰਿਆਣਾ ਵਲੋਂ ਦੰਗਾ ਪੀੜਤਾਂ ਨੂੰ 55 ਲੱਖ ਦੀ ਸਹਾਇਤਾ

ਚੰਡੀਗੜ੍ਹ — (ਸਟਾਫ ਰਿਪੋਰਟਰ) — ਸ੍ਰੀਮਤੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਤੁਰੰਤ ਬਾਅਦ ਹਰਿਆਣਾ ਵਿਚ ਵਾਪਰੇ ਹਿੰਸਕ ਦੰਗਿਆਂ ਦੇ ਪੀੜਤਾ ਨੂੰ ਰਾਜ ਸਰਕਾਰ ਹੁਣ ਤਕ 55 ਲੱਖ ਰੁਪਏ ਵਿੱਤੀ ਸਹਾਇਤਾ ਦੇ ਚੁੱਕੀ ਹੈ ਅਤੇ ਹੋਰ ਦੇਣ ਸੰਬੰਧੀ ਜ਼ਿਲਾ ਅਧਿਕਾਰੀਆਂ ਨੂੰ ਕਿਹਾ ਗਿਆ ਹੈ।

ਪੰਜਾਬ ਦੇ ਲੋਕਾਂ ਵਿਚ ਸਵੈ— ਭਰੋਸਾ ਵਧ ਰਿਹੈ —ਸਤਾਰਵਾਲਾ—

ਲੁਧਿਆਣਾ — (ਵਿਸ਼ੇਸ਼ ਪ੍ਰਤੀਨਿਧ) — ਪੰਜਾਬ ਦੇ ਰਾਜਪਾਲ ਕੇ. ਟੀ. ਸਤਾਰਾਵਾਲਾ ਨੇ ਕਿਹਾ ਹੈ ਕਿ ਕੋਈ ਸਿਖ ਪ੍ਰਵਾਸੀ ਪੰਜਾਬ ਨਹੀਂ ਆ ਰਿਹਾ ਹੈ ਬਲਕਿ ਬਾਹਰੋਂ ਆਏ ਸਿੱਖਾਂ ਦੀ ਬਹੁ ਗਿਣਤੀ ਆਪੋ ਆਪਣੇ ਸਥਾਨਾਂ ਨੂੰ ਵਾਪਸ ਚਲੇ ਗਈ ਹੈ।

ਅੱਜ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਸਤਾਰਾਵਾਲਾ ਨੇ ਕਿਹਾ ਕਿ ਰਾਜ ਦੇ ਲੋਕਾਂ ਵਿਚ ਸਵੈ ਵਿਸ਼ਵਾਸ ਵਧ ਰਿਹਾ ਹੈ ਤੇ ਕਈ ਨਵੀਆਂ ਸਨਅਤਾਂ ਲਗ ਰਹੀਆ ਹਨ। ਉਨ੍ਹਾਂ ਦਸਿਆ ਕਿ ਕੈਨੇਡਾ ਤੋਂ ਕਈ ਬੰਦੇ ਪੰਜਾਬ ਵਿਚ ਉੱਚ ਤਕਨੀਕੀ ਇਕਾਈਆਂ ਲਗਾਉਣ ਦੇ ਇਛੁਕ ਹਨ।

ਰਾਜਪਾਲ ਨੇ ਪੰਜਾਬ ਮਸਲੇ ਦੇ ਸਿਆਸੀ ਹੱਲ ਦੀਆਂ ਸੰਭਾਵਨਾਵਾਂ ਬਾਰੇ ਟਿਪਣੀ ਕਰਨ ਤੋਂ ਇਨਕਾਰ ਕਰ ਦਿਤਾ। ਪੱਤਰਕਾਰਾਂ ਨੇ ਸੀਨੀਅਰ ਸਲਾਹਕਾਰ ਆਰ. ਵੀ. ਸੁਬਰਾਮਨੀਅਨ ਦੀ ਅਕਾਲੀ ਆਗੂ ਸੰਤ ਹਰਚੰਦ ਸਿੰਘ ਲੌਂਗੋਵਾਲ ਨਾਲ ਮੀਟਿੰਗ ਦਾ ਜ਼ਿਕਰ ਕੀਤਾ।

ਉਨ੍ਹਾਂ ਦਾ ਧਿਆਨ ਅਕਾਲੀ ਦਲ ਵਲੋਂ ਅੰਦੋਲਨ ਮੁੜ ਸ਼ੁਰੂ ਕਰਨ ਦੀ ਧਮਕੀ ਵਲ ਦਿਵਾਏ ਜਾਣ ਤੇ ਰਾਜਪਾਲ ਨੇ ਕਿਹਾ ਕਿ ਸਥਿਤੀ ਦਾ ਮੁਕਾਬਲਾ ਹਾਲਾਤ ਅਨੁਸਾਰ ਕੀਤਾ ਜਾਏਗਾ।

ਇਕ ਸਵਾਲ ਦੇ ਉੱਤਰ ਵਿਚ ਸ੍ਰੀ ਸਤਾਰਾਵਾਲਾ ਨੇ ਦਾਅਵਾ ਕੀਤਾ ਕਿ ਪੰਜਾਬ ਵਿਚ ਬਿਜਲੀ ਸਪਲਾਈ ਦੀ ਸਥਿਤੀ ਕਈ ਰਾਜਾਂ ਨਾਲੋਂ ਬਿਹਤਰ ਹੈ ਉਨ੍ਹਾਂ ਦਾ ਵਿਚਾਰ ਸੀ ਕਿ ਰੋਪੜ ਤਾਪ ਬਿਜਲੀਘਰ ਦੀ ਦੂਸਰੀ ਇਕਾਈ ਅਪਰੈਲ ਵਿਚ ਸ਼ੁਰੂ ਹੋਣ ਅਤੇ ਛੇ ਮਾਰਚ ਨੂੰ ਬਠਿੰਡਾ ਵਿਚੇ ਗੁਰੂ ਨਾਨਕ ਤਾਪ ਬਿਜਲੀ ਘਰ ਦੀ ਚੌਥੀ ਇਕਾਈ ਚਾਲੂ ਹੋਣ ਨਾਲ ਬਿਜਲੀ ਦੀ ਸਥਿਤੀ ਕੁਝ ਸੁਧਰੇਗੀ।

ਪੰਜਾਬ ਮਸਲਾ ਹੱਲ ਕਰਨ ਵਿਚ ਪੰਜਾਬ ਪ੍ਰਸ਼ਾਸਨ ਦੇ ਯੋਗਦਾਨ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਸਾਡਾ ਹਿਸਾ ਇੰਨਾ ਕੁ ਹੀ ਹੈ ਕਿ ਅਸੱ ਅਮਨ ਕਾਨੂੰਨ ਬਣਾਈ ਰਖਿਆ ਹੈ।

ਸ੍ਰੀ ਸਤਾਰਾਵਾਲਾ ਇਥੇ ਹੰਬੜਾ ਸਨਅਤੀ ਵਿਕਾਸ ਕੰਪਲੈਕਸ ਦਾ ਨੀਂਹ ਪੱਥਰ ਰੱਖਣ ਆਏ ਸਨ। ਕੰਪਲੈਕਸ ਵਿਚ ਪਹਿਲੇ ਪੜਾਅ ਦੌਰਾਨ 30 ਲੱਖ ਰੁਪਏ ਦੀਆਂ ਸਨਅਤਾਂ ਲਗ ਰਹੀਆਂ ਹਨ।

ਹੰਬੜਾ ਪਿੰਡ ਵਿਚ ਅਜ ਮੇਲੇ ਜਿਹਾ ਦ੍ਰਿਸ਼ ਸੀ। ਉਥੇ ਸਨਅਤੀ ਵਸਤਾਂ ਦੀ ਇਕ ਵੱਡੀ ਪ੍ਰਦਰਸ਼ਨੀ ਲਗੀ ਸੀ ਇਕ ਖੂਨਦਾਨ ਕੈਂਪ ਤੇ ਇਕ ਪਰਿਵਾਰ ਵਿਉਂਤਬੰਦੀ ਕੈਂਪ ਲਗਿਆ। ਇਸ ਤੋਂ ਇਲਾਵਾ ਇਸ ਮੌਕੇ ਤੇ ਪੰਜ ਕਰੋੜ ਰੁਪਏ ਦੇ ਕਰਜ਼ੇ ਵੀ ਵੰਡੇ ਗਏ।

ਡਾ: ਹਰੀ ਸ਼ਰਮਾ ਨਾਲ ਮੁਲਾਕਾਤ

□ਦਰਸ਼ਨ ਗਿੱਲ



(ਵੈਨਕੂਵਰ ਵਿਚ ਮੀਡੀਆ ਸੈਂਟਰ ਵਿਚ ਜੋ ਰੌਬਸਨ ਸੁਕੇਅਰ ਵਿਚ ਹੈ 4 ਮਾਰਚ 1985 ਦੇ ਸ਼ਾਮ ਦੇ ਸੱਤ ਵਜੇ ਤੋਂ ਫੋਟੋਆਂ ਦੀ ਨੁਮਾਇਸ਼ ਲੱਗੀ ਹੋਈ ਹੈ ਇਸ ਵਿਚ ਬੀ. ਸੀ. ਦੇ 20 ਫੋਟੋ ਗਰਾਫਰਾਂ ਦੀਆਂ ਪੰਜ ਪੰਜ ਫੋਟੋ ਨੁਮਾਇਸ਼ ਲਈ ਚੁਣੀਆਂ ਗਈਆਂ ਹਨ। ਜਿਨ੍ਹਾਂ ਵਿਚ ਡਾ: ਹਰੀ ਸ਼ਰਮਾ ਦੀਆਂ ਪੰਜ ਫੋਟੋ ਵੀ ਸ਼ਾਂਮਲ ਹਨ। ਇਸ ਨੁਮਾਇਸ਼ ਦਾ ਪ੍ਰਬੰਧ ਨੈਸ਼ਨਲ ਐਸੋਸੀਏਸ਼ਨ ਆਫ ਫੋਟੋ ਗਰਾਫੀ ਕਾਰਡ ਅਤੇ ਬਰਨਬੀ ਆਰਟ ਕੌਂਸਲ ਵਲੋਂ ਕੀਤਾ ਗਿਆ ਹੈ। ਇਹ ਨੁਮਾਇਸ 15 ਮਾਰਚ 1985 ਤੱਕ ਜਾਰੀ ਰਹੇਗੀ। ਭਾਰਤੀ ਕਮਿਊਨਿਟੀ ਲਈ ਇਹ ਮਾਣ ਵਾਲੀ ਗੱਲ ਹੈ ਕਿ ਡਾ: ਹਰੀ ਸ਼ਰਮਾ ਦੀ ਫੋਟੋ ਗਰਾਫੀ ਨੂੰ ਇਹ ਸਨਮਾਨ ਮਿਲਿਆ ਹੈ। ਇਸ ਸ਼ਬੰਧ ਵਿਚ ਪਿਛਲੇ ਦਿਨ ਇਕ ਕੀਤੀ ਗਈ ਮੁਲਾਕਾਤ ਹਾਜ਼ਰ ਹੈ।— ਸੰਪਾਦਕ)

ਗਿੱਲ : ਡਾ: ਹਰੀ ਸ਼ਰਮਾ, ਲੋਕ ਤੁਹਾਨੂੰ ਸੋਸ਼ਆਲੋਜਿਸਟ ਦੇ ਤੌਰ ਤੇ ਜਾਣਦੇ ਹਨ ਜਾਂ ਸਿਆਸੀ ਐਕਟਵਿਸਟ ਦੇ ਤੌਰ ਤੇ, ਇਹ ਫੋਟੋਗਰਾਫ਼ੀ ਦਾ ਸ਼ੌਕ ਕਦੋਂ ਤੋਂ ਹੈ?

ਸ਼ਰਮਾ : ਇਹ ਸ਼ੌਕ 1957-58 ਤੋਂ ਸ਼ੁਰੂ ਹੋਇਆ ਜਦੋਂ ਕਿਸੇ ਨੇ ਇਕ ਕੈਮਰਾ ਮੈਨੂੰ ਤੋਹਫ਼ੇ ਦੇ ਤੌਰ ਉਤੇ ਦਿਤਾ। ਮੈਂ ਪਹਿਲਾਂ ਕਦੀ ਫੋਟੋਗਰਾਫ਼ੀ ਬਾਰੇ ਸੋਚਿਆ ਹੀ ਨਹੀਂ ਸੀ। ਇਹ ਸ਼ੌਕ ਹੋਰ ਵੀ ਵਧ ਗਿਆ ਜਦ ਤੋਂ ਮੇਰੀਆਂ ਖਿਚੀਆਂ ਤਸਵੀਰਾਂ ਪਿਛਲੇ ਦਸ ਸਾਲ ਤੋਂ ਫਰਾਂਸ, ਜਰਮਨੀ, ਇੰਗਲੈਂਡ, ਨਾਰਵੇ ਵਿਚ ਛਪਣ ਲੱਗੀਆਂ ਅਤੇ ਨਾਰਥ ਅਮਰੀਕਾ ਦੇ ਕਈ ਮੈਗਜ਼ੀਨਾਂ ਵਿਚ ਵੀ ਛਪ ਚੁਕੀਆਂ ਹਨ। ਹੁਣ ਤਾਂ ਤਸਵੀਰਾਂ ਅਤੇ ਨਾਲ ਖਿਚੀਆਂ ਕਵਿਤਾਵਾਂ ਪੰਜਾਬੀ, ਹਿੰਦੀ, ਤੇਲਗੂ, ਮਰਾਠੀ ਆਦਿ ਵਿਚ ਵੀ ਛਪੀਆਂ ਹਨ।

ਗਿੱਲ : ਫੋਟੋਗਰਾਫ਼ੀ ਤੁਹਾਡਾ ਕੇਵਲ ਸ਼ੌਕ ਹੈ ਜਾਂ ਕੋਈ ਸੁਨੇਹਾ ਇਨ੍ਹਾਂ ਤਸਵੀਰਾਂ ਰਾਹੀਂ ਤੁਸੀਂ ਦੇਣਾ ਚਾਹੁੰਦੇ ਹੋ?

ਸ਼ਰਮਾ : ਇਕੱਲਾ ਸ਼ੌਕ ਨਹੀਂ ਸਗੋਂ ਮੇਰੀਆਂ ਖਿਚੀਆਂ ਤਸਵੀਰਾਂ ਵਿਚ ਸਮਾਜਕ ਸੁਨੇਹਾ ਹੈ। ਸਮਾਜ-ਸ਼ਾਸ਼ਤਰੀ ਅਤੇ ਮਾਰਕਸਿਸਟ ਹੁੰਦਿਆਂ ਇਕ ਖਾਸ ਅੱਖ ਮੇਰੇ ਕੋਲ ਹੈ ਜਿਸ ਰਾਹੀਂ ਮੈਂ ਜ਼ਿੰਦਗੀ ਦੀ ਸਮੁੱਚਤਾ (Totality of life) ਨੂੰ ਦੇਖਦਾ ਹਾਂ। ਮੈਂ ਇੰਟਰਨੈਸ਼ਨਲ ਐਸੋਸੀਏਸ਼ਨ ਆਫ਼ ਵਿਜ਼ੂਅਲ ਸੋਸ਼ਆਲੋਜੀ ਦਾ ਵੀ ਮੈਂਬਰ ਹਾਂ ਜਿਸ ਰਾਹੀਂ ਇਹ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਤਸਵੀਰਾਂ ਰਾਹੀਂ ਇਸ ਸਮਾਜ ਨੂੰ ਕਿਸ ਤਰ੍ਹਾਂ ਬਿਹਤਰ ਬਣਾਇਆ ਜਾ ਸਕਦਾ ਹੈ। ਸਲਾਈਡਾਂ ਦੀ ਵੀ ਵਰਤੋਂ ਕੀਤੀ ਜਾਂਦੀ ਹੈ।

ਗਿੱਲ : ਜਦੋਂ ਤੁਸੀਂ ਤਸਵੀਰ ਖਿੱਚਦੇ ਹੋ ਤਾਂ ਤੁਹਾਡੀ ਮਨਸ਼ਾ ਕੀ ਹੁੰਦੀ ਹੈ?

ਸ਼ਰਮਾ : ਮੈਂ ਹਮੇਸ਼ਾਂ ਆਮ ਲੋਕਾਂ ਦੀਆਂ ਤਸਵੀਰਾਂ ਖਿਚਦਾ ਹਾਂ ਤਾਂ ਆਮ ਲੋਕ ਹੀ ਮੇਰੀ ਦਿਲਚਸਪੀ ਦਾ ਕੇਂਦਰ ਹਨ। ਉਹ ਲੋਕ ਜੋ ਸੜਕਾਂ ਤੇ ਰਹਿੰਦੇ ਹਨ, ਝੁੱਗੀਆਂ ਵਿਚ ਗੁਜ਼ਾਰਾ ਕਰਦੇ ਹਨ, ਮਜ਼ਦੂਰੀ ਕਰਦੇ ਹਨ। ਆਮ ਘਰੇਲੂ ਹਾਲਤਾਂ ਦਾ ਮੁਕਾਬਲਾ ਕਰਦੇ ਹਨ। ਮੈਂ ਸਮਝਦਾ ਹਾਂ ਤਸਵੀਰ ਰਾਹੀਂ ਮੈਂ ਇਕ ਪਲ ਨੂੰ ਫੜਦਾ ਹਾਂ - ਜੋ ਪਲ ਸਮੇਂ ਦਾ ਅੰਗ ਹੈ। ਉਹ ਸਮਾਂ ਜੋ ਅਮੁੱਕ ਹੈ। ਪਰ ਉਹ ਤਸਵੀਰ ਉਸ ਫੜੇ ਗਏ ਪਲ ਦਾ ਇਤਿਹਾਸ ਹੈ। ਇਹ ਸਮੇਂ ਦਾ ਵਹਾਅ ਪਕੜਦੀ ਹੈ। ਨਾਲ ਹੀ ਸਪੇਸ ਦੀ ਇਕ ਸਲਾਈਸ ਵੀ। ਜਿਵੇਂ ਤੁਸੀਂ ਮੇਰੀ ਇਕ ਤਸਵੀਰ ਛਾਪੀ ਸੀ 'ਕੈਨੇਡਾ ਦਰਪਣ' ਵਿਚ - ਇਕ ਬੱਚਾ ਕਾਰ ਦੇ ਪਹੀਏ ਸਾਹਮਣੇ ਖੜ੍ਹਾ ਹੈ - ਉਹ ਤਸਵੀਰ ਉਸ ਬੱਚੇ ਦੇ ਬਚਪਨ ਦਾ ਇਤਿਹਾਸ ਹੈ, ਉਸਦੇ ਗੁਆਚੇ ਬਚਪਨ ਦਾ ਪ੍ਰਤੀਕ ਹੈ। ਕਾਰ ਦਾ ਪਹੀਆ ਵਡੇਰੀ ਦੁਨੀਆਂ ਦਾ ਪ੍ਰਤੀਕ ਹੈ।

ਗਿੱਲ : ਇਹ ਤਸਵੀਰ 'ਟੋਕਰੀ ਭਰਦਿਆਂ' ਕੀ ਦੱਸਦੀ ਹੈ?

ਸ਼ਰਮਾ : ਇਹ ਤਸਵੀਰ ਮੈਂ ਗੱਡੀ ਵਿਚ ਬੈਠਿਆਂ ਖਿੱਚੀ ਸੀ ਜਦੋਂ ਮੈਂ ਦਿੱਲੀ ਤੋਂ ਕਲਕੱਤੇ ਜਾ ਰਿਹਾ ਸਾਂ। ਇਕ ਥਾਂ ਗੱਡੀ ਖੜ੍ਹੀ ਸੀ ਤਾਂ ਮੈਂ ਬਾਰੀ ਰਾਹੀਂ ਬਾਹਰ ਤੱਕਿਆ - ਇਕ ਔਰਤ ਕੋਲੇ ਚੁਗ ਰਹੀ ਸੀ। ਇਹ ਤਸਵੀਰ ਗਰੀਬੀ ਸਬੰਧੀ ਨਿਰਾਸ਼ਤਾ ਪ੍ਰਗਟ ਕਰਦੀ ਹੈ (ਕਿ ਇਹ ਗਰੀਬੀ ਹੈ) ਗੁੱਸੇ ਦਾ ਉਭਾਰ ਪ੍ਰਗਟ ਕਰਦੀ ਹੈ (ਕਿ ਗਰੀਬੀ ਕਿਉਂ ਹੈ?) ਨਫਰਤ ਦਾ ਪ੍ਰਗਟਾ ਹੈ (ਗਰੀਬੀ ਨਹੀਂ ਹੋਣੀ ਚਾਹੀਦੀ) ਨਾਲ ਹੀ ਇਹ ਜ਼ਿੰਦਗੀ ਦੀ ਜਿਉਣ ਲਈ ਲੜਾਈ ਦੀ ਪ੍ਰਤੀਕ ਹੈ ਕਿ ਮਿਹਨਤ ਵਿਚ ਇਜ਼ਤ ਹੈ, ਮਾਣ ਹੈ। ਪਰ ਮੈਂ ਚਾਹਾਂਗਾ ਕਿ ਇਹ ਤਸਵੀਰ ਦੇਖਣ ਵਿਚ Pity ਪੈਦਾ ਨਾ ਕਰੇ - ਤਰਸ ਦੀ ਭਾਵਨਾ - ਸਗੋਂ ਉਹ ਇਸ ਹਾਲਤ ਨੂੰ ਸਮਝਣ ਵਿਚ ਮੱਦਦ ਕਰੇ ਕਿ ਅਜਿਹਾ ਸਮਾਜ ਕਿਉਂ ਹੈ ਜਿਸ ਵਿਚ ਉਸਨੂੰ ਧੂੜ ਵਿਚੋਂ ਕੋਲੇ ਚੁਗਣ ਲਈ ਮਜ਼ਬੂਰ ਹੋਣਾ ਪਿਆ ਹੈ। ਦੇਖਣ ਵਾਲਾ ਇਸ ਨਾਲ ਆਪਣੇ ਆਪ ਨੂੰ ਸਬੰਧਤ ਕਰੇ।

ਗਿੱਲ : ਸ਼ਰਮਾ ਜੀ, ਜੋ ਤਸਵੀਰਾਂ ਤੁਸੀਂ ਹੁਣ ਤੱਕ ਖਿੱਚੀਆਂ ਹਨ - ਇਨ੍ਹਾਂ ਨੂੰ ਪੁਸਤਕ ਰੂਪ ਵੀ ਦਿੱਤਾ ਹੈ?

ਸ਼ਰਮਾ : 100 ਫੋਟੋ ਅਤੇ ਕਵਿਤਾਵਾਂ ਦੀ ਪੁਸਤਕ ਇਸੇ ਸਾਲ ਪਹਿਲਾਂ ਅੰਗਰੇਜ਼ੀ ਵਿਚ ਛਪ ਰਹੀ ਹੈ। ਇਸ ਤੋਂ ਪਿਛੋਂ ਪੰਜਾਬੀ ਵਿਚ ਛਪੇਗੀ। ਆਸ ਹੈ 'ਕੈਨੇਡਾ ਦਰਪਣ' ਵਿਚ ਵੀ ਤੁਸੀਂ ਗਾਹੇ ਬਗਾਹੇ ਛਾਪਦੇ ਰਹੋਗੇ।

ਗਿੱਲ : ਜ਼ਰੂਰ। ਮੁਲਾਕਾਤ ਲਈ ਧੰਨਵਾਦ।

ਸ਼ਰਮਾ : ਤੁਹਾਡਾ ਵੀ ਸ਼ੁਕਰੀਆ।

ਇਨਸਾਨਾਂ ਨਾਲੋਂ ਤਾਂ ਜਾਨਵਰ ਚੰਗੇ ਨੇ। ਜੇਕਰ ਕਿਸੇ ਰੇਸ 'ਚ ਵੀਹ ਘੋੜੇ ਹੋਣ ਤਾਂ ਘੱਟੋ ਘੱਟ ਪੰਜ ਹਜ਼ਾਰ ਇਨਸਾਨ ਉਹਨਾਂ ਨੂੰ ਵੇਖਣ ਜਾਣਗੇ' ਪਰ ਕਿਸੇ ਰੇਸ 'ਚ ਵੀਹ ਇਨਸ਼ਾਨ ਹੋਣ ਤਾਂ ਇੱਕ ਘੋੜਾ ਵੀ ਉਹਨਾਂ ਨੂੰ ਵੇਖਣ ਨਹੀਂ ਜਾਵੇਗਾ।"

ਪੁਸਤਕ 'ਤੇ ਪਾਬੰਦੀ

ਚੰਡੀਗੜ੍ਹ — (ਯੂ. ਐਨ. ਆਈ.) — ਪੰਜਾਬ ਸਰਕਾਰ ਨੇ "ਧਰਮ ਰਖਸ਼ਕ ਸੰਤ ਭਿੰਡਰਾਂਵਾਲੇ" ਨਾਂ ਦੀ ਪੁਸਤਕ ਉਪਰ ਪਾਬੰਦੀ ਲਾ ਦਿਤੀ ਹੈ। ਸਰਕਾਰੀ ਰਿਲੀਜ਼ 'ਚ ਦਸਿਆ ਗਿਆ ਹੈ ਕਿ ਇਸ ਪੁਸਤਕ ਨਾਲ ਵਖ ਵਖ ਫਿਰਕਿਆਂ 'ਚ ਨਫਰਤ ਫੈਲ ਸਕਦੀ ਹੈ।



ਟੋਕਰੀ ਭਰਦਿਆਂ

(ਉਤਰ ਪ੍ਰਦੇਸ਼, 1973)

ਡਾ: ਹਰੀ ਸ਼ਰਮਾ

ਇਹ ਮੀਲਾਂ ਦੇ ਮੀਲ ਹੈ ...
ਰੇਲ ਦੀਆਂ ਲਾਈਨਾਂ।
ਇਹ ਕਿਥੋਂ ਆਉਂਦੀਆਂ ਹਨ?
ਇਹ ਕਿਥੇ ਜਾਂਦੀਆਂ ਹਨ?

ਮੈਨੂੰ ਨਹੀਂ ਪਤਾ।

ਮੈਂ ਤਾਂ ਮੀਲ ਜਾਂ ਦੋ ਮੀਲ ਤੁਰਦੀ ਹਾਂ
ਏਨੇ ਨਾਲ ਟੋਕਰੀ ਭਰ ਜਾਂਦੀ ਹੈ
ਬੜੇ ਧਿਆਨ ਨਾਲ ਦੇਖਣਾ ਪੈਂਦਾ ਹੈ
ਧੂੜ ਦੇ ਢੇਰ ਵਿਚ ਕਾਲੇ ਕੋਲੇ ਦੇ ਟੁਕੜਿਆਂ ਨੂੰ
ਇਹ ਕਾਲਾ ਹੋਣਾ ਜ਼ਰੂਰੀ ਹੈ
ਨਹੀਂ ਤਾਂ ਕੋਈ ਨਹੀਂ ਖਰੀਦੇਗਾ
ਅਤੇ ਸ਼ਾਮ ਨੂੰ ਰੋਟੀ ਨਹੀਂ ਮਿਲੇਗੀ।

ਅਨੁਵਾਦ : ਦਰਸ਼ਨ ਗਿੱਲ

'ਬਾਬਾ ਬੋਲਦਾ ਹੈ' ਅਤੇ ਬਿਲਕੁਲ ਸੱਚ ਬੋਲਦਾ ਹੈ

ਚੰਡੀਗੜ੍ਹ — ਰੰਗਮੰਚ ਰਿਪੋਰਟ — ਪੰਜਾਬ ਵਿਚ ਪਿਛਲੇ ਤਿੰਨ ਸਾਲਾਂ ਦੌਰਾਨ ਵਾਪਰੀਆਂ ਘਟਨਾਵਾਂ, ਪੰਜਾਬ ਦੇ ਲੋਕਾਂ ਵਿਚ ਫੈਲੇ ਸਹਿਮ ਦੇ ਮਹੌਲ, ਫਿਰਕੂ ਲੀਹਾਂ ਉਤੇ ਵੰਡੀਆਂ, ਹਰਿਮੰਦਰ ਸਾਹਿਬ ਵਿਚ ਫੌਜੀ ਕਾਰਵਾਈ, ਇੰਦਰਾ ਗਾਂਧੀ ਦੇ ਕਤਲ, ਉਸ ਤੋਂ ਬਾਅਦ ਦਿਲੀ ਅਤੇ ਹੋਰ ਸ਼ਹਿਰਾਂ ਵਿਚ ਹੋਏ ਦੰਗਿਆਂ ਅਤੇ ਅਤਿਆਚਾਰਾਂ ਦੀ ਕਥਾ ਹਰ ਪੰਜਾਬੀ ਜਾਣਦਾ ਹੈ। ਉਸ ਨੇ ਇਹ ਸਭ ਕੁਝ ਆਪਣੇ ਪਿੰਡੇ 'ਤੇ ਹੰਢਾਇਆ ਹੈ। ਸ਼ਰਨਾਰਥੀ ਕੈਂਪਾਂ ਵਿਚ ਹਾਲੇ ਤਕ ਵੀ ਲੋਕਾਂ ਦਾ ਬੈਠੇ ਰਹਿਣਾ, ਆਪਣੇ ਸ਼ਹਿਰ ਛੱਡ ਕੇ ਪੰਜਾਬ ਵਲ ਨੂੰ ਚਾਲੇ ਪਾਉਂਣਾ ਅਤੇ ਪੰਜਾਬ ਤੋਂ ਬਾਹਰ ਆਪਣੇ ਆਪ ਨੂੰ ਮਹਿਫੂਜ਼ ਨਾ ਸਮਝਣਾ ਹੁਣ ਅਖਬਾਰਾਂ ਦੀਆਂ ਸੁਰਖੀਆਂ ਵਿਚ ਨਹੀਂ ਰਹੇ। ਕਦੇ ਕਦਾਈਂ ਇਨ੍ਹਾਂ ਦੀ ਖਬਰ ਆ ਜਾਂਦੀ ਹੈ।

ਦਿੱਲੀ ਦੇ ਕਤਲੇਆਮ ਬਾਰੇ ਕੋਈ ਪੜਤਾਲ ਨਹੀਂ ਕਰਵਾਈ ਗਈ, ਪੰਜਾਬ ਦੇ ਮਸਲੇ ਦਾ ਹੱਲ ਨਹੀਂ ਕੀਤਾ ਗਿਆ, ਲਾਲ ਫੀਤਾਸ਼ਾਹੀ ਅਤੇ ਸਿਆਸੀ ਰਾਮ ਰੌਲੇ ਵਿਚ ਮਸਲੇ ਨੂੰ ਰਗੜ ਦਿਤਾ ਗਿਆ ਹੈ। ਇਸ ਬਾਰੇ ਪੀਪਲਜ਼ ਯੂਨੀਵਰਸਿਟੀ ਆਫ ਸਿਵਲ ਲਿਬਰਟੀਜ਼ ਵਲੋਂ ਛਾਪਿਆ ਗਿਆ ਕਿਤਾਬਚਾ 'ਦੋਸ਼ੀ ਕੌਣ ਹਨ' ਪੰਜਾਬ 'ਚ ਜ਼ਬਤ ਕੀਤਾ ਗਿਆ ਹੈ। ਜੁਡੀਸ਼ਲ ਪੜਤਾਲ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਪਰ ਕੀ ਇਹ ਸਭ ਕੁਝ ਕਰਕੇ ਸਰਕਾਰ ਅਸਲੀਅਤ ਨੂੰ ਲੁਕਾ ਸਕੀ ਹੈ?

ਕਲਾਕਾਰ ਦਾ ਫਰਜ਼ ਅਸਲੀਅਤ ਨੂੰ ਸਾਹਮਣੇ ਲਿਆਉਣਾ ਹੈ। ਗੁਰਸ਼ਰਨ ਸਿੰਘ ਵਲੋਂ ਲਿਖੇ ਗਏ ਨਵੇਂ ਨਾਟਕ 'ਬਾਬਾ ਬੋਲਦਾ ਹੈ' ਨੂੰ ਵੀਰਵਾਰ ਵਾਲੇ ਦਿਨ 'ਨਾਟਾਲਿਆ' ਵਲੋਂ ਮੰਗਲ ਢਿਲੋਂ ਦੇ ਨਿਰਦੇਸ਼ਨ ਹੇਠ ਨੁੱਕੜ ਨਾਟਕ ਦੇ ਰੂਪ ਵਿਚ ਖੇਡਿਆ ਗਿਆ। ਇਸ ਦਾ ਪਹਿਲਾ ਸ਼ੋਅ ਪੰਜਾਬ ਯੂਨੀਵਰਸ਼ਿਟੀ ਦੇ ਸਟੂਡੈਂਟਸ ਸੈਂਟਰ ਵਿਖੇ ਕੀਤਾ ਗਿਆ ਅਤੇ ਦੂਜਾ ਸਤਾਰਾਂ ਸੈਕਟਰ ਵਿਚ ਨੀਲਮ ਸਿਨਮੇ ਦੇ ਸਾਹਮਣੇ। ਦੋਵਾਂ ਥਾਵਾਂ 'ਤੇ ਹੀ ਇਸ ਨਾਟਕ ਨੂੰ ਬਹੁਤ ਚੰਗਾ ਹੁੰਗਾਰਾ ਮਿਲਿਆ।

'ਬਾਬਾ ਬੋਲਦਾ ਹੈ' ਨਾਟਕ ਵਿਚ ਇਕ ਬਾਬਾ ਉਹ ਸਾਰੀਆਂ ਗੱਲਾਂ ਕਹਿੰਦਾ ਹੈ ਜਿਹੜੀਆਂ ਆਮ ਲੋਕਾਂ ਦੇ ਮਨਾਂ ਅੰਦਰ ਤਾਂ ਹਨ, ਪਰ ਜ਼ਬਾਨ 'ਤੇ ਨਹੀਂ ਆਉਂਦੀਆਂ। ਇਸ ਤਰ੍ਹਾਂ ਜਿੱਥੇ ਇਕ ਪਾਸੇ ਉਹ ਆਮ ਲੋਕਾਂ ਦੇ ਭਾਵਾਂ ਦੀ ਤਰਜਮਾਨੀ ਕਰਦਾ ਹੈ, ਉਥੇ ਦੂਜੇ ਪਾਸੇ ਇਕ ਫਿਰਕੇ ਦੇ ਕੁਝ ਲੋਕਾਂ ਵਲੋਂ ਮੰਗੇ ਜਾ ਰਹੇ ਵਖਰੇ ਰਾਜ ਬਾਰੇ ਵੀ ਸਵਾਲ ਖੜ੍ਹਾ ਕਰਦਾ ਹੈ। ਕੀ ਨਵੇਂ 'ਰਾਜ' ਵਿਚ ਆਮ ਲੋਕਾਂ ਦਾ ਰਾਜ ਵਿਚ ਰਾਜ ਭਾਗ ਦੇ ਸਹੀ ਅਰਥਾਂ ਵਿਚ 'ਮਾਲਕ' ਬਣ ਸਕਣਗੇ? ਕੀ ਅਜਿਹਾ ਤਾਂ ਨਹੀਂ ਹੋਵੇਗਾ ਕਿ ਚੰਦ ਲੋਕ ਫੇਰ ਮਾਲਕ ਬਣ ਜਾਣਗੇ ਅਤੇ ਬਾਕੀ ਦਿਆਂ ਦੀ ਹਾਲਤ ਵਿਗੜਦੀਪ ਜਾਵੇਗੀ?

ਇਨ੍ਹਾਂ ਸਾਰੇ ਸਵਾਲਾਂ ਦਾ ਕੋਈ ਜਵਾਬ ਨਹੀਂ। ਜਵਾਬ ਹੈ ਸਾਰੇ ਮਿਹਨਤਕਸ਼ ਲੋਕਾਂ ਦਾ ਧਰਮ, ਜਾਤ, ਫਿਰਕੇ ਤੋਂ ਉੱਪਰ ਉੱਠ ਕੇ ਲੁੱਟ ਖਸੁੱਟ ਦੇ ਨਿਜਾਮ ਤੋਂ ਨਿਜਾਤ ਹਾਸਲ ਕਰਨਾ। ਇਸ ਗੱਲ ਨੂੰ ਜਿੰਨੇ ਜ਼ੋਰਦਾਰ ਸ਼ਬਦਾਂ ਵਿਚ ਨਾਟਕਕਾਰ ਨੇ ਲਿਖਿਆ ਹੈ, ਉਸ ਤੋਂ ਵਧੇਰੇ ਖੂਬਸੂਰਤ ਢੰਗ ਨਾਲ ਮੰਗਲ ਢਿਲੋਂ ਨੇ ਪੇਸ਼ ਕੀਤਾ ਹੈ।

ਨੁੱਕੜ ਨਾਟਕ ਦੀ ਵਿਸ਼ੇਸ਼ਤਾ ਪਾਤਰਾਂ ਅਤੇ ਦਰਸ਼ਕਾਂ ਦੀ ਸਾਂਝ ਹੁੰਦੀ ਹੈ। ਇਸ ਵਿਚ ਪਾਤਰ ਪਾਤਰ ਵੀ ਹਨ ਅਤੇ ਦਰਸ਼ਕਾਂ ਦਾ ਹਿੱਸਾ ਵੀ ਅਤੇ ਦਰਸ਼ਕ ਵੀ ਅਤੇ ਪਾਤਰ ਵੀ। ਇਸ ਮਧਿਅਮ ਰਾਹੀਂ ਦਰਸ਼ਕਾਂ ਉਤੇ ਗਹਿਰਾ ਪਰਭਾਵ ਪੈਂਦਾ ਹੈ। ਮੰਗਲ ਢਿਲੋਂ ਵਲੋਂ ਖੇਡੇ ਗਏ ਇਸ ਨਾਟਕ ਨੇ ਵੀ ਇਹੀ ਪਰਭਾਵ ਪੈਦਾ ਕੀਤਾ ਹੈ ਅਤੇ ਇਹੀ ਨਾਟਕ ਦੇ ਨਿਰਦੇਸ਼ਕ ਦੀ ਸਫਲਤਾ ਹੈ। ਅਜਿਹੇ ਨਾਟਬ ਵਿਚ ਪਾਤਰਾਂ ਦਾ ਅਭਿਨੈ ਬਹੁਤਾ ਮਾਅਨੇ ਨਹੀਂ ਰਖਦਾ। ਪਰ ਫਿਰ ਵੀ ਮੰਗਲ ਢਿਲੋਂ ਨੇ ਬਾਬੇ ਦੇ ਰੋਲ ਨੂੰ ਬਹੁਤ ਚੰਗੀ ਤਰ੍ਹਾਂ ਨਿਭਾਇਆ। ਬਾਕੀ ਦੇ ਕਲਾਕਾਰਾਂ ਵਿਚੋਂ ਵੀ ਇਕ ਦੋ ਦਾ ਅਭਿਨੈ ਠੀਕ ਸੀ।

ਅਜਿਹੇ ਵਿਸ਼ੇ ਨੂੰ ਹੱਥ ਪਾਉਣਾ ਮੰਗਲ ਢਿਲੋਂ ਦੀ ਦਲੇਰੀ ਦਾ ਪਰਤੀਕ ਹੈ ਅਤੇ ਇਸ ਲਿਹਾਜ਼ ਨਾਲ ਉਸ ਦੀ ਹਰ ਤਰ੍ਹਾਂ ਨਾਲ ਹੌਂਸਲਾ ਅਫਜ਼ਾਈ ਹੋਣੀ ਚਾਹੀਦੀ ਹੈ। ਆਸ ਹੈ ਇਸ ਨਾਟਕ ਦੇ ਸ਼ੋਅ ਹੋਰ ਥਾਈਂ ਅਤੇ ਬਹੁਤ ਸਾਰੇ ਹੋਣਗੇ।

● **ਔਰਤਾਂ ਦੀ ਦੁਨੀਆਂ**


ਇੱਕ ਸਾਹਿਬ ਬੜੇ ਦਰਦਨਾਕ ਲਹਿਜੇ 'ਚ ਆਪਣੇ ਦੋਸਤ ਨੂੰ ਸ਼ਕਾਇਤ ਕਰ ਰਹੇ ਸਨ — "ਯਾਰ, ਇਹ ਦੁਨੀਆਂ ਔਰਤਾਂ ਲਈ ਏ। ਜਦੋਂ ਕੋਈ ਪੈਦਾ ਹੁੰਦਾ ਹੈ ਤਾਂ ਪੁੱਛਦੇ ਨੇ, ਉਹਦੀ ਮਾਂ ਕਿਹੋ ਜਿਹੀ ਏ? ਜਦੋਂ ਉਹ ਸ਼ਾਦੀ ਕਰਦਾ ਏ ਤਾਂ ਲੋਕ ਕਹਿੰਦੇ ਨੇ, ਵਹੁਟੀ ਬਹੁਤ ਸੁਹਣੀ ਏ। ਜਦੋਂ ਉਹ ਮਰਦਾ ਏ ਤਾਂ ਲੋਕ ਪੁੱਛਦੇ ਨੇ, ਮਰਨ ਵਾਲਾ ਆਪਣਾ ਪਤੀ ਲਈ ਕੀ ਛੱਡ ਗਿਆ?"

● ਸੁਰਜੀਤ

ਫਿਲਮ ਦਰਪਣ

ਮਹਿੰਦੀ ਕਦੋਂ ਰੰਗ ਲਿਆਏਗੀ

ਸੁਖਦੇਵ ਪੱਪੀ



ਆਸ਼ਾ ਪਾਰਿਖ

ਫਿਲਮੀ ਦੁਨਿਆਂ ਦੀਆਂ ਚਾਰ ਹਸਤੀਆਂ ਅਜਿਹੀਆਂ ਹਨ ਜਿਨ੍ਹਾਂ ਦੇ ਹੱਥਾਂ ਵਿਚ ਨਾ ਤਾਂ ਮਹਿੰਦੀ ਲੱਗੀ ਹੈ 'ਤੇ ਨਾ ਹੀ ਉਹ ਡੋਲੀ ਵਿਚ ਬੈਠ ਕੇ ਆਪ ਆਪਣੇ ਸਹੁਰੇ ਦੇ ਘਰ ਪਹੁੰਚੀਆਂ ਹਨ। ਇਹ ਕੰਵਾਰੀਆਂ ਹਨ ਲਤਾ ਆਸ਼ਾ ਪਾਰਿਖ, ਸਰੱਈਆ ਤੇ ਨੰਦਾ।

ਅਜ ਤੋਂ ਚਾਲ੍ਹੀ ਵਰ੍ਹੇ ਪਹਿਲਾਂ ਲਤਾ ਨੇ ਆਪਣਾ ਕੈਰੀਅਰ ਅਭਿਨੇਤਰੀ ਤੇ ਗਾਇਕਾ ਦੇ ਰੂਪ ਵਿਚ ਸ਼ੁਰੂ ਕੀਤਾ ਸੀ। 'ਮੰਦਰ' ਫਿਲਮ ਵਿਚ ਉਹ ਹੀਰੋਇਨ ਬਣ ਕੇ ਵੀ ਆਈ ਸੀ। ਇਸ ਤੋਂ ਇਲਾਵਾ ਵੀ ਹੀਰੋਇਨ ਦੇ ਤੌਰ ਤੇ ਉਸ ਦੀਆਂ ਇਕ ਦੋ ਫਿਲਮਾਂ ਹੋਰ ਸਨ। 'ਮੰਦਰ' ਫਿਲਮ ਦੇ ਨਿਰਮਾਤਾ ਪੰਡਿਤ ਹੁਸਨ ਲਾਲ ਨੇ ਲਤਾ ਦੀ ਸੰਗੀਤ ਪ੍ਰਤਿਭਾ ਨੂੰ ਪਰਖ ਕੇ ਉਸਨੂੰ ਪਲੇ ਬੈਕ ਸਿੰਗਰ ਦੇ ਰੂਪ ਵਿਚ ਸਥਾਪਤ ਕੀਤਾ। ਆਪਣੀਆਂ ਦੂਜੀਆਂ ਭੈਣਾਂ ਵਿਚੋ ਸਭ ਤੋਂ ਵੱਡੀ ਹੋਣ ਤੇ ਵੀ ਲਤਾ ਅਜੇ ਤਕ ਕੰਵਾਰੀ ਹੀ ਹੈ।

'ਕਟੀ ਪਤੰਗ' ਫਿਲਮ ਲਈ ਫੇਅਰ ਅਵਾਰਡ ਲੈਣ ਵਾਲੀ, ਤੇ ਲਗਭਗ 50 ਤੋਂ ਵੀ ਜ਼ਿਆਦਾ ਫਿਲਮਾਂ ਵਿਚ ਕੰਮ ਕਰਨ ਵਾਲੀ 43 ਸਾਲਾ ਆਸ਼ਾ ਪਾਰਿਖ ਨੇ ਵੀ ਅਜੇ ਤਕ ਵਿਆਹ ਨਹੀਂ ਕਰਵਾਇਆ। ਉਸ ਦੀ ਪਹਿਲੀ ਫਿਲਮ ਸੀ 'ਦਿਲ ਦੇ ਕੇ ਦੇਖੋ'। ਤੇ ਹੀਰੋਇਨ ਦੇ ਰੂਪ ਵਿਚ ਉਸ ਦੀ ਅੰਤਿਮ ਫਿਲਮ ਸੀ "ਮੈ ਤੁਲਸੀ ਤੇਰੇ ਆਂਗਨ ਕੀ" ।ਆਸ਼ਾ ਪਾਰਿਖ ਆਪਣੇ ਪਿਤਾ ਦੀ ਇਕੋ ਇਕ ਬੇਟੀ ਹੈ। ਜ਼ਿੰਦਗੀ ਦਾ ਕਿਹੜਾ ਸੁਖ ਚੈਨ ਉਸ ਕੋਲ ਨਹੀਂ। ਸਭ ਸਹੂਲਤਾਂ ਉਸ ਦੇ ਕਦਮਾਂ ਵਿਚ ਵਿਛੀਆਂ ਪਈਆਂ ਹਨ ਪਰ ਜੇ ਕੁਝ ਨਹੀਂ ਤਾਂ ਕਿਸੇ ਦੀ ਪਤਨੀ ਬਨਣ ਦਾ ਸੁਭਾਗ ਪ੍ਰਾਪਤ ਨਹੀਂ।

ਮਸ਼ਹੂਰ ਗਾਇਕਾ ਸੁਰੱਈਆਂ ਨੂੰ ਕੌਣ ਨਹੀਂ ਜਾਣਦਾ। ਉਹ ਆਪਣੇ ਸਮੇ ਦੀ ਲੋਕਪ੍ਰਿਯ ਹੀਰੋਇਕ ਵੀ ਰਹਿ ਚੁੱਕੀ ਹੈ। ਫਿਲਮ 'ਇਸ਼ਾਰਾ' ਵਿਚ ਸੁਰੱਈਆ ਨੇ ਪ੍ਰਿਥਵੀ ਰਾਜ ਕਪੂਰ ਦੀ ਪ੍ਰੇਮਿਕਾ ਦਾ ਰੋਲ ਨਿਭਾਇਆ ਤੇ ਫੇਰ ਫਿਲਮ 'ਦਾਸਤਾਨ' ਵਿਚ ਉਨ੍ਹਾਂ ਦੇ ਪੁੱਤਰ ਰਾਜ ਕਪੂਰ ਦੀ ਪ੍ਰੇਮਿਕਾ ਦਾ ਵੀ। ਉਸ ਦੀ ਫਿਲਮ 'ਮਿਰਾਜ਼ਾ ਗਾਲਿਬ' ਨੂੰ ਰਾਸ਼ਟਰੀ ਪੁਰਸਕਾਰ ਵੀ ਮਿਲਿਆ। ਸੁਰੱਈਆ ਦੇ ਚਾਹੁਣ ਵਾਲਿਆਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਸੁਰੱਈਆ ਨੇ ਜੇ ਕਿਸੇ ਨਾਲ ਪਿਆਰ ਕੀਤਾ ਤੇ ਉਹ ਦੇਵ ਅਨੰਦ ਹੈ ਪਰ ਉਹ ਚਾਹੁੰਦੀ ਹੋਈ ਵੀ ਉਸ ਨਾਲ ਵਿਆਹ ਨਾ ਰਚਾ ਸਕੀ। ਬੇਸ਼ੁਮਾਰ ਜਾਇਦਾਦ ਦੀ ਵਾਰਿਸ ਸੁਰੱਈਆ ਅਜ ਵੀ ਆਪਣੇ ਉਸੇ ਫਲੈਟ ਵਿਚ ਜ਼ਿੰਦਗੀ ਦੇ ਬਾਕੀ ਦਿਨ ਗੁਜ਼ਾਰ ਰਹੀ ਹੈ ਜਿਥੇ ਕਿ ਉਸ ਦਾ ਬਚਪਨ ਤੇ ਜਵਾਨੀ ਬੀਤੀ। ਉਸ ਕੋਲ ਵੀ ਜ਼ਿੰਦਗੀ ਦੀਆਂ ਸਭ ਸਹੂਲਤਾਂ ਹਨ ਪਰ ਜੇ ਨਹੀਂ ਤਾਂ ਬਸ ਇਕ ਪਤੀ ਨਹੀਂ।



ਨੰਦਾ

ਅਭਿਨੇਤਰੀ ਨੰਦਾ ਨੇ ਸਭ ਤੋਂ ਪਹਿਲਾਂ 'ਮੰਦਰ' ਫਿਲਮ ਵਿਚ ਕੰਮ ਕੀਤਾ ਅਤੇ ਆਪਣੇ ਚਾਚਾ ਵੀ. ਸ਼ਾਂਤਾ ਰਾਮ ਦੀ ਫਿਲਮ 'ਤੂਫਾਨ ਔਰ ਦੀਆ' ਵਿਚ ਰਜ਼ਿੰਦਰ ਕੁਮਾਰ ਨਾਲ ਹੀਰੋਇਨ ਦੇ ਰੂਪ ਵਿਚ ਆ ਕੇ ਆਪਣਾ ਫਿਲਮੀ ਕੈਰੀਅਰ ਸ਼ੁਰੂ ਕੀਤਾ। ਛੋਟੀ ਭੈਣ, ਦੀਦੀ, 'ਜਬ ਜਬ ਫੂਲ ਖਿਲੇ, ਗੁਮਰਾਹ, ਗੁਮਨਾਮ, ਆਦਿ ਫਿਲਮਾਂ ਨੇ ਨੰਦਾ ਨੂੰ ਪ੍ਰਸਿੱਧੀ ਦੇ ਸਿਖਰ ਤੇ ਪਹੁੰਚਾ ਦਿਤਾ ਪਰ ਪ੍ਰਸਿੱਧ ਫਿਲਮ ਨਿਰਮਾਤਾ ਨਿਰਦੇਸ਼ਕ ਮਾਸਟਰ ਵਿਨਾਇਕ ਦੀ ਧੀ ਨੰਦਾ ਵੀ ਹੁਣ ਤਕ ਕੰਵਾਰੀ ਹੀ ਹੈ। ਅਜ ਨੰਦਾ ਕੋਲ ਵੀ ਸਾਰੀਆਂ ਸੁਖ ਸਹੂਲਤਾਂ ਤੇ ਐਸ਼ੋ ਆਰਾਮ ਹਨ ਪਰ ਇਸ ਦੇ ਬਾਵਜੂਦ ਵੀ ਉਸ ਦੇ ਹੱਥਾਂ 'ਤੇ ਅਜੇ ਤਕ ਮਹਿੰਦੀ ਨਹੀਂ ਲੱਗੀ।



ਲਤਾ

ਇਨ੍ਹਾਂ ਅਭਿਨੇਤਰੀਆਂ ਦੇ ਪ੍ਰਸੰਸਕ ਬੜੀ ਬੇਤਾਬੀ ਨਾਲ ਏਸ ਸਵਾਲ ਦੇ ਜਵਾਬ ਦੀ ਉਡੀਕ ਕਰ ਰਹੇ ਹਨ ਕਿ ਕਦੋਂ ਇਨ੍ਹਾਂ ਕਵਾਰੀਆਂ ਦੇ ਹੱਥਾਂ 'ਤੇ ਮਹਿੰਦੀ ਤੰਗ ਲਿਆਏਗੀ।

ਅਗਵਾਕਾਰਾਂ ਨੂੰ ਮੌਤ ਦੀ ਸਜ਼ਾ ਵੀ ਸੰਭਵ-ਜ਼ਿਆ

ਨਵੀਂ ਦਿਲੀ — (ਵੈਂਕਟ ਨਾਰਾਇਣ) — 14 ਸਿਖ ਅਗਵਾਕਾਰਾਂ ਨੂੰ ਜੋ ਇਸ ਸਮੇਂ ਪਾਕਿਸਤਾਨ ਪੁਲੀਸ ਦੀ ਹਿਰਾਸਤ ਵਿਚ ਹਨ, ਦੋਸ਼ ਸਾਬਤ ਹੋਣ ਦੀ ਸੂਰਤ ਵਿਚ ਮੌਤ ਦੀ ਸਜ਼ਾ ਜਾਂ ਉਮਰ ਕੈਦ ਦੀ ਸਜ਼ਾ ਦਿਤੀ ਜਾ ਸਕਦੀ ਹੈ। ਪਾਕਿਸਤਾਨ ਸਰਕਾਰ ਉਨ੍ਹਾਂ ਨੂੰ ਕੋਈ ਵਿਸ਼ੇਸ਼ ਰਿਆਇਤ ਨਹੀਂ ਦਏਗੀ ਅਤੇ ਨਾ ਹੀ ਇਸ ਸਜ਼ਾ ਵਿਚ ਕਮੀ ਕਰੇਗੀ।

ਇਹ ਗੱਲ ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ ਉਲ ਹੱਕ ਨੇ ਪਿਛਲੇ ਹਫਤੇ ਮੈਨੂੰ ਇਕ ਵਿਸ਼ੇਸ਼ ਇੰਟਰਵਿਊ ਵਿਚ ਦੱਸੀ।

ਜਨਰਲ ਜ਼ਿਆ ਨੇ ਮੈਨੂੰ ਕਿਹਾ: ਜੇਕਰ ਜਹਾਜ਼ ਅਗਵਾ ਹੋਣ ਦਾ ਦੋਸ਼ ਸਾਬਤ ਹੋ ਗਿਆ ਤਾਂ ਉਮਰ ਕੈਦ ਜਾਂ ਮੌਤ ਦੀ ਸਜ਼ਾ ਹੋ ਸਕਦੀ ਹੈ। ਇਸ ਤੋਂ ਘਟ ਨਹੀਂ। ਇਹ ਪਾਕਿਸਤਾਨ ਵਿਚ ਕਾਨੂੰਨ ਹੈ।

ਪਾਕਿਸਤਾਨ ਦੀਆਂ ਅਖਬਾਰਾਂ ਵਿਚ ਹਾਲ ਵਿਚ ਹੀ ਇਹ ਖਬਰਾਂ ਛਪੀਆਂ ਸਨ ਕਿ ਕਿਉਂਕਿ ਅਗਵਾਕਾਰਾਂ ਨੇ ਕਿਸੇ ਨੂੰ ਵੀ ਮਾਰਿਆ ਨਹੀਂ, ਇਸ ਲਈ ਸਜ਼ਾ ਘੱਟ ਕਰਨੀ ਚਾਹੀਦੀ ਹੈ। ਜਦੋਂ ਜਨਰਲ ਜ਼ਿਆ ਨੂੰ ਇਸ ਬਾਰੇ ਟਿਪਣੀ ਕਰਨ ਲਈ ਕਿਹਾ ਗਿਆ ਤਾਂ ਜਨਰਲ ਜ਼ਿਆ ਨੇ ਕਿਹਾ: "ਕਾਨੂੰਨ ਇਹ ਨਹੀਂ ਕਹਿੰਦਾ ਕਿ ਜੇਕਰ ਤੁਸੀ ਜਹਾਜ਼ ਅਗਵਾ ਕਰਕੇ ਕਿਸੇ ਨੂੰ ਮਾਰਦੇ ਹੋ ਤਾਂ ਹੀ ਤੁਹਾਨੂੰ ਉਮਰ ਕੈਦ ਜਾਂ ਮੌਤ ਦੀ ਸਜ਼ਾ ਹੋ ਸਕਦੀ ਹੈ।"

ਜਨਰਲ ਨੇ ਕਿਹਾ ਕਿ ਪੰਜਾਬ ਦੀ ਸੂਬਾਈ ਸਰਕਾਰ ਮਾਰਚ ਦੇ ਸ਼ੁਰੂ ਵਿਚ ਅਗਵਾਕਾਰਾਂ ਉਤੇ ਮੁਕਦਮੇ ਦੀ ਸੁਣਵਾਈ ਸ਼ੁਰੂ ਕਰੇਗੀ। ਉਨ੍ਹਾਂ ਕਿਹਾ ਕਿ ਨਿਆਇਕ ਕਾਰਜ ਵਿਧੀ ਬਾਰੇ ਮੇਰੇ ਕੋਲ ਕੋਈ ਵੇਰਵਾ ਤਾਂ ਨਹੀਂ; ਪਰ ਇਹ ਪੰਜਾਬ ਸਰਕਾਰ ਉਤੇ ਨਿਰਭਰ ਕਰਦਾ ਹੈ ਕਿ ਉਹ ਅਗਵਾਕਾਰਾਂ ਉਤੇ ਮੁਕਦਮਾ ਚਲਾਉਣ ਲਈ "ਟ੍ਰਿਬਿਊਨਲ" ਜਾਂ "ਵਿਸ਼ੇਸ਼ ਅਦਾਲਤ" ਜਾਂ "ਆਮ ਅਦਾਲਤ" ਦੀ ਵਰਤੋਂ ਕਰਦੀ ਹੈ। ਕਿਉਂਕਿ ਇਹ ਇਕ ਅਜਿਹਾ ਜੁਰਮ ਹੈ ਜਿਸ ਵਿਚ ਵਧ ਤੋਂ ਵਧ ਮੌਤ ਦੀ ਸਜ਼ਾ ਜਾਂ ਉਮਰ ਕੈਦ ਹੋ ਸਕਦੀ ਹੈ, ਇਸ ਲਈ ਇਹ ਸ਼ੈਸਨ ਜੱਜ ਤੋਂ ਘੱਟ ਅਹੁਦੇ ਵਾਲੇ ਵਿਅਕਤੀ ਕੋਲ ਨਹੀਂ ਜਾਣਾ ਚਾਹੀਦਾ।

ਚੇਤੇ ਰਹੇ ਕਿ ਅਗਵਾਕਾਰਾਂ ਦੇ ਪਹਿਲੇ ਗਰੁਪ ਨੇ ਸਤੰਬਰ 1981 ਵਿਚ ਇੰਡੀਅਨ ਏਅਰ ਲਾਈਨਜ਼ ਦਾ ਜਹਾਜ਼ ਅਗਵਾ ਕੀਤਾ ਸੀ। ਦੂਜਾ ਜਹਾਜ਼ 24 ਜੁਲਾਈ 1984 ਨੂੰ ਅਗਵਾ ਹੋਇਆ ਸੀ। ਉਸ ਸਮੇਂ ਤੋਂ ਲੈ ਕੇ 14 ਅਗਵਾਕਾਰ ਪਾਕਿਸਤਾਨ ਦੀ ਹਿਰਾਸਤ ਵਿਚ ਹਨ।

ਇਹ ਪੁੱਛੇ ਜਾਣ ਉਤੇ ਕਿ ਅਗਵਾਕਾਰਾਂ ਦੀ ਸਜ਼ਾ ਘਟਾਉਣ ਲਈ ਉਨ੍ਹਾਂ ਦੀ ਸਰਕਾਰ ਕਾਨੂੰਨ ਵਿਚ ਕੋਈ ਤਬਦੀਲੀ ਕਰੇਗੀ, ਜਨਰਲ ਜ਼ਿਆ ਨੇ ਕਿਹਾ ਕਿ "ਬਿਲਕੁਲ ਨਹੀਂ।" ਪਰ ਉਨ੍ਹਾਂ ਕਿਹਾ ਕਿ ਇਹ ਨਹੀਂ ਕਿਹਾ ਜਾ ਸਕਦਾ ਕਿ ਇਹ ਮੁਕਦਮਾ ਕਿੰਨੀ ਦੇਰ ਤਕ ਚਲੇਗਾ। ਮੁਕਦਮਾ ਪਾਕਿਸਤਾਨ ਦੀ ਸੁਪਰੀਮ ਕੋਰਟ ਤਕ ਜਾ ਸਕਦਾ ਹੈ।

ਸ਼ਰੋਮਣੀ ਕਮੇਟੀ ਦੇ ਕੁਝ ਅਧਿਕਾਰੀ "ਕਾਰ ਸੇਵਾ" ਦੇ ਲੱਖਾਂ ਰੁਪਏ ਹੜੱਪ ਗਏ — ਆਤਮਾ ਸਿੰਘ —

ਅੰਮ੍ਰਿਤਸਰ: ਪੰਜਾਬ ਦੇ ਸਾਬਕਾ ਮੰਤਰੀ ਤੇ ਸੀਨੀਅਰ ਅਕਾਲੀ ਨੇਤਾ ਸ੍ਰੀ ਆਤਮਾ ਸਿੰਘ ਨੇ ਪੰਜ ਸਿੰਘ ਸਾਹਿਬਾਨ ਨੂੰ ਕੀਤੀ ਇਕ ਲਿਖਤੀ ਸ਼ਿਕਾਇਤ ਰਾਹੀਂ ਮੰਗ ਕੀਤੀ ਹੈ ਕਿ ਇਥੇ ਗੁਰਦੁਆਰਾ ਸ਼ਹੀਦਾਂ ਦੀ "ਕਾਰ ਸੇਵਾ" ਦੇ ਨਾਂਅ ਉਤੇ ਇਕ ਸਿਖ ਧਾਰਮਿਕ ਨੇਤਾ ਵਲੋਂ ਇਕੱਠੇ ਕੀਤੇ ਫੰਡ 'ਚ "ਘਪਲੇ" ਦੀ ਜਾਂਚ ਕਰਾਈ ਜਾਵੇ।

ਇਸ ਸ਼ਿਕਾਇਤ ਪਤਰ ਦੀਆਂ ਫੋਟੋਸਟੈਟ ਕਾਪੀਆਂ ਅਕਾਲੀ ਨੇਤਾ, ਜੋ ਇਸ ਸਮੇਂ ਕੌਮੀ ਸੁੱਰਖਿਆ ਐਕਟ ਅਧੀਨ ਨਜ਼ਰਬੰਦ ਹੈ, ਦੇ ਇਕ ਦੂਤ ਨੇ ਇਥੇ ਪੱਤਰਕਾਰਾਂ ਨੂੰ ਦਿਤੀਆਂ, ਜਿਸ 'ਚ ਦੋਸ਼ ਲਾਇਆ ਗਿਆ ਹੈ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੁਝ ਉਚ ਅਧਿਕਾਰੀ ਧਾਰਮਿਕ ਨੇਤਾ ਨਾਲ ਰਲੇ ਹੋਏ ਹਨ ਤੇ ਉਨ੍ਹਾਂ ਸਾਰਿਆਂ ਨੇ ਕਾਰ ਸੇਵਾ ਫੰਡ ਦੇ ਲੱਖਾਂ ਰੁਪਏ 'ਹੜੱਪ' ਲਏ ਹਨ।

ਸ੍ਰੀ ਆਤਮਾ ਸਿੰਘ ਨੇ ਦੋਸ਼ ਲਾਇਆ ਹੈ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪਹਿਲਾਂ ਨਿਰਧਾਰਤ ਨਿਯਮਾਂ ਦੇ ਉਲਟ, ਕਾਰ ਸੇਵਾ ਲਈ ਇਮਾਰਤੀ ਸਮੱਗਰੀ ਆਪਣੇ ਕੋਲੋਂ ਸਪਲਾਈ ਕਰਦੀ ਹੈ ਜਦੋਂ ਕਿ ਕਾਰ ਸੇਵਾ ਕਰਾਉਣ ਵਾਲੇ ਬਾਬਾ ਖੜਕ ਸਿੰਘ ਵਰਗੇ ਸਾਰੇ ਸਿਖ ਧਾਰਮਿਕ ਨੇਤਾ ਹਮੇਸ਼ਾਂ ਹੀ ਇਮਾਰਤੀ ਸਮੱਗਰੀ ਸੰਗਤ ਵਲੋਂ "ਕਾਰ ਸੇਵਾ" ਲਈ ਇਕੱਠੇ ਕੀਤੇ ਫੰਡਾਂ ਵਿਚੋਂ ਖਰੀਦਦੇ ਹਨ।

ਉਕਤ ਧਾਰਮਿਕ ਨੇਤਾ 'ਕਾਰ ਸੇਵਾ' ਰਾਹੀਂ ਗੁਰਦੁਆਰਾ ਸ਼ਹੀਦਾਂ ਦੀ ਨਵਉਸਾਰੀ ਪਿਛਲੇ ਲਗਭਗ ਤਿੰਨ ਸਾਲਾਂ ਤੋਂ ਕਰਵਾ ਰਿਹਾ ਹੈ।

ਇਹ ਪੁੱਛੇ ਜਾਣ ਉਤੇ ਕਿ ਇਹ ਕੇਸ ਕਿੰਨਾ ਚਿਰ ਤਕ ਚਲਦਾ ਰਹੇਗਾ, ਰਾਸ਼ਟਰਪਤੀ ਜ਼ਿਆ ਨੇ ਕਿਹਾ ਕਿ ਆਮ ਹਾਲਤਾਂ ਵਿਚ ਇਕ ਕਤਲ ਕੇਸ ਦਸ ਸਾਲ ਤਕ ਚਲ ਸਕਦਾ ਹੈ। "ਮੈਂ ਸਚਮੁਚ ਕੁਝ ਨਹੀਂ ਕਹਿ ਸਕਦਾ ਕਿ ਇਹ ਕੇਸ ਕਿੰਨਾ ਚਿਰ ਚਲੇਗਾ। ਅਸਾਂ ਫੌਜੀ ਅਦਾਲਤਾਂ ਵਿਚ ਕੇਸਾਂ ਦਾ ਨਿਪਟਾਰਾ ਦੋ ਮਹੀਨੇ ਦੇ ਅੰਦਰ ਅੰਦਰ ਕੀਤਾ ਹੈ ਪਰ ਮੈਂ ਅਗਵਾਕਾਰਾਂ ਉਤੇ ਫੌਜੀ ਅਦਾਲਤ ਵਿਚ ਮੁਕਦਮਾ ਨਹੀਂ ਚਲਾ ਸਕਦਾ।"

ਮੈਂ ਪੁਛਿਆ: ਕਿਉਂ ਨਹੀਂ ਚਲਾ ਸਕਦੇ ?

ਉਨ੍ਹਾਂ ਕਿਹਾ: ਕੌਮਾਂਤਰੀ ਕਾਨੂੰਨ ਅਜਿਹਾ ਕਰਨ ਦੀ ਆਗਿਆ ਨਹੀਂ ਦਿੰਦਾ।

ਇਸ 'ਕਾਰ ਸੇਵਾ' ਨੂੰ "ਵੱਡਾ ਸਕੈਂਡਲ" ਕਰਾਰ ਦਿੰਦਿਆਂ ਸ੍ਰੀ ਆਤਮਾ ਸਿੰਘ ਨੇ ਮੰਗ ਕੀਤੀ ਹੈ ਕਿ ਕੁਝ ਵਿਅਕਤੀਆ ਵਲੋਂ ਨਿੱਜੀ ਵਰਤੋਂ ਲਈ ਧਰਮ ਦੇ ਨਾਂਅ ਉਤੇ ਪੈਸੇ ਇਕੱਠੇ ਕਰਨ ਲਈ ਰਚਿਆ "ਢਕੋਜ" ਤੁਰੰਤ ਬੰਦ ਕਰਵਾਇਆ ਜਾਵੇ।

ਅਕਾਲੀ ਨੇਤਾ ਨੇ ਖੇਦ ਪ੍ਰਗਟ ਕੀਤਾ ਕਿ ਉਸ ਨੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧਿਕਾਰੀਆਂ ਦਾ ਕਈ ਵਾਰ ਇਸ ਪਾਸੇ ਧਿਆਨ ਦਿਵਾਇਆ ਹੈ ਪਰ ਉਨ੍ਹਾਂ ਨੇ ਇਨ੍ਹਾਂ ਗੱਲਾਂ ਨੂੰ ਅੱਖੋਂ ਓਹਲੇ ਕਰਕੇ ਉਸੇ ਧਾਰਮਿਕ ਨੇਤਾ ਹੈ ਗੁਰਦੁਆਰਾ ਸ਼ਹੀਦਾਂ ਦੇ ਦੂਜੇ ਹਿੱਸਿਆਂ ਦੀ ਕਾਰ ਸੇਵਾ ਦਾ ਕੰਮ ਵੀ ਸੌਂਪ ਦਿਤਾ।

ਉਸ ਨੇ ਪੰਜ ਸਿੰਘ ਸਾਹਿਬਾਨ ਤੇ ਮੰਗ ਕੀਤੀ ਹੈ ਕਿ ਇਸ "ਸਕੈਂਡਲ" ਦੀ ਪੂਰੀ ਜਾਂਚ ਕਰਾਉਣ ਤੇ ਇਸ 'ਚ ਸ਼ਾਮਲ ਸ਼ਰੋਮਣੀ ਕਮੇਟੀ ਦੇ ਅਧਿਕਾਰੀਆਂ ਨੂੰ "ਨੰਗਾ ਕਰਨ" ਲਈ ਕਮੇਟੀ ਦੇ ਐਗਜ਼ਿਕਟਿਵ ਮੈਂਬਰਾਂ ਦੀ ਇਕ ਤਿੰਨ ਮੈਂਬਰੀ ਜਾਂਚ ਕਮੇਟੀ ਨਿਯੁਕਤ ਕੀਤੀ ਜਾਵੇ।

ਇਸ ਪੱਤਰ ਦੀਆਂ ਕਾਪੀਆਂ ਸ਼ਰੋਮਣੀ ਕਮੇਟੀ ਦੇ ਪ੍ਰਬੰਧਕਾਂ ਨੂੰ ਵੀ ਭੇਜੀਆਂ ਗਈਆਂ ਹਨ।

ਪੰਜਾਬ ਦੀ ਸਰਹਦ ਉਤੇ ਪੱਟੀ ਖਾਲੀ ਕਰਾਉਣ ਦਾ ਵਿਰੋਧ

ਰਾਜਪੁਰਾ — ਸੀਨੀਅਰ ਅਕਾਲੀ ਨੇਤਾ ਤੇ ਸਾਬਕਾ ਮੰਤਰੀ ਪੰਜਾਬ ਸ: ਜਗਦੇਵ ਸਿੰਘ ਸੰਧੂ, ਪ੍ਰਿਤਪਾਲ ਸਿੰਘ ਭਿੰਡਰ ਐਡਵੋਕੇਟ ਅਤੇ ਡਾਇਰੈਕਟਰ ਮਾਰਕਫੈਡ, ਅਕਾਲੀ ਨੇਤਾ ਬਲਦੇਵ ਸਿੰਘ ਧੂਦਾਂ ਸਰਕਲ ਅਕਾਲੀ ਜਥਾ ਰਾਜਪੁਰਾ ਦੇ ਸਕੱਤਰ ਜ. ਮਹਿੰਦਰ ਸਿੰਘ ਤੇ ਪ੍ਰਧਾਨ ਜ. ਦਲੀਪ ਸਿੰਘ ਸੈਦਖੇੜੀ ਨੇ ਇਥੇ ਇਕ ਜਾਰੀ ਲਿਖਤੀ ਬਿਟਾਨ ਰਾਹੀਂ ਪੰਜਾਬ ਨਾਲ ਲਗਦੀ ਹਿੰਦ-ਪਾਕਿਸਤਾਨ ਹੱਦ ਉਤੇ 7.5 ਏਕੜ ਚੌੜੀ 600 ਕਿਲੋਮੀਟਰ ਲੰਬੀ ਉਪਜਾਊ ਜ਼ਮੀਨ ਤੇ ਸਿਖ ਕਿਸਾਨਾਂ ਨੂੰ ਉਜਾੜਨ ਦੀ ਸਰਕਾਰੀ ਨੀਤੀ ਦੀ ਤਿੱਖੀ ਆਲੋਚਨਾ ਕੀਤੀ ਅਤੇ ਇਸ ਸਕੀਮ ਨੂੰ ਤੁਰਤ ਰੱਦ ਕਰਨ ਦੀ ਮੰਗ ਕੀਤੀ ਕਿਉਂਕਿ ਇਸ ਯੋਜਨਾ ਨਾਲ ਪੰਜਾਬ ਦੀ ਡੇਢ ਲੱਖ ਏਕੜ ਭੂਮੀ ਖੇਤੀ ਹੇਠ ਨਿਕਲ ਜਾਏਗੀ। ਤੇ ਨਾਲ ਹੀ ਪੰਜਾਹ ਹਜ਼ਾਰ ਕਿਸਾਨ ਪਰਿਵਾਰ ਉਜੜ ਜਾਣਗੇ ਤੇ ਦੇਸ਼ ਦੇ ਅੰਨ ਭੰਡਾਰ ਵਿਚ ਹਰ ਸਾਲ ਸੱਠ ਲੱਖ ਕੁਇੰਟਲ ਅਨਾਜ ਦੀ ਕਮੀ ਹੋ ਜਾਵੇਗੀ। ਇਸ ਨਾਲ ਪੰਜਾਬੀ ਕਿਸਾਨਾਂ ਨੂੰ ਹਰ ਸਾਲ 20 ਤੋਂ 25 ਕਰੋੜ ਰੁਪਏ ਦਾ ਘਾਟਾ ਸਹਿਣਾ ਪਵੇਗਾ। ਇਨ੍ਹਾਂ ਆਗੂਆਂ ਨੇ ਕਿਹਾ ਕਿ ਸਰਕਾਰ ਵਲੋਂ ਪੰਜਾਬ ਨੂੰ ਹਰ ਖੇਤਰ ਵਿਚ ਬੇਕਿਰਕੀ ਨਾਲ ਬਰਬਾਦ ਕੀਤਾ ਜਾ ਰਿਹਾ ਹੈ।

● ਸੱਟੇਬਾਜ਼

ਅਖਬਾਰ 'ਚ ਤਜਾਰਤੀ ਭਾਅ ਦਾ ਕਾਲਮ ਬੜੇ ਗਹੁ ਨਾਲ ਪੜ੍ਹ ਰਿਹਾ ਸੀ ਕਿ ਬਾਹਰ ਪੌੜੀਆਂ ਉਤੋਂ ਉਹਦੀ ਬੀਵੀ ਤਿਲਕ ਕੇ ਹੇਠਾਂ ਡਿੱਗ ਪਈ। ਨੌਕਰਾਣੀ ਨੇ ਚੀਕ ਕੇ ਉਹ ਨੂੰ ਕਿਹਾ — "ਜਨਾਬ! ਤੁਹਾਡੀ ਬੀਵੀ ਹੇਠਾਂ ਡਿੱਗ ਗਈ ਏ?" ਸੱਟੇਬਾਜ਼ ਨੇ ਘਬਰਾ ਕੇ ਕਿਹਾ — "ਝੱਟਪਟ ਵੇਚ ਦਿਉ।"

ਕਿੰਗਜ਼ਵੇ ਸੁਪਰਮਾਰਟ ਲਿਮਟਿਡ

(ਕਿੰਗਜ਼ਵੇ ਤੇ ਸਾਫ ਸੁਥਰੀਆਂ ਦਾਲਾਂ, ਮਸਾਲੇ ਤੇ ਤਾਜ਼ੀਆਂ ਸਬਜ਼ੀਆਂ ਦਾ ਭੰਡਾਰ)

KINGSWAY SUPERMART Ltd.

[King of Indian Groceries and Fresh Vegetables on Kingsway]

3265 Kingsway [Next to legion on Kingsway & Joyce] Vancouver

Phone 438-4133

ਸਪੈਸ਼ਲ ਸੇਲ ! ਸਪੈਸ਼ਲ ਸੇਲ ! ਸਪੈਸ਼ਲ ਸੇਲ ! Special Sale ! Special Sale ! Special Sale!

ਬਦਾਮ Almonds **$1.79** lb.	ਪਿਸਤਾ(ਵੱਡਾ ਸਾਈਜ਼) Pista[large Size] **$4.99** lb.	ਐਪਲ ਜੂਸ Apple Juice **89¢** 1 lit.	ਹੋਮੋ ਦੁੱਧ Homo Milk **$3.25** 4 lit.	ਤਾਜ਼ਾ ਅਦਰਕ Fresh Ginger **99¢** lb.
ਰੋਟੀ ਆਟਾ Roti Atta Special Price	ਬਾਸਮਤੀ ਚਾਵਲ Basmati Rice **69¢** lb.	ਮਜ਼ੌਲਾ ਛੱਲੀਆਂ ਦਾ ਤੇਲ Mazola Corn Oil **$5.99** 3 lit.	ਵੈਜੀਟੇਬਲ ਤੇਲ ਦੀ ਬਾਲਟੀ Vegetable Oil Pail **$17.99** 16 lit.	ਲਸਣ Garlic **59¢** lb.
ਜੀਰਾ ਸਾਬਤ Jeera **69¢** lb.	ਧਨੀਆ ਸਾਬਤ Dhania **89¢** lb.	ਮਾਂਹ ਸਾਬਤ Urad Whole **39¢** lb.	ਮੂੰਗੀ ਸਾਬਤ Moong Whole **39¢** lb.	ਮਸਰਾਂ ਦੀ ਦਾਲ Red Lentils **39¢** lb.
ਮਟਰਾਂ ਦੀ ਦਾਲ Yellow Split Peas **19¢** lb.	ਲੌਂਗ ਗਰੇਨ ਚਾਵਲ Long Grain Rice **$4.99** 10 kg.	ਲੌਂਗ ਗਰੇਨ ਚਾਵਲ Long Grain Rice **$9.98** 20 kg.	ਗੰਢੇ Onions Special Price	ਤਾਜ਼ਾ ਲੰਮੇ ਬੈਂਗਣ Fiji Long Egg Plants **89¢** lb.
ਤਾਜ਼ਾ ਮੁਰਗੇ ਦੀਆਂ ਲੱਤਾਂ Fresh Chicken Legs **$1.29** lb.	ਲੈਂਬ ਚਾਪਸ Newzeland Lamb Chops (Cut-Net Weight) **$1.29** lb.	ਕੋਰਨਡ ਮਟਨ Colonial Corned Mutton **$1.79** can	ਪੈਸੇਫਿਕ ਦੁੱਧ ਦਾ ਡੱਬਾ Pacific Evaporated Milk **67¢** can	ਪੰਜਾਬੀ ਟੀਂਡਾ Panjabi Tinda **69¢** can
ਕੌੜੀਆਂ ਲਾਲ ਮਿਰਚਾਂ Hot Red Chilly Powder **99¢** lb.	ਹਲਦੀ Haldi **99¢** lb.	ਮਟਰਾਂ ਦਾ ਬੇਸਣ Pea Flour **$1.89** 2 kg.	Sardines in Tomato Sauce 3 for **99¢** 5½ oz can	ਭਾਰੇ ਥੱਲੇ ਵਾਲੇ ਪਤੀਲੇ ਸਪੈਸ਼ਲ ਰੇਟ

ਇਹ ਕੂਪਨ ਲੈ ਕੇ ਆਉਣ ਵਾਲੇ ਨੂੰ ਸਪੈਸ਼ਲ ਰੇਟ ਤੇ ਗਰੌਸਰੀ ਮਿਲੇਗੀ । ਕੀਮਤਾਂ ਹੇਠਾਂ ਦਿੱਤੀਆਂ ਹਨ

Please bring this coupon with you to avail of the following extra special prices.

ਖੰਡ Sugar **$4.59** 10 kg. Max. 2 Bag	ਮੱਖਣ Butter Salted **$2.19** lb. Sale March 11th Onwards	ਨਵਾਬ ਚਾਹ Nabob Tea **3.59** 120 s Pkt Max. 4 pkts	ਅਸਲੀ ਪਾਨੀਪਤ ਦਾ ਪਚਰੰਗਾ ਆਚਾਰ Panipat Pachranga Achar **$1.49** tin 800 g. Max. 2 Tins	ਵੈਜੀਟੇਬਲ ਤੇਲ ਦੀ ਪੀਪੀ Vegetable Oil **$3.59** 3 lit. Max. 4 Containers

- Besides the above there are many more in store special prices.
- Sale ends on March 31, 1985 or till quantities last.
- We reserve the right to limit quantities. Plus many more in store SPECIALS